ਅਕਤੂਬਰ 2023

*2024 ਦੀ ਚੋਣ ਪ੍ਰਸ਼ਾਸਨ ਯੋਜਨਾ (EAP) ਦੇ ਫਾਈਨਲ ਦਾ ਨਵੀਨੀਕਰਨ*

# Yolo ਕਾਉਂਟੀ
# ਕੈਲੀਫੋਰਨੀਆ ਮਤਦਾਤਾ ਦੀ ਚੋਣ ਅਧਿਨਿਯਮ
# ਚੋਣ ਪ੍ਰਸ਼ਾਸਨ ਯੋਜਨਾ 2024 - 2028



Jesse Salinas
ਮੁਲਾਂਕਣਕਰਤਾ/ਕਲਰਕ-ਰਿਕਾਰਡਰ/ਚੋਣਾਂ
625 Court Street, Suite B-05
Woodland, CA 95695
(530) 666-8133
elections@yolocounty.org

elections@yolocounty.org

# ਕਾਉਂਟੀ ਔਫ਼ Yolo

ਚੋਣ ਦਫ਼ਤਰ

625 Court Street, Room B-05, Woodland CA 95695

(ਫ਼ੋਨ) 530.666.8133 (ਫੈਕਸ) 530.666.8123

ਅਕਤੂਬਰ 2023

ਪਿਆਰੇ ਮਤਦਾਤਾ,

ਮੈਨੂੰ ਮਤਦਾਤਾ ਦੀ ਚੋਣ ਅਧਿਨਿਯਮ (VCA) ਦੇ ਅਧੀਨ ਚੋਣਾਂ ਦੇ ਸਫਲਪ੍ਰਬੰਧਨ ਲਈ Yolo ਕਾਉਂਟੀ ਦੀ ਚੋਣ ਪ੍ਰਸ਼ਾਸਨ ਯੋਜਨਾ (EAP) ਦੀ ਪਹਿਲੀ ਅੱਪਡੇਟ ਪੇਸ਼ ਕਰਦਿਆਂ ਹੋਇਆਂ ਖੁਸ਼ੀ ਹੋ ਰਹੀ ਹੈ। ਇਹ ਸੰਸ਼ੋਧਿਤ ਚੋਣ ਪ੍ਰਸ਼ਾਸਨ ਯੋਜਨਾ ਮਤਦਾਤਾ ਦੀ ਚੋਣ ਅਧਿਨਿਯਮ ਦੇ ਤਹਿਤ 2022 ਦੀ ਚੋਣ ਸਾਈਕਲ ਦੌਰਾਨ ਸਾਡੇ ਦੁਆਰਾ ਦੇਖੀਆਂ ਗਈਆਂ ਮਹੱਤਵਪੂਰਨ ਪ੍ਰਾਪਤੀਆਂ ਨੂੰ ਦਰਸਾਉਂਦੀ ਹੈ ਅਤੇ ਭਵਿੱਖ ਵਿੱਚ ਲਗਾਤਾਰ ਪ੍ਰਾਪਤੀਆਂ ਲਈ ਪੜਾਅ ਤੈਅ ਕਰਦੀ ਹੈ।

Yolo ਕਾਉਂਟੀ ਦੀਆਂ ਚੋਣਾਂ ਵਿੱਚ ਸਾਡੇ ਭਾਈਚਾਰੇ ਦੇ ਮੈਂਬਰਾਂ ਤੋਂ ਮਿਲੀ ਅਨਮੋਲ ਫੀਡਬੈਕ ਅਤੇ ਰਾਇ ਸ਼ਾਮਲ ਕੀਤੀ ਗਈ ਹੈ ਅਤੇ ਸਾਨੂੰ ਇਹ ਚੋਣ ਪ੍ਰਸ਼ਾਸਨ ਯੋਜਨਾ ਪੇਸ਼ ਕਰਦਿਆਂ ਹੋਇਆਂ ਮਾਣ ਮਹਿਸੂਸ ਹੋ ਰਿਹਾ ਹੈ। ਅਸੀਂ ਤੁਹਾਨੂੰ ਨਵਿਆਉਣ ਦੀ ਪ੍ਰਕਿਰਿਆ ਦੌਰਾਨ ਆਪਣੀ ਸੂਝ-ਬੂਝ ਅਤੇ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੰਦੇ ਹਾਂ।

ਅਪਣਾਈ ਗਈ ਚੋਣ ਪ੍ਰਸ਼ਾਸਨ ਯੋਜਨਾ Yolo ਕਾਉਂਟੀ ਵਿੱਚ ਵੋਟ ਪਾਉਣ ਅਤੇ ਚੋਣਾਂ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਨੂੰ ਦਰਸਾਉਂਦੀ ਹੈ। ਇਹ ਮਤਦਾਤਾ ਦੀ ਚੋਣ ਅਧਿਨਿਯਮ ਦੇ ਵੱਖ-ਵੱਖ ਪਹਿਲੂਆਂ ਦੀ ਰੂਪਰੇਖਾ ਦਿੰਦੀ ਹੈ, ਜਿਸ ਵਿੱਚ ਸੁਚਾਰੂ ਢੰਗ ਨਾਲ ਡਾਕ ਰਾਹੀਂ-ਵੋਟ ਦੇਣ ਦੀ ਪ੍ਰਕਿਰਿਆ, ਸੁਵਿਧਾਜਨਕ ਵੋਟ ਕੇਂਦਰ, ਰਣਨੀਤਕ ਤੌਰ 'ਤੇ ਸਥਿਤ ਬੈਲਟ ਡ੍ਰੌਪ ਬੌਕਸ ਟਿਕਾਣੇ ਅਤੇ ਅਤਿ-ਆਧੁਨਿਕ ਤਕਨਾਲੋਜੀ ਸ਼ਾਮਲ ਹੈ ਜੋ ਸਾਡੇ ਚੋਣ ਸਿਸਟਮ ਨੂੰ ਬਿਹਤਰ ਬਣਾਉਂਦੀ ਹੈ।

ਚੋਣ ਪ੍ਰਸ਼ਾਸਨ ਯੋਜਨਾ ਦਾ ਇੱਕ ਮਹਤੱਵਪੂਰਨ ਘਟਕ ਹੈ “ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ” (ਪਹੁੰਚ ਯੋਜਨਾ), ਜੋ ਮਤਦਾਤਾ ਦੀ ਚੋਣ ਅਧਿਨਿਯਮ ਦੇ ਮਾਡਲ ਅਤੇ ਭਵਿੱਖ ਦੀਆਂ ਚੋਣਾਂ ਨੂੰ ਲਾਗੂ ਕਰਨ ਦੀ ਸਾਡੀ ਸਫਲਤਾ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।ਅਸੀਂ ਸਾਡੀ ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਅਤੇ ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਤੋਂ ਮਿਲਣ ਵਾਲੀ ਰਾਇ ਅਤੇ ਸੁਝਾਵਾਂ ਦੀ ਕਦਰ ਕਰਦੇ ਹਾਂ।ਜਨਤਕ ਭਾਈਚਾਰਕ ਆਊਟਰੀਚ ਮੀਟਿੰਗਾਂ ਦੌਰਾਨ ਪ੍ਰਾਪਤ ਫੀਡਬੈਕ ਅਤੇ ਦੋਵਾਂ ਸਲਾਹਕਾਰ ਕਮੇਟੀਆਂ ਦੁਆਰਾ ਪ੍ਰਦਾਨ ਕੀਤੀ ਗਈ ਸੂਝ-ਬੂਝ ਨੂੰ ਸ਼ਾਮਲ ਕਰਕੇ ਪਹੁੰਚ ਯੋਜਨਾ ਨੂੰ ਹੋਰ ਬਿਹਤਰ ਬਣਾਇਆ ਗਿਆ ਹੈ। ਤੁਸੀਂ ਸਮੀਖਿਆ ਦੀ ਮਿਆਦ ਦੇ ਦੌਰਾਨ ਪ੍ਰਾਪਤ ਹੋਈਆਂ ਜਨਤਕ ਟਿੱਪਣੀਆਂ ਅਤੇ ਅੰਤਿਕਾ । ਵਿੱਚ "ਜਨਤਕ ਟਿੱਪਣੀਆਂ" ਸੈਕਸ਼ਨ ਦੇ ਅਧੀਨ ਚੋਣ ਪ੍ਰਸ਼ਾਸਨ ਯੋਜਨਾ ਵਿੱਚ ਸ਼ਾਮਲ ਕੀਤੀਆਂ ਗਈਆਂ ਖਾਸ ਟਿੱਪਣੀਆਂ ਦਾ ਸੰਕਲਨ ਦੇਖ ਸਕਦੇ ਹੋ।

2022 ਦੀ ਚੋਣ ਸਾਈਕਲ ਦੌਰਾਨ ਮਤਦਾਤਾ ਦੀ ਚੋਣ ਅਧਿਨਿਯਮ ਮਾਡਲ ਦੇ ਨਾਲ ਸਾਨੂੰ ਮਿਲੀ ਸ਼ਾਨਦਾਰ ਸਫਲਤਾ ਦੇ ਆਧਾਰ 'ਤੇ, ਅਸੀਂ ਅੱਗੇ ਵਧਦੇ ਹੋਏ ਆਪਣੇ ਲਾਗੂ ਕਰਨ ਵਾਲੇ ਯਤਨਾਂ ਨੂੰ ਜਾਰੀ ਰੱਖਣ ਦੀ ਉਮੀਦ ਕਰਦੇ ਹਾਂ। ਮੇਰਾ ਸਮਰਪਿਤ ਸਟਾਫ਼ ਅਤੇ ਮੈਂ ਇੱਕ ਸ਼ਮੂਲੀਅਤ ਵਾਲੀ ਪ੍ਰਕਿਰਿਆ ਦੀ ਪਾਲਣਾ ਕਰਨ ਲਈ ਵਚਨਬੱਧ ਹਾਂ ਜੋ ਵੋਟ ਦੀ ਅਖੰਡਤਾ ਨੂੰ ਬਰਕਰਾਰ ਰੱਖਦੀ ਹੈ ਅਤੇ ਇੱਕ ਸੁਰੱਖਿਅਤ, ਪਾਰਦਰਸ਼ੀ, ਸਟੀਕ ਅਤੇ ਨਿਰਪੱਖ ਚੋਣ ਪ੍ਰਕਿਰਿਆ ਨੂੰ ਯਕੀਨੀ ਬਣਾਉਂਦੀ ਹੈ।

ਜੇਕਰ ਮਤਦਾਤਾ ਦੀ ਚੋਣ ਅਧਿਨਿਯਮ, ਆਗਾਮੀ ਚੋਣਾਂ, ਜਾਂ ਸਾਡੀ ਚੋਣ ਪ੍ਰਸ਼ਾਸਨ ਯੋਜਨਾ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ (530) 666-8133 'ਤੇ Yolo ਕਾਉਂਟੀ ਚੋਣਾਂ ਜਾਂ elections@yolocounty.org 'ਤੇ ਸੰਪਰਕ ਕਰੋ। ਅਸੀਂ ਤੁਹਾਨੂੰ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਇੱਥੇ ਮੌਜੂਦ ਹਾਂ।

ਨਵੇਂ ਉਤਸ਼ਾਹ ਅਤੇ ਅਟੁੱਟ ਸਮਰਪਣ ਦੇ ਨਾਲ, ਅਸੀਂ Yolo ਕਾਉਂਟੀ ਵਿੱਚ ਵੋਟ ਪਾਉਣ ਅਤੇ ਚੋਣਾਂ ਦੇ ਭਵਿੱਖ ਨੂੰ ਉਡੀਕਦੇ ਹਾਂ।



Jesse Salinas
Yolo ਕਾਉਂਟੀ ਮੁਲਾਂਕਣਕਰਤਾ/ਕਲਰਕ-ਰਿਕਾਰਡਰ/ਵੋਟਰਾਂ ਦੇ ਰਜਿਸਟਰਾਰ

# ਸਮੱਗਰੀ


**ਸੈਕਸ਼ਨ 1: ਚੋਣ ਪ੍ਰਸ਼ਾਸਨ ਯੋਜਨਾ** ..... 10

ਸੰਖੇਪ ਜਾਣਕਾਰੀ ..... 10

ਡਾਕ-ਰਾਹੀਂ-ਵੋਟ ਬੈਲਟ ..... 11

ਵੋਟ ਪਾਏ ਹੋਏ ਡਾਕ-ਰਾਹੀਂ-ਵੋਟ ਬੈਲਟ ਨੂੰ ਵਾਪਸ ਭੇਜਣਾ ..... 12

ਰਿਮੋਟ ਪਹੁੰਚਯੋਗ ਵਾਲਾ ਡਾਕ-ਰਾਹੀਂ-ਵੋਟ ..... 13

ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ ਟਿਕਾਣੇ ..... 14

ਵੋਟ ਕੇਂਦਰ ..... 15

ਵੋਟ ਕੇਂਦਰ ਫਾਰਮੂਲਾ ਅਤੇ ਟਿਕਾਣੇ ਸੰਬੰਧੀ ਗੌਰ ਕਰਨ ਲਾਇਕ ਗੱਲਾਂ ..... 16

ਅਸਮਰਥਤਾਵਾਂ ਵਾਲੇ ਵੋਟਰਾਂ ਲਈ ਵੋਟ ਕੇਂਦਰ ਤੱਕ ਪਹੁੰਚਯੋਗਤਾ ..... 17

ਵੋਟ ਕੇਂਦਰ ਦੇ ਦਿਨ ਅਤੇ ਕੰਮਕਾਜ ਦੇ ਘੰਟੇ ..... 18

ਵੋਟ ਕੇਂਦਰ ਦਾ ਖਾਕਾ ..... 19

ਵੋਟ ਕੇਂਦਰ ਵਿੱਚ ਸਟਾਫ਼ ਦੀ ਭਰਤੀ ਅਤੇ ਸਿਖਲਾਈ ..... 20

ਵੋਟ ਕੇਂਦਰਾਂ ਤੇ ਚੋਣਾਂ ਸੰਬੰਧੀ ਤਕਨੀਕ ..... 23

ਮੋਬਾਈਲ ਵੋਟ ਕੇਂਦਰ ..... 24

ਅਧਿਕਾਰਕ ਬੈਲਟ ਡ੍ਰੌਪ ਬੌਕਸ ..... 24

ਬੈਲਟ ਡ੍ਰੌਪ ਬੌਕਸ ਟਿਕਾਣੇ ਦੀ ਭਰਤੀ ਦੀ ਪ੍ਰਕਿਰਿਆ ..... 25

ਬੈਲਟ ਡ੍ਰੌਪ ਬੌਕਸ ਦੇ ਦਿਨ ਅਤੇ ਕੰਮਕਾਜ ਦੇ ਘੰਟੇ ..... 26

ਬੈਲਟ ਡ੍ਰੌਪ ਬੌਕਸ ਵਾਪਸੀ ਲਿਆਉਣ ਵਾਲੀਆਂ ਟੀਮਾਂ ..... 26

ਭਾਸ਼ਾ ਸੰਬੰਧੀ ਪਹੁੰਚ ਅਤੇ ਸਹਾਇਤਾ ..... 27

ਡਾਕ-ਰਾਹੀਂ-ਵੋਟ ਦੇਣ ਵਾਲੇ ਵੋਟਰਾਂ ਲਈ ਭਾਸ਼ਾ ਸਹਾਇਤਾ ..... 27

ਵਿਅਕਤੀਗਤ ਤੌਰ ਤੇ ਵੋਟ ਪਾਉਣ ਵਾਲੇ ਵੋਟਰਾਂ ਲਈ ਭਾਸ਼ਾ ਸਹਾਇਤਾ ..... 28

ਟੈਲੀਫੋਨ ਸੇਵਾਵਾਂ ..... 28

ਸੁਰੱਖਿਆ ਅਤੇ ਸੰਕਟਕਾਲੀਨ ਯੋਜਨਾਵਾਂ ..... 29


ਵੋਟ ਕੇਂਦਰਾਂ ਤੇ ਸੁਰੱਖਿਆ ਦੇ ਉਪਾਅ ..... 30

ਵੋਟ ਕੇਂਦਰ ਪ੍ਰਕਿਰਿਆ ਵਿੱਚ ਰੁਕਾਵਟ ਨੂੰ ਰੋਕਣਾ ..... 31

ਰੁਕਾਵਟ ਆਉਣ ਦੀ ਸਥਿਤੀ ਵਿੱਚ ਕਾਰਵਾਈਆਂ ਦੀ ਨਿਰੰਤਰਤਾ ..... 31

ਆਰਥਿਕ ਪ੍ਰਭਾਵ ਅਤੇ ਲਾਗਤ ਦੀ ਤੁਲਨਾਵਾਂ.......... 32
ਆਊਟਰੀਚ (ਪਹੁੰਚ) ਦੇ ਖਰਚੇ .......... 32
ਪਹੁੰਚਯੋਗਤਾ ਅਤੇ ਭਾਗੀਦਾਰੀ ਸੰਬੰਧੀ ਅਸਮਾਨਤਾਵਾਂ ਨਾਲ ਨਿਪਟਦੇ ਹੋਏ ਅੱਗੇ ਵਧਣਾ .......... 33
**ਸੈਕਸ਼ਨ 2: ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ** .......... 36
ਸੰਖੇਪ ਜਾਣਕਾਰੀ ਅਤੇ ਆਮ ਲੋੜਾਂ .......... 36
ਭਾਈਚਾਰੇ ਵਿੱਚ ਮੌਜੂਦਗੀ.......... 36
ਡਿਜਿਟਲ ਪਹੁੰਚਯੋਗਤਾ .......... 37
ਭਾਈਚਾਰਕ ਭਾਈਵਾਲ .......... 37
ਵਿਅਕਤੀਗਤ ਵੋਟਰ ਨੈੱਟਵਰਕ .......... 38
ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ .......... 38
ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ .......... 39
ਭਾਸ਼ਾਈ ਤੌਰ ਤੇ ਘੱਟ ਗਿਣਤੀ ਵਾਲੇ ਭਾਈਚਾਰਿਆਂ ਦੀ ਸਿੱਖਿਆ ਅਤੇ ਪਹੁੰਚ .......... 40
ਸਿੱਧੇ ਵੋਟਰ ਨਾਲ ਸੰਪਰਕ .......... 42
ਗੈਰ-ਪ੍ਰਤੱਖ ਵੋਟਰ ਸੰਪਰਕ .......... 43
**ਸੈਕਸ਼ਨ 3: ਅੰਤਿਕਾਵਾਂ** .......... 46
ਅੰਤਿਕਾ A | ਭਾਸ਼ਾ ਸੰਬਧੀ ਲੋੜਾਂ .......... 48
ਅੰਤਿਕਾ B | ਪ੍ਰਸਤਾਵਿਤ ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ .......... 50
ਵੋਟ ਕੇਂਦਰ, ਮੋਬਾਈਲ ਵੋਟ ਕੇਂਦਰ, ਅਤੇ ਬੈਲਟ ਡ੍ਰੌਪ ਬੌਕਸਾਂ ਦੇ ਟਿਕਾਣੇ.......... 50
ਵੋਟ ਕੇਂਦਰ, ਮੋਬਾਈਲ ਵੋਟ ਕੇਂਦਰ, ਅਤੇ ਬੈਲਟ ਡ੍ਰੌਪ ਬੌਕਸ ਕੰਮਕਾਜ ਦੇ ਘੰਟੇ .......... 57
ਅੰਤਿਕਾ C | ਵੋਟ ਕੇਂਦਰ ਸਹੂਲਤ ਦਾ ਖਾਕਾ .......... 59
UC Davis – ARC ਬਾੱਲਰੂਮ A&B (2022).......... 60
ਵੈਟਰਨਜ਼ ਮੈਮੋਰੀਅਲ ਸੈਂਟਰ - ਬਹੁ-ਉਦੇਸ਼ੀ ਕਮਰਾ (2022) * .......... 61
Montgomery ਐਲੀਮੈਂਟਰੀ ਸਕੂਲ – ਬਹੁ-ਉਦੇਸ਼ੀ ਕਮਰਾ (2022) .......... 62

Emerson ਜੂਨਿਅਰ ਹਾਈ ਸਕੂਲ - ਇਨਡੋਰ Commons (ਬਹੁ-ਉਦੇਸ਼ੀ) (2022)




63

Esparto ਕਮਿਊਨਿਟੀ ਹਾਲ (2022) ........ 64

Bridgeway Lakes ਬੋਟਹਾਊਸ (2022) ........ 66

West Sacramento ਸਿਟੀ ਹਾਲ ਗੈਲੇਰਿਆ – ਕਮਰੇ 157 ਅਤੇ 160 (2022) * ........ 67

Bryte CCT – Bryte Café (2022) ਬ੍ਰਾਇਟ CCT (ਕੈਰੀਅਰ ਅਤੇ ਕਾਲਜ ਸਿਖਲਾਈ) ਕੇਂਦਰ ਦਾ Bryte Café ............. 68

Winters ਜਨਤਕ ਸੁਰੱਖਿਆ ਸਹੂਲਤ - EOC ਸਿਖਲਾਈ ਕਮਰਾ (2022) * ............. 69

Woodland ਹਾਈ ਸਕੂਲ - ਜਿਮਨੇਜ਼ੀਅਮ (2022) ............. 70

Pioneer ਹਾਈ ਸਕੂਲ - ਕੈਫੇਟੇਰੀਆ (2022) * ............. 71

Woodland ਕਮਿਊਨਿਟੀ ਅਤੇ ਸੀਨਿਅਰ ਸੈਂਟਰ - ਬਾੱਲਰੂਮ 3 (2022) ............. 72

ਮੋਬਾਈਲ ਵੋਟ ਕੇਂਦਰ (2022) ............. 73

ਅੰਤਿਕਾ D | ਸਲਾਹਕਾਰ ਕਮੇਟੀਆਂ ............. 75

ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦਾ ਗਠਨ ............. 75

ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਮੀਟਿੰਗ ਦੀ ਸਮਾਂ-ਸਾਰਣੀ ............. 75

ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਮੀਟਿੰਗ ਦੀ ਸਮਾਂ-ਸਾਰਣੀ ............. 77

ਅੰਤਿਕਾ E | ਭਾਈਚਾਰਕ ਭਾਈਵਾਲ ਅਤੇ ਸਮਾਗਮ ............. 80

ਭਾਈਚਾਰਕ ਸਮਾਗਮ ............. 84

ਸੋਸ਼ਲ ਮੀਡੀਆ ਤਸਵੀਰਾਂ ਦੇ ਨਮੂਨੇ ਜੋ ਚੋਣ ਪ੍ਰਸ਼ਾਸਨ ਦੀ ਯੋਜਨਾ ਲਈ ਸਲਾਹ-ਮਸ਼ਵਿਰੇ ਦੀਆਂ ਮੀਟਿੰਗਾਂ ਦੀਆਂ ਤਾਰੀਖ਼ਾਂ ਅਤੇ ਸਮੇਂ ਦੀ ਚੋਣ ਕਰਨ ਲਈ ਸੱਦਾ ਦਿੰਦੇ ਹਨ ............. 84

ਫਲਾਇਰ ਦੇ ਨਮੂਨੇ ਜੋ ਚੋਣ ਪ੍ਰਸ਼ਾਸਨ ਦੀ ਯੋਜਨਾ ਲਈ ਸਲਾਹ-ਮਸ਼ਵਿਰੇ ਦੀਆਂ ਮੀਟਿੰਗਾਂ ਵਿੱਚ ਸੱਦਾ ਦਿੰਦੇ ਹਨ ............. 85

ਮਹਿਲਾ ਮਤਦਾਤਾਵਾਂ ਲਈ ਫਲਾਇਰਜ਼ ਦੀ ਲੀਗਸ ਦੇ ਨਾਲ ਹਾਈ ਸਕੂਲ ਯੂਥ ਵੋਟਰ ਰਜਿਸਟ੍ਰੇਸ਼ਨ ਡਰਾਈਵ ਦੇ ਨਮੂਨੇ ............. 85

ਅੰਤਿਕਾ F | ਮੀਡੀਆ ਭਾਈਵਾਲ ............. 88

ਅੰਤਿਕਾ G | ਡਾਇਰੈਕਟ-ਟੂ-ਵੋਟਰ ਸੰਪਰਕ ਸਮੱਗਰੀ ............. 92

ਅੰਤਿਕਾ H | ਨਕਸ਼ੇ ਅਤੇ ਸਥਾਨਿਕ ਡੇਟਾ ............. 120

ਵੋਟ ਕੇਂਦਰ ਦੇ ਨਕਸ਼ੇ ............. 120

ਬੈਲਟ ਡ੍ਰੌਪ ਬੌਕਸ ਨਕਸ਼ੇ ............. 123

ਜਨਤਕ ਆਵਾਜਾਈ ਦੇ ਰਸਤੇ ............. 126

ਸਮਾਵੇਸ਼ੀ ਲੋਕਤੰਤਰ ਦੇ ਕੇਂਦਰ ਦੇ ਨਕਸ਼ੇ ............. 131

ਉਹ ਖੇਤਰ ਜਿੱਥੇ ਡਾਕ-ਰਾਹੀਂ-ਵੋਟ ਦਾ ਇਸਤੇਮਾਲ ਕਾਫ਼ੀ ਘੱਟ ਹੁੰਦਾ ਹੈ ............. 135

ਕਾਉਂਟੀ ਜਨਸੰਖਿਆ ਦਾ ਸਥਾਨਿਕ ਵਿਸ਼ਲੇਸ਼ਣ ............. 139

ਅੰਤਿਕਾ I | ਜਨਤਕ ਟਿੱਪਣੀਆਂ ............. 152

ਅੰਤਿਕਾ J | ਨਮੂਨਾ ਐਮਰਜੈਂਸੀ ਰਿਸਪਾਂਸ ਪਲਾਨ ............. 198

ਸੰਖੇਪ ਜਾਣਕਾਰੀ ..... 202
Yolo ਕਾਉਂਟੀ ਦੇ ਚੋਣ ਦਫ਼ਤਰ ਦੀ ਐਮਰਜੈਂਸੀ ਵੇਲੇ ਪ੍ਰਤੀਕਿਰਿਆ ਯੋਜਨਾ ..... 203
ਚੇਤਾਵਨੀ #1 ਦੀ ਡਿਗਰੀ: ਵਧੀ ਹੋਈ ਸੁਰੱਖਿਆ ..... 203
ਚੇਤਾਵਨੀ #2 ਦੀ ਡਿਗਰੀ: ਪਬਲਿਕ ਅਤੇ ਸਟਾਫ਼ ਨੂੰ ਬਾਹਰ ਕੱਢਣਾ ..... 204
ਬੇਸਲਾਈਨ ਸੁਰੱਖਿਆ ਮਿਆਰ ..... 205
ਸਪੁਰਦ ਕੀਤੀਆਂ ਭੂਮਿਕਾਵਾਂ ਅਤੇ ਸੌਂਪੀ ਗਈ ਅਥਾਰਟੀ ..... 205
ਅਭਿਆਸ / ਨਵੇਂ ਕਰਮਚਾਰੀ ਦੀ ਓਰੀਏਨਟੇਸ਼ਨ ..... 206
ਅੱਗ ਬੁਝਾਉਣ ਵਾਲੇ ਯੰਤਰ, ਫਸਟ ਏਡ ਕਿੱਟਾਂ, ਫਲੈਸ਼ਲਾਈਟਾਂ ਅਤੇ ਪਾਣੀ ..... 206
ਭੌਤਿਕ ਉਪਾਅ ..... 207
ਸਾਈਬਰ-ਸੁਰੱਖਿਆ ਦੇ ਜੋਖ਼ਮ ਦਾ ਪ੍ਰਬੰਧਨ ..... 207
ਸਰਵਰ ਅਤੇ ਨੈੱਟਵਰਕ ਬੈਕਅੱਪ ..... 208
ਕੰਮ ਦੇ ਸਮੇਂ ਤੋਂ ਬਾਹਰ ਵੇਲੇ ਦੀ ਐਮਰਜੈਂਸੀ ..... 209
ਕਾਉਂਟੀ ਪ੍ਰਸ਼ਾਸਨ ਦੀ ਇਮਾਰਤ 'ਚੋਂ ਨਿਕਾਸੀ ..... 209
ਪ੍ਰਸ਼ਾਸਨ ..... 210
ਡਾਕ-ਰਾਹੀਂ-ਵੋਟ ..... 210
ਪ੍ਰਚਾਰ ਸੇਵਾਵਾਂ ..... 211
ਰਜਿਸਟ੍ਰੇਸ਼ਨ ਅਤੇ ਆਊਟਰੀਚ ਸੇਵਾਵਾਂ ..... 211
ਪ੍ਰਾਂਤ ਦੇ ਕੰਮਕਾਜ ..... 212
ਚੋਣ ਦਫ਼ਤਰ ਦਾ ਸੰਸਾਧਨ ਖੇਤਰ ..... 213
ਖਾਸ ਸਥਿਤੀਆਂ ..... 214
ਵੋਟਿੰਗ ਸਿਸਟਮ ਅਤੇ ਤਕਨਾਲੋਜੀ ..... 214
ਸਾਈਬਰ ਸੁਰੱਖਿਆ ਘਟਨਾ ਪ੍ਰਤੀਕਿਰਿਆ ..... 216
ਕਿਸੇ ਇਕੱਲੇ ਵੋਟ ਕੇਂਦਰ ਤੇ ਐਮਰਜੈਂਸੀ ..... 217
ਇੱਕ ਤੋਂ ਵੱਧ ਵੋਟ ਪਾਉਣ ਟਿਕਾਣਿਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਐਮਰਜੈਂਸੀਆਂ ..... 219
ਵੋਟ ਕੇਂਦਰ ..... 219
ਕਲੈਕਸ਼ਨ ਰੂਟਾਂ ਜਾਂ ਫੀਲਡ ਸਟਾਫ਼ ਨੂੰ ਪ੍ਰਭਾਵਿਤ ਕਰਨ ਵਾਲੀਆਂ ਐਮਰਜੈਂਸੀਆਂ ..... 220
ਟੈਲੀਫੋਨ ਸਿਸਟਮ ਡਾਊਨ (ਖਰਾਬ) ਹੋਣਾ ..... 220

ਪਾਵਰ ਜਾਂ ਤਕਨਾਲੋਜੀ ਦਾ ਖਰਾਬ ਹੋਣਾ ....... 221
ਕਰਮਚਾਰੀਆਂ ਜਾਂ ਪੋਲ ਕਰਮੀਆਂ ਦੀ ਕਮੀ ਹੋਣਾ ....... 222
ਚੋਣਾਂ ਤੋਂ ਬਾਅਦ ਦੇ ਪ੍ਰਚਾਰ ਦੀ ਮਿਆਦ ....... 223
ਮੈਨੁਅਲ ਸਿਸਟਮ ਨਾਲ ਚੋਣ ਕਰਵਾਉਣਾ ....... 223
ਐਮਰਜੈਂਸੀ ਵੇਲੇ ਸੰਚਾਰ-ਵਿਵਸਥਾ ਦੀ ਯੋਜਨਾ ....... 224
ਵਿਕਲਪਕ ਸੰਚਾਰ ....... 225
ਰਿਕਾਰਡਾਂ ਦੀ ਸੁਰੱਖਿਆ ਅਤੇ ਪੁਨਰ-ਬਹਾਲੀ ....... 225
ਗਿਣੇ ਗਏ ਅਤੇ ਬਿਨਾਂ ਗਿਣੇ ਹੋਏ ਬੈਲਟ ....... 225
ਅੰਤਿਕਾ K | ਆਪਸੀ ਸਹਾਇਤਾ ਸਮਝੌਤਾ ਮੈਮੋਰੈਂਡਮ: ਬੈਕ-ਅੱਪ ਐਮਰਜੈਂਸੀ ਵੋਟ ਗਿਣਨ ਦੀਆਂ ਸੇਵਾਵਾਂ ਲਈ ਸਮਝੌਤਾ ....... 228
ਅੰਤਿਕਾ L | ਸੰਖੇਪ ਸ਼ਬਦ ਅਤੇ ਸ਼ਬਦਾਵਲੀ ....... 233
ਅੰਤਿਕਾ M | ਵਿਧਾਨ ਅਤੇ ਕੋਡ ਦੇ ਹਵਾਲੇ ....... 255
ਕੈਲੀਫੋਰਨੀਆ ਚੋਣ ਕੋਡ §4005 ....... 255
ਕੈਲੀਫ਼ੋਰਨੀਆ ਕੋਡ ਦੇ ਨਿਯਮਾਂ ਦਾ ਹਵਾਲਾ ....... 271

# ਸੈਕਸ਼ਨ 1: ਚੋਣ ਪ੍ਰਸ਼ਾਸਨ ਯੋਜਨਾ

## ਸੰਖੇਪ ਜਾਣਕਾਰੀ

EC §4005(a)(10)(I)(i)(VI)

Yolo ਕਾਉਂਟੀ ਕੈਲੀਫੋਰਨੀਆ ਦੀ ਮੂਲ ਕਾਉਂਟੀ ਵਿੱਚੋਂ ਇੱਕ ਸੀ, ਜੋ ਕਿ 1850 ਵਿੱਚ ਰਾਜ ਦਾ ਦਰਜਾ ਮਿਲਣ ਵੇਲੇ 1,086 ਦੀ ਅਨੁਮਾਨਿਤ ਆਬਾਦੀ ਦੇ ਨਾਲ ਬਣਾਈ ਗਈ ਸੀ। Yolo ਕਾਉਂਟੀ ਚੋਣ ਦਫ਼ਤਰ Yolo ਕਾਉਂਟੀ ਮੁਲਾਂਕਣਕਰਤਾ/ਕਲਰਕ-ਰਿਕਾਰਡਰ/ਵੋਟਰਾਂ ਦੇ ਰਜਿਸਟਰਾਰ ਦੁਆਰਾ ਨਿਰਦੇਸ਼ਿਤ ਤਿੰਨ ਸਹਿਯੋਗੀ ਏਜੰਸੀਆਂ ਵਿੱਚੋਂ ਇੱਕ ਹੈ, ਜੋ ਹਰ ਚਾਰ ਸਾਲਾਂ ਵਿੱਚ ਚੁਣਿਆ ਜਾਂਦਾ ਹੈ। ਕਿਉਂਕਿ ਚੋਣਾਂ ਸਾਡੇ ਲੋਕਤੰਤਰ ਲਈ ਬੁਨਿਆਦੀ ਹਨ, ਚੋਣਾਂ ਦੀ ਨਿਰਪੱਖਤਾ ਅਤੇ ਸਟੀਕਤਾ ਵਿੱਚ ਜਨਤਾ ਦਾ ਵਿਸ਼ਵਾਸ ਹੋਣਾ ਬਹੁਤ ਜ਼ਰੂਰੀ ਹੈ। ਅਸੀਂ ਹਰ ਉਮੀਦਵਾਰ, ਹਰ ਵੋਟਰ ਅਤੇ ਹਰ ਮੁਹਿੰਮ ਨੂੰ ਇੱਕੋ ਜਿਹੀ ਸ਼ਾਨਦਾਰ ਸੇਵਾ ਪ੍ਰਦਾਨ ਕਰਦੇ ਹਾਂ।

2016 ਵਿੱਚ, ਸੈਨੇਟ ਬਿੱਲ 450 ਨੇ ਮਤਦਾਤਾ ਦੀ ਚੋਣ ਅਧਿਨਿਯਮ ਬਣਾਇਆ। 2018 ਵਿੱਚ, ਪੰਜ ਕਾਉਂਟੀਆਂ ਮਤਦਾਤਾ ਦੀ ਚੋਣ ਅਧਿਨਿਯਮ (Madera, Napa, Nevada, Sacramento, ਅਤੇ San Mateo) ਵਿੱਚ ਤਬਦੀਲ ਹੋਈਆਂ ਸਨ। ਮਤਦਾਤਾ ਦੀ ਚੋਣ ਅਧਿਨਿਯਮ ਮਾਡਲ ਲੋੜੀਂਦਾ ਬਣਾਉਂਦਾ ਹੈ ਕਿ ਹਰੇਕ ਵੋਟਰ ਨੂੰ ਇੱਕ ਡਾਕ-ਰਾਹੀਂ-ਵੋਟ (vote-by-mail, VBM) ਬੈਲਟ ਪ੍ਰਾਪਤ ਹੁੰਦਾ ਹੈ, ਅਤੇ ਵੋਟ ਕੇਂਦਰ ਰਵਾਇਤੀ ਪੋਲਿੰਗ ਟਿਕਾਣਿਆਂ ਦੀ ਥਾਂ ਲੈਂਦੇ ਹਨ। ਮਾਰਚ 2020 ਦੀਆਂ ਰਾਸ਼ਟਰਪਤੀ ਪ੍ਰਾਇਮਰੀ ਚੋਣਾਂ ਵਿੱਚ ਰਵਾਇਤੀ ਪੋਲਿੰਗ ਸਥਾਨ ਮਾਡਲ ਦੇ ਤਹਿਤ, Yolo ਕਾਉਂਟੀ ਵਿੱਚ ਇੱਕ ਦਿਨ ਲਈ 96 ਪੋਲਿੰਗ ਸਥਾਨ ਖੁੱਲ੍ਹੇ ਸਨ। ਕੋਰੋਨਾਵਾਇਰਸ ਮਹਾਂਮਾਰੀ-ਸੰਬੰਧਿਤ ਨਿੱਜੀ ਸੁਰੱਖਿਆ ਨਿਯਮਾਂ ਦੇ ਕਾਰਨ, Yolo ਕਾਉਂਟੀ ਨੇ ਨਵੰਬਰ 2020 ਦੀਆਂ ਰਾਸ਼ਟਰਪਤੀ ਪੱਦ ਦੀਆਂ ਆਮ ਚੋਣਾਂ ਅਤੇ ਸਤੰਬਰ 2021 ਗਵਰਨਰ ਨੂੰ ਰੀਕਾਲ ਕਰਨ ਵਾਲੀਆਂ ਚੋਣਾਂ ਲਈ ਉਨ੍ਹਾਂ ਰਵਾਇਤੀ ਪੋਲਿੰਗ ਟਿਕਾਣਿਆਂ ਨੂੰ ਵੋਟਰ ਸਹਾਇਤਾ ਕੇਂਦਰਾਂ ਨਾਲ ਤਬਦੀਲ ਕਰ ਦਿੱਤਾ ਸੀ। ਹਰੇਕ ਵੋਟਰ ਸਹਾਇਤਾ ਕੇਂਦਰ ਚਾਰ ਦਿਨਾਂ ਲਈ ਖੁੱਲ੍ਹਿਆ ਸੀ। 2022 ਵਿੱਚ, Yolo ਕਾਉਂਟੀ ਅਧਿਕਾਰਕ ਤੌਰ ਤੇ ਇੱਕ ਮਤਦਾਤਾ ਦੀ ਚੋਣ ਅਧਿਨਿਯਮ ਵਾਲੀ ਕਾਉਂਟੀ ਬਣ ਗਈ ਅਤੇ ਮਤਦਾਤਾ ਦੀ ਚੋਣ ਅਧਿਨਿਯਮ ਦੇ ਤਹਿਤ ਦੋਵੇਂ ਰਾਜ ਵਿਆਪੀ ਚੋਣਾਂ ਸਫਲਤਾਪੂਰਵਕ ਕਰਵਾਈਆਂ ਗਈਆਂ।

ਮਤਦਾਤਾ ਦੀ ਚੋਣ ਅਧਿਨਿਯਮ ਦੇ ਤਹਿਤ, Yolo ਕਾਉਂਟੀ ਵਿੱਚ ਘੱਟੋ-ਘੱਟ 13 ਵੋਟਰ ਕੇਂਦਰਾਂ ਦਾ ਸੰਚਾਲਨ ਕਰਨਾ ਜਾਰੀ ਰੱਖੇਗੀ, ਜਿਨ੍ਹਾਂ ਵਿੱਚ ਤਿੰਨ 11 ਦਿਨਾਂ ਲਈ ਅਤੇ ਦਸ ਚਾਰ ਦਿਨਾਂ ਲਈ ਖੁੱਲ੍ਹੇ ਰਹਿਣਗੇ, ਜਿਸ ਵਿੱਚ ਸ਼ਨੀਵਾਰ-ਐਤਵਾਰ, ਛੁੱਟੀਆਂ ਅਤੇ ਚੋਣ ਵਾਲਾ ਦਿਨ ਸ਼ਾਮਲ ਹਨ। ਇੱਕ ਮੋਬਾਈਲ ਵੋਟ ਕੇਂਦਰ ਉਹ ਸਾਰੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ ਜੋ ਤੁਸੀਂ ਵੋਟ ਕੇਂਦਰਾਂ 'ਤੇ ਪ੍ਰਾਪਤ ਕਰੋਗੇ ਅਤੇ Clarksburg, Dunnigan, Guinda, Knights Landing, Madison, Yolo, ਅਤੇ Zamora ਟਾਊਨਸ਼ਿਪਾਂ ਦਾ ਦੌਰਾ ਕਰੇਗਾ। ਮਤਦਾਤਾ ਦੀ ਚੋਣ ਅਧਿਨਿਯਮ ਮਾਡਲ ਦੇ ਤਹਿਤ ਵਾਧੂ 16 ਸੁਰੱਖਿਅਤ ਬੈਲਟ ਡ੍ਰੌਪ ਬੌਕਸ ਜੋੜੇ ਜਾਣਗੇ ਜੋ ਚੋਣਾਂ ਵਾਲੇ ਦਿਨ ਸਮੇਤ 30 ਦਿਨਾਂ ਲਈ ਖੁੱਲ੍ਹੇ ਰਹਿਣਗੇ। Yolo ਦੇ ਵੋਟਰ 13 ਵੋਟ ਕੇਂਦਰਾਂ ਜਾਂ ਮੋਬਾਈਲ ਵੋਟ ਕੇਂਦਰ ਵਿੱਚੋਂ ਕਿਸੇ 'ਤੇ ਵੀ ਵੋਟ ਪਾਉਣ ਦੀ ਚੋਣ ਕਰ ਸਕਦੇ ਹਨ, ਜੋ ਸਾਰੇ ਮੰਗ ਕਰਨ 'ਤੇ ਬੈਲਟ ਅਤੇ ਵੋਟਰ ਰਜਿਸਟ੍ਰੇਸ਼ਨ ਸਮੇਤ ਉੱਚ ਪੱਧਰੀ ਸੇਵਾ ਪ੍ਰਦਾਨ ਕਰਦੇ ਹਨ।

ਘੱਟੋ-ਘੱਟ 30 ਥਾਂਵਾਂ (13 ਵੋਟ ਕੇਂਦਰ, ਮੋਬਾਈਲ ਵੋਟ ਕੇਂਦਰ, 16 ਬੈਲਟ ਡ੍ਰੌਪ ਬੌਕਸ ਅਤੇ ਨਾਲ ਹੀ ਨਾਲ Yolo ਕਾਉਂਟੀ ਦਾ ਚੋਣ ਦਫ਼ਤਰ ਆਪ ਵੀ) ਡਾਕ-ਰਾਹੀਂ-ਵੋਟ ਬੈਲਟ ਜਮ੍ਹਾਂ ਕਰਾਉਣ ਲਈ ਉਪਲਬਧ ਹੋਣਗੇ। ਵੋਟਰ ਆਪਣੇ ਡਾਕ-ਟਿਕਟ ਅਦਾ ਕੀਤੇ ਹੋਏ ਡਾਕ-ਰਾਹੀਂ-ਵੋਟ ਬੈਲਟ ਡਾਕ ਰਾਹੀਂ ਵੀ ਭੇਜ ਸਕਦੇ ਹਨ। ਚੋਣਾਂ ਕਰਵਾਉਣ ਦੇ ਇਸ ਵਿਕਲਪਿਕ ਤਰੀਕੇ ਦੇ ਵੋਟਰਾਂ ਲਈ ਬਹੁਤ ਸਾਰੇ ਫਾਇਦੇ ਹਨ, ਜਿਵੇਂ ਕਿ ਮਹਾਂਮਾਰੀ ਦੌਰਾਨ ਆਯੋਜਿਤ ਕੀਤੀਆਂ ਗਈਆਂ ਚੋਣਾਂ ਵਿੱਚ ਦਰਸਾਇਆ ਗਿਆ ਸੀ। ਮਤਦਾਤਾ ਦੀ ਚੋਣ ਅਧਿਨਿਯਮ ਦੀ ਸੁਵਿਧਾ ਚੋਣ ਮਾਡਲ ਵੋਟਰਾਂ ਦੀ ਭਾਗੀਦਾਰੀ ਅਤੇ ਅਸਮਰਥਤਾਵਾਂ ਵਾਲੇ ਵੋਟਰਾਂ ਦੀ ਪਹੁੰਚ

ਵਿੱਚ ਵਾਧਾ ਕਰਕੇ Yolo ਕਾਉਂਟੀ ਦੇ ਨਿਵਾਸੀਆਂ ਦੀ ਮਦਦ ਕਰੇਗਾ।

Yolo ਕਾਉਂਟੀ ਚੋਣ ਦਫ਼ਤਰ ਨੇ ਅਗਸਤ 2021 ਵਿੱਚ ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਅਤੇ ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਸਥਾਪਨਾ ਕੀਤੀ ਸੀ।

Yolo ਕਾਉਂਟੀ ਚੋਣ ਦਫ਼ਤਰ ਦਾ ਚੋਣ ਪ੍ਰਸ਼ਾਸਨ ਯੋਜਨਾ ਦਾ ਸੰਸ਼ੋਧਿਤ ਡਰਾਫਟ ਤਿਆਰ ਕਰਨਾ ਲਾਜ਼ਮੀ ਹੈ। ਚੋਣ ਪ੍ਰਸ਼ਾਸਨ ਯੋਜਨਾ Yolo ਕਾਉਂਟੀ ਦੇ ਵੋਟਰਾਂ ਨੂੰ ਮਤਦਾਤਾ ਦੀ ਚੋਣ ਅਧਿਨਿਯਮ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਡਾਕ-ਰਾਹੀਂ-ਵੋਟ ਪ੍ਰਕਿਰਿਆ, ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ ਦੇ ਟਿਕਾਣਿਆਂ, ਅਤੇ ਚੋਣ ਦਫ਼ਤਰ ਦੁਆਰਾ ਚੋਣਾਂ ਕਰਵਾਉਣ ਲਈ ਵਰਤੀ ਜਾਣ ਵਾਲੀ ਤਕਨਾਲੋਜੀ ਦਾ ਵੇਰਵਾ ਦਿੰਦੀ ਹੈ। ਇਹ ਸਾਡੀ ਵੋਟਰ ਆਊਟਰੀਚ (ਪਹੁੰਚ) ਯੋਜਨਾ ਦੀ ਰੂਪਰੇਖਾ ਵੀ ਦੱਸਦੀ ਹੈ। Yolo ਕਾਉਂਟੀ ਦਾ ਚੋਣ ਦਫ਼ਤਰ ਭਾਈਚਾਰੇ ਦੀਆਂ ਆਊਟਰੀਚ ਮੀਟਿੰਗਾਂ ਵੀ ਆਯੋਜਿਤ ਕਰੇਗਾ।

ਅਸੀਂ ਇਸ ਚੋਣ ਪ੍ਰਸ਼ਾਸਨ ਯੋਜਨਾ ਦੇ ਨਾਲ ਇੱਕ ਸੰਖੇਪ ਸ਼ਬਦ ਅਤੇ ਸ਼ਬਦਾਵਲੀ ਸ਼ਾਮਲ ਕੀਤੀ ਹੈ ਜੋ ਤੁਸੀਂ ਅੰਤਿਕਾ L ਵਿੱਚ ਦੇਖ ਸਕਦੇ ਹੋ। ਇਸ ਸ਼ਬਦਾਵਲੀ ਦਾ ਉਦੇਸ਼ ਚੋਣ ਪ੍ਰਸ਼ਾਸਨ ਯੋਜਨਾ ਦੇ ਪਾਠਕ ਨੂੰ ਚੋਣ ਪ੍ਰਕਿਰਿਆ ਦੀ ਬਿਹਤਰ ਸਮਝ ਪ੍ਰਦਾਨ ਕਰਨਾ ਅਤੇ ਦਸਤਾਵੇਜ਼ ਦੇ ਅੰਦਰ ਵਰਤੇ ਗਏ ਕੁਝ ਸ਼ਬਦਾਂ ਨੂੰ ਪਰਿਭਾਸ਼ਿਤ ਕਰਨਾ ਹੈ। ਸੂਖਮ ਲੋੜਾਂ ਦੇ ਸਪਸ਼ਟੀਕਰਨ ਅਤੇ ਸਮਝ ਲਈ, ਜੋ ਕੁਝ ਸ਼ਬਦਾਂ ਨਾਲ ਸੰਬੰਧਿਤ ਹਨ, ਚੋਣ ਪ੍ਰਸ਼ਾਸਨ ਯੋਜਨਾ ਦੀਆਂ ਵਿਸ਼ੇਸ਼ਤਾਵਾਂ ਨੂੰ ਵੇਖੋ।

**ਆਊਟਰੀਚ ਦਾ ਸਾਰ:** Yolo ਕਾਉਂਟੀ ਭਾਈਚਾਰੇ ਦੇ ਮੈਂਬਰਾਂ ਵਾਲੀਆਂ ਸਾਡੀਆਂ ਦੋ ਸਲਾਹਕਾਰ ਕਮੇਟੀਆਂ (ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਅਤੇ ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ) ਅਤੇ ਭਾਈਚਾਰੇ ਦੇ ਹੋਰ ਨੁਮਾਇੰਦੀਆਂ ਦੇ ਨਾਲ ਕੰਮ ਕਰਨਾ ਜਾਰੀ ਰੱਖੇਗੀ ਜਦੋਂਕਿ ਅਸੀਂ ਮਤਦਾਤਾ ਦੀ ਚੋਣ ਅਧਿਨਿਯਮ ਦੀ ਪਾਲਣਾ ਕਰਦੇ ਹਾਂ। ਵੋਟਰ ਸਿੱਖਿਆ ਅਤੇ ਪਹੁੰਚ ਦੀਆਂ ਕੋਸ਼ਿਸ਼ਾਂ ਪ੍ਰਿੰਟ, ਸੋਸ਼ਲ ਮੀਡੀਆ, ਰੇਡੀਓ ਅਤੇ ਟੈਲੀਵਿਜ਼ਨ ਸਮੇਤ ਵੱਖ-ਵੱਖ ਮੀਡੀਆ ਦੀ ਵਰਤੋਂ ਕਰਨਗੀਆਂ। ਹਰੇਕ ਵੋਟਰ ਨੂੰ ਡਾਕ ਰਾਹੀਂ ਦੋ ਚਿੱਠੀਆਂ ਪ੍ਰਾਪਤ ਹੋਣਗੀਆਂ ਜਿਸ ਵਿੱਚ ਦੱਸਿਆ ਗਿਆ ਹੈ ਕਿ ਸਾਰੇ ਵੋਟਰਾਂ ਨੂੰ ਡਾਕ-ਰਾਹੀਂ-ਵੋਟ ਬੈਲਟ ਪ੍ਰਾਪਤ ਹੋਣਗੇ ਅਤੇ ਵੋਟ ਪਾਉਣ ਲਈ ਉਨ੍ਹਾਂ ਦੇ ਵਿਕਲਪਾਂ ਅਤੇ ਉਪਲਬਧ ਸੇਵਾਵਾਂ ਦਾ ਵੇਰਵਾ ਦਿੱਤਾ ਜਾਏਗਾ। 1965 ਦਾ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ ਦੁਆਰਾ ਲੋੜੀਂਦੇ ਅਨੁਸਾਰ ਸਾਰੀ ਚਿੱਠੀ-ਪਤੱਰੀ ਦਾ ਅਨੁਵਾਦ ਕੀਤਾ ਜਾਵੇਗਾ।

## ਡਾਕ-ਰਾਹੀਂ-ਵੋਟ ਬੈਲਟ

ਮਤਦਾਤਾ ਦੀ ਚੋਣ ਅਧਿਨਿਯਮ ਦੇ ਤਹਿਤ, ਸਾਰੇ ਕਿਰਿਆਸ਼ੀਲ ਰਜਿਸਟਰਡ ਵੋਟਰਾਂ ਨੂੰ ਚੋਣ ਤੋਂ 29 ਦਿਨ ਪਹਿਲਾਂ ਡਾਕ-ਟਿਕਟ ਅਦਾ ਕੀਤ ਗਏ ਲਿਫ਼ਾਫ਼ੇ ਦੇ ਨਾਲ ਇੱਕ ਬੈਲਟ ਡਾਕ ਰਾਹੀਂ ਭੇਜਿਆ ਜਾਂਦਾ ਹੈ। ਵੋਟਰ ਨੂੰ ਭੇਜੇ ਗਏ ਪੈਕੇਟ ਵਿੱਚ ਵੋਟਰ ਲਈ ਹਿਦਾਇਤਾਂ ਅਤੇ ਵੋਟਰ ਸਹਾਇਤਾ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ ਦੇ ਟਿਕਾਣਿਆਂ ਅਤੇ ਕੰਮ ਦੇ ਘੰਟਿਆਂ ਦੀ ਸੂਚੀ ਵੀ ਸ਼ਾਮਲ ਹੋਵੇਗੀ।

2021 ਤੋਂ, Yolo ਕਾਉਂਟੀ ਨੂੰ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਅਧਿਕਾਰਤ ਬੈਲਟ ਮੁਹੱਈਆ ਕਰਵਾਉਣਾ ਲਾਜ਼ਮੀ ਨਹੀਂ ਹੈ।

2021 ਤੋਂ, Yolo ਕਾਉਂਟੀ ਨੂੰ ਕੈਲੀਫੋਰਨੀਆ ਚੋਣ ਕੋਡ (Elections Code, EC) ਦੇ ਸੈਕਸ਼ਨ 14201 ਦੇ ਤਹਿਤ ਚਾਰ ਭਾਸ਼ਾਵਾਂ (ਸਪੈਨਿਸ਼, ਚੀਨੀ, ਕੋਰੀਆਈ, ਅਤੇ ਪੰਜਾਬੀ) ਵਿੱਚ ਅਨੁਵਾਦਿਤ ਸਿਰਫ਼ ਸੰਦਰਭ ਲੈਣ ਵਾਲਾ ਬੈਲਟ, ਜਿਸਨੂੰ "ਪ੍ਰਤੀਕਿਰਤੀ" ਬੈਲਟ ਕਿਹਾ ਜਾਂਦਾ ਹੈ, ਪ੍ਰਦਾਨ ਕਰਨ ਦੀ ਲੋੜ ਹੈ। ਅਸੀਂ ਕਾਉਂਟੀ ਦੇ ਅੰਦਰ ਸਾਡੀ ਵੱਡੀ ਰੂਸੀ ਆਬਾਦੀ ਦੀ ਸਹਾਇਤਾ ਕਰਨ ਲਈ ਰੂਸੀ ਭਾਸ਼ਾ ਵਿੱਚ ਪ੍ਰਤੀਕਿਰਤੀ ਬੈਲਟ ਵੀ ਪੇਸ਼ ਕਰਦੇ ਹਾਂ। ਪ੍ਰਤੀਕਿਰਤੀ ਬੈਲਟ ਅਧਿਕਾਰਤ ਬੈਲਟ ਨਹੀਂ ਹੁੰਦਾ ਹੈ ਅਤੇ

ਬੇਨਤੀ ਕਰਨ 'ਤੇ ਕਿਸੇ ਵੀ ਵੋਟਰ ਨੂੰ ਭੇਜਿਆ ਜਾ ਸਕਦਾ ਹੈ। ਪ੍ਰਤੀਕਿਰਤੀ ਬੈਲਟ, ਸੰਬੰਧਿਤ ਹਿਦਾਇਤਾਂ, ਅਤੇ ਦੁਭਾਸ਼ੀ ਸਹਾਇਤਾ ਵੋਟ ਪਾਉਣ ਦੇ ਸਾਰੇ ਟਿਕਾਣਿਆਂ 'ਤੇ ਉਪਲਬਧ ਹਨ।

ਸੰਘੀ ਲੋੜਾਂ ਹਰ ਪੰਜ ਸਾਲਾਂ ਵਿੱਚ ਜਾਰੀ ਕੀਤੀਆਂ ਜਾਂਦੀਆਂ ਹਨ। ਰਾਜ ਦੀਆਂ ਲੋੜਾਂ ਹਰ ਵਾਰ ਗਵਰਨਰ ਚੁਣੇ ਜਾਣ ਵਾਲੇ ਵਰ੍ਹੇ ਦੀ 1 ਜਨਵਰੀ ਤੱਕ ਜਾਰੀ ਕੀਤੀਆਂ ਜਾਂਦੀਆਂ ਹਨ। Yolo ਕਾਉਂਟੀ ਵਿੱਚ ਸਾਰੀਆਂ ਭਾਸ਼ਾ ਲੋੜਾਂ ਦੀ ਮੌਜੂਦਾ ਸੂਚੀ ਅੰਤਿਕਾ A ਵਿੱਚ ਮੌਜੂਦ ਹੈ।

ਕੈਲੀਫੋਰਨੀਆ ਵਿੱਚ ਕੋਈ ਵੀ ਵੋਟਰ ਸੇਕ੍ਰੇਟਰੀ ਔਫ਼ ਸਟੇਟ ਦੇ "ਮੇਰਾ ਬੈਲਟ ਕਿੱਥੇ ਹੈ?" ਵੈੱਬਸਾਈਟ (https://california.ballottrax.net/voter/) 'ਤੇ ਔਨਲਾਈਨ ਜਾਕੇ ਬੈਲਟ ਟਰੈਕਿੰਗ ਦੀਆਂ ਸੂਚਨਾਵਾਂ ਲਈ ਸਾਈਨ ਅੱਪ ਕਰ ਸਕਦਾ ਹੈ। ਜਿਨ੍ਹਾਂ ਵੋਟਰਾਂ ਨੂੰ ਇੰਟਰਨੈੱਟ ਪਹੁੰਚ ਪ੍ਰਾਪਤ ਨਹੀਂ ਹੈ ਜਾਂ ਮਦਦ ਦੀ ਲੋੜ ਹੈ, ਉਹ ਬੈਲਟ ਟਰੈਕਿੰਗ ਸੇਵਾ ਲਈ ਸਾਈਨ ਅੱਪ ਕਰਨ ਲਈ ਚੋਣ ਦਫ਼ਤਰ ਨੂੰ ਕਾੱਲ ਕਰ ਸਕਦੇ ਹਨ। ਵੋਟਰ ਆਟੋਮੈਟਿਕ ਈਮੇਲਾਂ, SMS (ਟੈਕਸਟ), ਜਾਂ ਫ਼ੋਨ ਕਾੱਲ ਰਾਹੀਂ ਆਪਣੇ ਡਾਕ-ਰਾਹੀਂ-ਵੋਟ ਬੈਲਟ ਦੀ ਸਥਿਤੀ ਬਾਰੇ ਅੱਪਡੇਟ ਪ੍ਰਾਪਤ ਕਰ ਸਕਦੇ ਹਨ। Yolo ਕਾਉਂਟੀ ਨੇ ਯੂ. ਐੱਸ. ਡਾਕ ਸੇਵਾ ਦੇ ਇੰਟੈਲੀਜੈਂਟ ਮੇਲ ਬਾਰਕੋਡਸ (Intelligent Mail barcodes) ਨੂੰ ਅਨੁਕੂਲਿਤ ਬਣਾ ਕੇ ਇਨ੍ਹਾਂ ਸੇਵਾਵਾਂ ਨੂੰ ਵਿਸਤਾਰ ਕੀਤਾ ਹੈ, ਜਿਸ ਨਾਲ ਵੋਟਰ ਨੂੰ ਯੂ. ਐੱਸ. ਡਾਕ ਸੇਵਾ ਮੇਲ ਸਿਸਟਮ ਵਿੱਚ ਚੈਕਪੁਆਇੰਟਾਂ ਰਾਹੀਂ ਅੱਗੇ ਵਧਣ ਦੇ ਨਾਲ ਆਪਣੀ ਬੈਲਟ ਨੂੰ ਟਰੈਕ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ।

ਵੋਟਰ (530) 666-8133, (916) 375-6490, ਜਾਂ (800) 649-9943 'ਤੇ ਟੈਲੀਫੋਨ ਰਾਹੀਂ; (530) 666-8123 'ਤੇ ਬੇਨਤੀ ਫੈਕਸ ਕਰਕੇ; elections@yolocounty.org 'ਤੇ ਇੱਕ ਈਮੇਲ ਭੇਜ ਕੇ; ਜਾਂ ਵੋਟਰ ਕੇਂਦਰ ਜਾਂ Yolo ਕਾਉਂਟੀ ਦੇ ਚੋਣ ਦਫ਼ਤਰ ਵਿਖੇ ਹਾਜ਼ਰ ਹੋ ਕੇ ਇੱਕ ਬਦਲਵੀਂ ਬੈਲਟ ਦੇਣ ਲਈ ਜਾਂ ਬੈਲਟ ਟ੍ਰੈਕਿੰਗ ਸੇਵਾ ਤੱਕ ਪਹੁੰਚਣ ਦੀ ਬੇਨਤੀ ਕਰ ਸਕਦੇ ਹਨ।

ਸਾਰੇ ਡਾਕ-ਰਾਹੀਂ-ਵੋਟ ਬੈਲਟਾਂ ਦੀ ਗਿਣਤੀ ਕੀਤੇ ਜਾਣ ਤੋਂ ਪਹਿਲਾਂ ਵਾਪਸੀ ਪਛਾਣ ਲਿਫ਼ਾਫ਼ਿਆਂ ਦੀ ਯੋਗਤਾ ਦੀ ਜਾਂਚ ਕੀਤੀ ਜਾਂਦੀ ਹੈ। ਇਹ ਕਾਉਂਟੀ ਦੁਆਰਾ ਜਾਰੀ ਕੀਤੇ ਗਏ ਲਿਫ਼ਾਫ਼ੇ ਵੋਟਰ-ਵਿਸ਼ਿਸ਼ਟ ਹੁੰਦੇ ਹਨ ਅਤੇ ਇਨ੍ਹਾਂ ਨੂੰ ""ਵਾਪਸੀ ਪਛਾਣ ਲਿਫ਼ਾਫ਼ਿਆਂ" ਦੇ ਤੌਰ ਤੇ ਜਾਣਿਆ ਜਾਂਦਾ ਹੈ। ਵੋਟਰ ਦੇ ਵਾਪਸੀ ਪਛਾਣ ਲਿਫ਼ਾਫ਼ੇ 'ਤੇ ਦਸਤਖ਼ਤ ਕਰਨੇ ਲਾਜ਼ਮੀ ਹਨ ਕਿਉਂਕਿ ਵਾਪਸੀ ਲਿਫ਼ਾਫ਼ੇ 'ਤੇ ਕੀਤੇ ਗਏ ਦਸਤਖ਼ਤ ਦੀ ਤੁਲਨਾ ਉਸ ਵੋਟਰ ਦੇ ਰਜਿਸਟ੍ਰੇਸ਼ਨ ਰਿਕਾਰਡ ਵਿੱਚ ਫਾਈਲ 'ਤੇ ਰੱਖੇ ਗਏ ਦਸਤਖ਼ਤ(ਤਾਂ) ਨਾਲ ਕੀਤੀ ਜਾਵੇਗੀ। ਜੇਕਰ ਦਸਤਖ਼ਤ ਮੇਲ ਖਾਂਦੇ ਹਨ, ਤਾਂ ਬੈਲਟ ਮਨਜ਼ੂਰ ਕਰ ਲਿਆ ਜਾਵੇਗਾ। ਜੇਕਰ ਦਸਤਖ਼ਤ ਵਿੱਚ ਕੋਈ ਸਮੱਸਿਆ ਹੈ, ਤਾਂ ਬੈਲਟ ਨੂੰ ਚੁਣੌਤੀ ਦਿੱਤੀ ਜਾਵੇਗੀ।

ਵੋਟਰਾਂ ਕੋਲ ਇਲੈਕਸ਼ਨ ਕੋਡ (Election Code, EC) §3019 ਦੇ ਤਹਿਤ ਦਸਤਖ਼ਤ ਦੇ ਮੁੱਦੇ ਨੂੰ ਹੱਲ ਕਰਨ ਦਾ ਮੌਕਾ ਹੁੰਦਾ ਹੈ। ਜੇਕਰ ਵੋਟਰਾਂ ਦੇ ਬੈਲਟ ਨੂੰ ਚੁਣੌਤੀ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਨਾਲ ਡਾਕ ਰਾਹੀਂ ਸੰਪਰਕ ਕੀਤਾ ਜਾਵੇਗਾ। ਵੋਟਰਾਂ ਨਾਲ ਫ਼ੋਨ ਅਤੇ/ਜਾਂ ਈਮੇਲ ਰਾਹੀਂ ਵੀ ਸੰਪਰਕ ਕੀਤਾ ਜਾਵੇਗਾ, ਜੇਕਰ ਉਨ੍ਹਾਂ ਨੇ ਆਪਣੀ ਵੋਟਰ ਰਜਿਸਟ੍ਰੇਸ਼ਨ ਅਰਜ਼ੀ ਵਿੱਚ ਇਹ ਜਾਣਕਾਰੀ ਸ਼ਾਮਲ ਕੀਤੀ ਸੀ। ਹਾਲਾਂਕਿ, ਦਸਤਖ਼ਤ ਅੱਪਡੇਟ ਕਰਨ ਲਈ ਚੋਣ ਦਫ਼ਤਰ ਵਲੋਂ ਸੰਪਰਕ ਕੀਤੇ ਜਾਣ ਦਾ ਇੰਤਜ਼ਾਰ ਕਰਨ ਦੀ ਕੋਈ ਲੋੜ ਨਹੀਂ ਹੁੰਦੀ ਹੈ। ਵੋਟਰ ਨਵੇਂ ਦਸਤਖ਼ਤ ਨਾਲ ਵੋਟ ਪਾਉਣ ਲਈ ਦੁਬਾਰਾ ਰਜਿਸਟਰ ਕਰ ਸਕਦੇ ਹਨ ਜੇਕਰ ਉਨ੍ਹਾਂ ਦੇ ਦਸਤਖ਼ਤ ਬਦਲ ਗਏ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਉਨ੍ਹਾਂ ਦਸਤਖ਼ਤਾਂ ਨਾਲ ਮੇਲ ਨਹੀਂ ਖਾਂਦਾ ਜੋ Yolo ਕਾਉਂਟੀ ਦੇ ਚੋਣ ਦਫ਼ਤਰ ਕੋਲ ਉਨ੍ਹਾਂ ਦੀ ਫਾਈਲ 'ਤੇ ਮੌਜੂਦ ਹਨ।

## ਵੋਟ ਪਾਏ ਹੋਏ ਡਾਕ-ਰਾਹੀਂ-ਵੋਟ ਬੈਲਟ ਨੂੰ ਵਾਪਸ ਭੇਜਣਾ

ਵੋਟਰ ਆਪਣੇ ਦਸਤਖ਼ਤ ਕੀਤੇ ਹੋਏ ਵਾਪਸੀ ਪਛਾਣ ਲਿਫ਼ਾਫ਼ੇ ਨੂੰ ਕਾਉਂਟੀ ਵਿੱਚ ਉਪਲਬਧ ਬਹੁਤ ਸਾਰੇ ਸੁਰੱਖਿਅਤ ਅਧਿਕਾਰਤ ਬੈਲਟ ਡ੍ਰੌਪ ਬੌਕਸਾਂ ਵਿੱਚੋਂ ਕਿਸੇ ਇੱਕ ਵਿੱਚ ਪਾਉਣ ਦੇ ਯੋਗ ਹੋਣਗੇ। Yolo ਕਾਉਂਟੀ ਬੈਲਟ ਪ੍ਰਾਪਤੀ ਟੀਮ ਦੇ ਘੱਟੋ-ਘੱਟ ਦੋ ਮੈਂਬਰ

ਸੇਕ੍ਰੇਟਰੀ ਔਫ਼ ਸਟੇਟ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਇੱਕ ਸਮਾਂ-ਸਾਰਣੀ ਦੇ ਅਨੁਸਾਰ ਬੈਲਟ ਡ੍ਰੌਪ ਬੌਕਸਾਂ ਤੋਂ ਬੈਲਟ ਇਕੱਠੇ ਕਰਦੇ ਹਨ।

ਵੋਟਰ ਕਿਸੇ ਵੋਟ ਕੇਂਦਰ, ਯੂ. ਐੱਸ. ਪੋਸਟ ਆਫਿਸ, ਜਾਂ ਯੂ. ਐੱਸ. ਪੀ. ਐੱਸ. ਕਲੈਕਸ਼ਨ ਮੇਲਬੌਕਸ ਵਿੱਚ ਆਪਣੇ ਦਸਤਖ਼ਤ ਕੀਤੇ ਹੋਏ ਵਾਪਸੀ ਪਛਾਣ ਲਿਫ਼ਾਫ਼ੇ ਵਿੱਚ ਵੋਟ ਪਾਏ ਗਏ ਡਾਕ-ਰਾਹੀਂ-ਵੋਟ ਬੈਲਟ ਨੂੰ ਵੀ ਪਾ ਸਕਦੇ ਹਨ। ਵਿਕਲਪਿਕ ਤੌਰ 'ਤੇ, ਰਿਹਾਇਸ਼ੀ ਡਾਕ ਸੇਵਾ ਪ੍ਰਾਪਤ ਕਰਨ ਵਾਲੇ ਵੋਟਰ ਆਪਣੀ ਮੇਲ ਡਿਲੀਵਰੀ ਕਰਨ ਵਾਲੇ ਵਿਅਕਤੀ ਨੂੰ ਵੀ ਆਪਣਾ ਬੈਲਟ ਲਿਜਾਉਣ ਲਈ ਕਹਿ ਸਕਦੇ ਹਨ। ਯੂ. ਐੱਸ. ਪੀ. ਐੱਸ. ਦੁਆਰਾ ਡਾਕ-ਭੁਗਤਾਨ ਵਾਪਸੀ ਪਛਾਣ ਲਿਫ਼ਾਫ਼ੇ ਵਿੱਚ ਬੈਲਟ ਵਾਪਸ ਭੇਜਣ ਵੇਲੇ ਕੋਈ ਡਾਕ-ਟਿਕਟ ਲਗਾਉਣ ਦੀ ਲੋੜ ਨਹੀਂ ਹੁੰਦੀ ਹੈ।

2022 ਦੀ ਚੋਣ ਸਾਈਕਲ ਵਿੱਚ ਵਰਤੇ ਗਏ ਟਿਕਾਣਿਆਂ ਦੀ ਸੂਚੀ ਅਤੇ ਨਕਸ਼ੇ ਲਈ ਅੰਤਿਕਾ B ਵੇਖੋ (ਬੈਲਟ ਡ੍ਰੌਪ ਬੌਕਸ ਦੇ ਟਿਕਾਣੇ ਸਥਾਨ ਦੇ ਮੇਜ਼ਬਾਨ ਦੀ ਉਪਲਬਧਤਾ ਦੇ ਆਧਾਰ 'ਤੇ ਬਦਲੇ ਜਾ ਸਕਦੇ ਹਨ।)

ਚੋਣਾਂ ਦੇ ਦੌਰਾਨ ਬੈਲਟ ਡ੍ਰੌਪ ਬੌਕਸ ਅਤੇ ਵੋਟ ਕੇਂਦਰਾਂ ਦੇ ਕੰਮਕਾਜ ਦੇ ਘੰਟੇ Yolo ਕਾਉਂਟੀ ਦੀਆਂ ਚੋਣਾਂ ਦੇ ਵੈੱਬਪੇਜ਼ (https://www.yoloelections.org) 'ਤੇ ਪੋਸਟ ਕੀਤੇ ਜਾਂਦੇ ਹਨ ਅਤੇ ਕਾਉਂਟੀ ਵੋਟਰ ਜਾਣਕਾਰੀ ਗਾਈਡ, ਡਾਕ-ਰਾਹੀਂ-ਵੋਟ ਪੈਕੇਟ, ਅਤੇ ਮੇਲਰ ਵਿੱਚ ਦੇਖੇ ਜਾ ਸਕਦੇ ਹਨ।

## ਰਿਮੋਟ ਪਹੁੰਚਯੋਗ ਵਾਲਾ ਡਾਕ-ਰਾਹੀਂ-ਵੋਟ

ਇਲੈਕਸ਼ਨ ਕੋਡ (Election Code, EC) §§4005(a)(8)(C), 4005(a)(10)(B)(xii), 4005(a)(10)(E)(iii), 4005(a)(10)(I)(i)(II), ਅਤੇ 4005(a)(10)(I)(i)(II)(IV) ਅਤੇ 4005(a)(10)(I)(ii)

ਰਿਮੋਟ ਪਹੁੰਚਯੋਗ ਵਾਲਾ ਡਾਕ-ਰਾਹੀਂ-ਵੋਟ ਸਿਸਟਮ ਵੋਟਰਾਂ ਨੂੰ ਆਪਣੇ ਬੈਲਟ ਦੇ ਇਲੈਕਟ੍ਰਾਨਿਕ ਸੰਸਕਰਣ ਨੂੰ ਉਨ੍ਹਾਂ ਦੇ ਆਪਣੇ ਡਿਵਾਈਸ, ਜਿਵੇਂ ਕਿ ਇੱਕ ਨਿੱਜੀ ਕੰਪਿਊਟਰ ਜਾਂ ਸਮਾਰਟ ਫੋਨ 'ਤੇ ਇਸਤੇਮਾਲ ਕਰਨ ਅਤੇ ਉਸ 'ਤੇ ਨਿਸ਼ਾਨ ਲਾਉਣ ਦਿੰਦਾ ਹੈ। ਕਿਉਂਕਿ ਉਹ ਆਪਣਾ ਡਿਵਾਈਸ ਇਸਤੇਮਾਲ ਕਰ ਰਹੇ ਹਨ, ਇਸ ਲਈ ਉਹ ਆਪਣੇ ਬੈਲਟ ਵਿੱਚ ਨੈਵੀਗੇਟ ਕਰਨ ਅਤੇ ਨਿਸ਼ਾਨ ਲਾਉਣ ਲਈ ਆਪਣੀ ਸਹਾਇਕ ਤਕਨੀਕ, ਜਿਵੇਂ ਕਿ ਸਕ੍ਰੀਨ ਰੀਡਰ, ਦੀ ਵਰਤੋਂ ਕਰ ਸਕਦੇ ਹਨ। ਰਿਮੋਟ ਪਹੁੰਚਯੋਗ ਵਾਲੇ ਡਾਕ-ਰਾਹੀਂ-ਵੋਟ ਸਿਸਟਮ ਦਾ ਇਸਤੇਮਾਲ ਕਰਨ ਲਈ, ਵੋਟਰ ਕੋਲ ਲੋੜੀਂਦੇ ਉਪਕਰਣਾਂ ਤੱਕ ਪਹੁੰਚ ਹੋਣਾ ਲਾਜ਼ਮੀ ਹੈ, ਜਿਸ ਵਿੱਚ ਇੰਟਰਨੈਟ ਨਾਲ ਜੁੜਿਆ ਹੋਇਆ ਕੰਪਿਊਟਰ, ਸਮਾਰਟ ਫੋਨ ਜਾਂ ਇੱਕ ਪ੍ਰਿੰਟਰ ਸ਼ਾਮਲ ਹਨ।

ਵੋਟਰਾਂ ਨੂੰ ਆਪਣੀ ਨਿੱਜੀ ਪਛਾਣ ਦੀ ਜਾਣਕਾਰੀ (personal identifying information, PII) ਨੂੰ ਦਾਖਲ ਕਰਨਾ ਲਾਜ਼ਮੀ ਹੈ ਤਾਂ ਕਿ ਕਾਉਂਟੀ ਦੇ ਚੋਣਾਂ ਦੇ ਸਟਾਫ਼ ਦੁਆਰਾ ਉਨ੍ਹਾਂ ਦੀ ਵੋਟ ਪਾਉਣ ਦੀ ਯੋਗਤਾ ਨੂੰ ਪ੍ਰਮਾਣਿਤ ਕੀਤਾ ਜਾ ਸਕੇ। ਇਕ ਵਾਰ ਜਦੋਂ ਉਨ੍ਹਾਂ ਦੀ ਯੋਗਤਾ ਪ੍ਰਮਾਣਿਤ ਕਰ ਲਿੱਤੀ ਜਾਂਦੀ ਹੈ, ਉਹ ਆਪਣੇ ਬੈਲਟ 'ਤੇ ਇਲੈਕਟ੍ਰੌਨਿਕ ਤਰੀਕੇ ਨਾਲ ਨਿਸ਼ਾਨ ਲਾਉਣ ਲਈ ਅਤੇ ਉਨ੍ਹਾਂ ਦੀ ਚੋਣ ਜਾਣਕਾਰੀ ਅਤੇ ਬੈਲਟ-ਵਾਪਸੀ ਦੀਆਂ ਹਿਦਾਇਤਾਂ ਨੂੰ ਡਾਉਨਲੋਡ ਕਰਨ ਲਈ ਰਿਮੋਟ ਪਹੁੰਚਯੋਗ ਵਾਲਾ ਡਾਕ-ਰਾਹੀਂ-ਵੋਟ ਵੈੱਬਸਾਈਟ 'ਤੇ ਪਹੁੰਚ ਸਕਦੇ ਹਨ। ਰਿਮੋਟ ਪਹੁੰਚਯੋਗ ਵਾਲੇ ਡਾਕ-ਰਾਹੀਂ-ਵੋਟ ਸਿਸਟਮ ਦੀਆਂ ਸਕ੍ਰੀਨਾਂ ਅਤੇ ਪਹੁੰਚਯੋਗ ਬੈਲਟ ਅੰਗਰੇਜ਼ੀ, ਚੀਨੀ, ਕੋਰੀਆਈ, ਪੰਜਾਬੀ, ਰੂਸੀ ਅਤੇ ਸਪੈਨਿਸ਼ ਵਿੱਚ ਉਪਲਬਧ ਹਨ। ਇੱਕ ਵਾਰੀ ਜਦੋਂ ਵੋਟਰ ਰਿਮੋਟ ਪਹੁੰਚਯੋਗ ਵਾਲੇ ਡਾਕ-ਰਾਹੀਂ-ਵੋਟ ਸਿਸਟਮ ਦੀ ਵਰਤੋਂ ਕਰਕੇ ਆਪਣੇ ਬੈਲਟ 'ਤੇ ਨਿਸ਼ਾਨ ਲਗਾ ਲੈਂਦਾ ਹੈ, ਤਾਂ ਵੋਟਰ ਦਾ ਆਪਣੇ ਬੈਲਟ ਨੂੰ ਕਾਗਜ਼ ਤੇ ਪ੍ਰਿੰਟ ਕਰਨਾ ਅਤੇ ਪ੍ਰਿੰਟ ਕੀਤੇ ਹੋਏ ਬੈਲਟ ਨੂੰ ਉਸੇ ਵਾਪਸੀ ਦੇ ਤਰੀਕਿਆਂ ਨਾਲ ਵਾਪਸ ਕਰਨਾ ਲਾਜ਼ਮੀ ਹੈ ਜੋ ਕਾਗਜ਼ੀ ਡਾਕ-ਰਾਹੀਂ-ਵੋਟ ਬੈਲਟ 'ਤੇ ਲਾਗੂ ਹੁੰਦੇ ਹਨ।

Yolo ਕਾਉਂਟੀ ਚੋਣ ਦਫ਼ਤਰ ਸਾਡੇ ਰਿਮੋਟ ਪਹੁੰਚਯੋਗ ਵਾਲਾ ਡਾਕ-ਰਾਹੀਂ-ਵੋਟ ਟੂਲਸ ਦੀ ਮੇਜ਼ਬਾਨੀ ਕਰਨ ਅਤੇ ਪਹੁੰਚਯੋਗ

ਕਾਉਂਟੀ ਵੋਟਰ ਜਾਣਕਾਰੀ ਗਾਈਡ ਨੂੰ ਪ੍ਰਦਰਸ਼ਿਤ ਕਰਨ ਲਈ ਡੈਮੋਕ੍ਰੇਸੀ ਲਾਈਵ ਦੇ ਸੁਰੱਖਿਅਤ ਚੋਣ ਸਿਸਟਮ (Democracy Live's Secure Select System) ਸੰਸਕਰਣ 1.2.2 ਦੀ ਵਰਤੋਂ ਕਰਦਾ ਹੈ। ਪੂਰਾ ਸੁਰੱਖਿਅਤ ਚੋਣ ਸਿਸਟਮ WCAG 2.0 ਅਤੇ ਸੈਕਸ਼ਨ 508 ਪਹੁੰਚਯੋਗਤਾ ਲਈ ਅਨੁਕੂਲ ਬਣਾਇਆ ਗਿਆ ਹੈ। (ਅਨੁਕੂਲਤਾ ਦੀ ਪਰਿਭਾਸ਼ਾਵਾਂ ਲਈ ਅੰਤਿਕਾ L ਵੇਖੋ)

ਕਾਉਂਟੀ ਦੁਆਰਾ ਜਾਰੀ ਕੀਤੇ ਗਏ ਬੈਲਟ ਵਾਪਸੀ ਪਛਾਣ ਲਿਫ਼ਾਫ਼ਿਆਂ ਦੇ ਦੋ ਛੇਕ ਹੁੰਦੇ ਹਨ, ਜਿਸਦੀ ਵਰਤੋਂ ਦ੍ਰਿਸ਼ਟੀਹੀਣ ਵੋਟਰ ਲਿਫ਼ਾਫ਼ੇ ਤੇ ਦਸਤਖ਼ਤ ਲਾਈਨ ਲੱਭਣ ਲਈ ਇੱਕ ਦਸਤਖ਼ਤ ਗਾਈਡ ਵਜੋਂ ਕਰ ਸਕਦੇ ਹਨ। ਛੇਕਾਂ ਦਾ ਡਿਜ਼ਾਈਨ ਇਹ ਵੀ ਸੁਨਿਸ਼ਚਿਤ ਕਰਦਾ ਹੈ ਕਿ ਵੋਟਰ ਲਿਫ਼ਾਫ਼ੇ ਦੇ ਸਹੀ ਪਾਸੇ ਵੱਲ ਦਸਤਖ਼ਤ ਕਰਦਾ/ਦੀ ਹੈ।

ਹਾਲਾਂਕਿ ਪ੍ਰਕਿਰਿਆ ਬਿਲਕੁਲ ਸਿੱਧੀ ਹੈ, ਫੇਰ ਵੀ ਕਾਉਂਟੀ ਡੈਮੋਕ੍ਰੇਸੀ ਲਾਈਵ (Democracy Live) ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ ਤਾਂ ਕਿ ਰਿਮੋਟ ਪਹੁੰਚਯੋਗ ਵਾਲੇ ਡਾਕ-ਰਾਹੀਂ-ਵੋਟ ਲਈ ਇੱਕ ਪ੍ਰਦਰਸ਼ਨ ਵੈੱਬਸਾਈਟ ਦਾ ਨਿਰਮਾਣ ਕੀਤਾ ਜਾਏ ਜੋ ਵੋਟਰਾਂ ਨੂੰ ਕਿਸੇ ਚੋਣ ਵਿੱਚ ਅਸਲ ਵਿੱਚ ਵੋਟ ਪਾਉਣ ਤੋਂ ਪਹਿਲਾਂ ਸਿਸਟਮ ਦੀ ਅਜ਼ਮਾਇਸ਼ ਕਰਨ ਲਈ ਉਪਲਬਧ ਹੋਵੇ। ਇਸ ਪ੍ਰਦਰਸ਼ਨ ਸਿਸਟਮ ਤੇ ਪ੍ਰੈਕਟਿਸ ਕਰਨ ਲਈ, ਵੋਟਰਾਂ ਨੂੰ ਆਪਣੀ ਯੋਗਤਾ ਦੀ ਪੁਸ਼ਟੀ ਕਰਨ ਲਈ ਮੁੱਢਲੀ ਨਿੱਜੀ ਪਛਾਣ ਜਾਣਕਾਰੀ (PII) ਪ੍ਰਦਾਨ ਕਰਨਾ ਲਾਜ਼ਮੀ ਹੁੰਦਾ ਹੈ।

## ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ ਟਿਕਾਣੇ

ਇਲੈਕਸ਼ਨ ਕੋਡ (Election Code, EC) §4005(a)(10)(B)

ਮਤਦਾਤਾ ਦੀ ਚੋਣ ਅਧਿਨਿਯਮ ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ ਦੀ ਸਥਾਪਨਾ ਅਤੇ ਟਿਕਾਣਿਆਂ ਲਈ ਵਿਸਤ੍ਰਿਤ ਮਾਪਦੰਡ ਅਤੇ ਫਾਰਮੂਲੇ ਸਥਾਪਤ ਕਰਦਾ ਹੈ। ਵੋਟ ਕੇਂਦਰ ਅਤੇ/ਜਾਂ ਬੈਲਟ ਡ੍ਰੌਪ-ਔਫ਼ ਟਿਕਾਣੇ ਬਦਲੇ ਜਾ ਸਕਦੇ ਹਨ, ਜੋ ਕਿ ਸਥਾਨ ਦੇ ਮੇਜ਼ਬਾਨ ਦੀ ਉਪਲਬਧਤਾ 'ਤੇ ਆਧਾਰਿਤ ਹੁੰਦਾ ਹੈ। ਟਿਕਾਣਿਆਂ ਨੂੰ ਚੋਣ ਕੋਡ ਵਿੱਚ ਸੂਚੀਬੱਧ ਗੌਰ ਕਰਨ ਲਾਇਕ ਵਿਚਾਰਾਂ ਅਤੇ ਜ਼ਰੂਰਤਾਂ ਦੇ ਅਧਾਰ 'ਤੇ ਚੁਣਿਆ ਜਾਂਦਾ ਹੈ:

- ਜਨਤਕ ਆਵਾਜਾਈ ਨਾਲ ਨਜ਼ਦੀਕੀ
- ਇਤਿਹਾਸਕ ਤੌਰ 'ਤੇ ਡਾਕ-ਰਾਹੀਂ-ਵੋਟ ਦੀ ਘੱਟ ਵਰਤੋਂ ਕਰਨ ਵਾਲੇ ਭਾਈਚਾਰਿਆਂ ਨਾਲ ਨਜ਼ਦੀਕੀ
- ਆਬਾਦੀ ਕੇਂਦਰਾਂ ਨਾਲ ਨਜ਼ਦੀਕੀ
- ਭਾਸ਼ਾਈ ਤੌਰ ਤੇ ਘੱਟ ਗਿਣਤੀ ਵਾਲੇ ਭਾਈਚਾਰਿਆਂ ਨਾਲ ਨਜ਼ਦੀਕੀ
- ਅਸਮਰਥਤਾਵਾਂ ਵਾਲੇ ਵੋਟਰਾਂ ਨਾਲ ਨਜ਼ਦੀਕੀ
- ਗੱਡੀ ਦੀ ਮਾਲਕੀਅਤ ਦੀਆਂ ਘੱਟ ਦਰਾਂ ਵਾਲੇ ਪਰਿਵਾਰਾਂ ਵਾਲੇ ਭਾਈਚਾਰਿਆਂ ਨਾਲ ਨਜ਼ਦੀਕੀ
- ਘੱਟ ਆਮਦਨੀ ਵਾਲੇ ਭਾਈਚਾਰਿਆਂ ਨਾਲ ਨਜ਼ਦੀਕੀ
- ਯੋਗ ਵੋਟਰਾਂ ਵਾਲੇ ਭਾਈਚਾਰਿਆਂ ਨਾਲ ਨਜ਼ਦੀਕੀ ਜੋ ਵੋਟ ਪਾਉਣ ਲਈ ਰਜਿਸਟਰਡ ਨਹੀਂ ਹਨ ਅਤੇ ਉਨ੍ਹਾਂ ਨੂੰ ਉਸੇ ਦਿਨ ਵੋਟਰ ਰਜਿਸਟ੍ਰੇਸ਼ਨ ਤੱਕ ਪਹੁੰਚ ਦੀ ਲੋੜ ਹੋ ਸਕਦੀ ਹੈ
- ਮੂਲ ਅਮਰੀਕੀ ਰਿਜ਼ਰਵੇਸ਼ਨਾਂ ਸਮੇਤ ਭੂਗੋਲਿਕ ਤੌਰ 'ਤੇ ਅਲੱਗ-ਥਲੱਗ ਆਬਾਦੀ ਨਾਲ ਨਜ਼ਦੀਕੀ
- ਪਹੁੰਚਯੋਗ ਅਤੇ ਮੁਫ਼ਤ ਪਾਰਕਿੰਗ ਤੱਕ ਪਹੁੰਚ
- ਉਹ ਦੂਰੀ ਅਤੇ ਸਮਾਂ ਜਿਸ ਲਈ ਵੋਟਰ ਨੂੰ ਕਾਰ ਜਾਂ ਜਨਤਕ ਆਵਾਜਾਈ ਦੇ ਸਾਧਨ ਦੁਆਰਾ ਯਾਤਰਾ ਕਰਨੀ ਲਾਜ਼ਮੀ ਹੈ
- ਅਸਮਰਥਤਾਵਾਂ ਵਾਲੇ ਵੋਟਰਾਂ ਲਈ ਵਿਕਲਪਿਕ ਤਰੀਕਿਆਂ ਦੀ ਲੋੜ ਜਿਨ੍ਹਾਂ ਲਈ ਡਾਕ-ਰਾਹੀਂ-ਵੋਟ ਬੈਲਟ 'ਤੇ ਵੋਟ ਪਾਉਣਾ ਪਹੁੰਚਯੋਗ ਨਹੀਂ ਹੈ।

- ਟ੍ਰੈਫ਼ਿਕ ਦੇ ਪੈਟਰਨ
- ਇਨ੍ਹਾਂ ਗੌਰ ਕਰਨ ਲਾਇਕ ਵਿਚਾਰਾਂ ਦੇ ਅਨੁਸਾਰ ਸਥਾਪਤ ਕੀਤੇ ਗਏ ਵੋਟ ਕੇਂਦਰਾਂ ਦੀ ਗਿਣਤੀ ਤੋਂ ਇਲਾਵਾ ਮੋਬਾਈਲ ਵੋਟ ਕੇਂਦਰਾਂ ਦੀ ਲੋੜ।
- ਕਿਸੇ ਜਨਤਕ ਜਾਂ ਪ੍ਰਾਈਵੇਟ ਯੂਨੀਵਰਸਿਟੀ ਜਾਂ ਕਾਲਜ ਕੈਂਪਸ ਵਿੱਚ ਵੋਟ ਕੇਂਦਰ ਦਾ ਟਿਕਾਣਾ

ਅੰਤਿਕਾ B ਵਿੱਚ ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਔਫ਼ ਬੌਕਸ ਦੇ ਕੰਮ ਦੇ ਘੰਟਿਆਂ ਅਤੇ ਟਿਕਾਣਿਆਂ ਬਾਰੇ ਵੇਰਵੇ ਸਮੇਤ ਜਾਣਕਾਰੀ ਸ਼ਾਮਲ ਹੈ।

## ਵੋਟ ਕੇਂਦਰ

ਇਲੈਕਸ਼ਨ ਕੋਡ (Election Code, EC) §4005(a)(10)(I)(ii)

Yolo ਕਾਉਂਟੀ ਵਿੱਚ ਵੋਟ ਕੇਂਦਰ ਵਿਅਕਤੀਗਤ ਤੌਰ ਤੇ ਵੋਟ ਕਰਨ ਵਾਲੇ ਟਿਕਾਣਿਆਂ 'ਤੇ ਉੱਚ ਪੱਧਰੀ ਸੇਵਾ ਪ੍ਰਦਾਨ ਕਰਦੇ ਹਨ। ਵੋਟਰ ਕੇਂਦਰਾਂ ਵਿੱਚ ਰਵਾਇਤੀ ਪੋਲਿੰਗ ਟਿਕਾਣਿਆਂ 'ਤੇ ਪੇਸ਼ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਨਾਲੋਂ ਵਧੇਰੇ ਸੇਵਾਵਾਂ ਉਪਲਬਧ ਹਨ।

Yolo ਕਾਉਂਟੀ ਦਾ ਵੋਟਰ ਕਾਉਂਟੀ ਵਿੱਚ ਬਣੇ ਕਿਸੇ ਵੀ ਵੋਟ ਕੇਂਦਰ ਦੀ ਵਰਤੋਂ ਕਰ ਸਕਦਾ/ਦੀ ਹੈ, ਜੋ ਵੋਟਰਾਂ ਲਈ ਸੇਵਾਵਾਂ ਤੱਕ ਪਹੁੰਚ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਲਚਕਤਾ ਅਤੇ ਸਹੂਲਤ ਨੂੰ ਵਧਾਉਂਦਾ ਹੈ। ਕਿਸੇ ਵੋਟ ਕੇਂਦਰ 'ਤੇ, ਵੋਟਰ ਇਹ ਕਰਨ ਦੇ ਸਮਰੱਥ ਹੋਵੇਗਾ:

- ਕਾਗਜ਼ੀ ਬੈਲਟ 'ਤੇ ਵੋਟ ਪਾਉਣਾ, ਜਿਸ ਨੂੰ ਆਮ ਤੌਰ 'ਤੇ ਲਾਈਵ ਬੈਲਟ 'ਤੇ ਵੋਟ ਪਾਉਣਾ ਕਿਹਾ ਜਾਂਦਾ ਹੈ ਜੋ ਡਾਕ-ਰਾਹੀਂ-ਵੋਟ ਦੇ ਵਾਪਸੀ ਪਛਾਣ ਲਿਫ਼ਾਫ਼ੇ ਦੀ ਲੋੜ ਤੋਂ ਬਿਨਾਂ ਸਿੱਧੇ ਬੈਲਟ ਬੌਕਸ ਵਿੱਚ ਪਾਇਆ ਜਾ ਸਕਦਾ ਹੈ
- ਇੱਕ ਬਦਲਵੀਂ ਡਾਕ-ਰਾਹੀਂ-ਵੋਟ ਬੈਲਟ ਪ੍ਰਾਪਤ ਕਰਨਾ,
- ਇੱਕ ਬਦਲਵੀਂ ਡਾਕ-ਰਾਹੀਂ-ਵੋਟ ਬੈਲਟ ਵਾਪਸੀ ਪਛਾਣ ਲਿਫ਼ਾਫ਼ਾ ਪ੍ਰਾਪਤ ਕਰਨਾ
- ਵੋਟ ਪਾਏ ਗਏ ਡਾਕ-ਰਾਹੀਂ-ਵੋਟ ਬੈਲਟ ਨੂੰ ਡ੍ਰੌਪ-ਔਫ਼ ਕਰਨਾ
- ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਸਹਾਇਤਾ ਪ੍ਰਾਪਤ ਕਰਨਾ
- ਅਪਾਹਜ ਅਮਰੀਕਾ ਵਾਸੀਆਂ ਲਈ ਬਣੇ ਅਧਿਨਿਯਮ (Americans with Disabilities Act) ਦੇ ਅਨੁਕੂਲ ਪਹੁੰਚਯੋਗ ਡਿਵਾਈਸ ਦੀ ਵਰਤੋਂ ਕਰਕੇ ਨਿੱਜੀ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਬੈਲਟ 'ਤੇ ਨਿਸ਼ਾਨ ਲਾਉਣਾ
- ਵੋਟ ਪਾਉਣ ਲਈ ਰਜਿਸਟਰ ਕਰਨਾ
- ਆਪਣਾ ਵੋਟਰ ਰਜਿਸਟ੍ਰੇਸ਼ਨ ਅੱਪਡੇਟ ਕਰਨਾ
- ਆਰਜ਼ੀ ਜਾਂ ਸ਼ਰਤੀਆ ਵੋਟਰ ਰਜਿਸਟ੍ਰੇਸ਼ਨ ਬੈਲਟ 'ਤੇ ਵੋਟ ਪਾਉਣਾ

ਜਿਨ੍ਹਾਂ ਵੋਟਰਾਂ ਨੇ ਰਜਿਸਟ੍ਰੇਸ਼ਨ ਕਰਵਾਉਣ ਦੀ ਮਿਆਦ ਦੀ ਸਮਾਪਤੀ ਤੋਂ ਪਹਿਲਾਂ (ਚੋਣਾਂ ਦੇ ਦਿਨ ਤੋਂ 15 ਦਿਨ ਪਹਿਲਾਂ) ਰਜਿਸਟਰ ਨਹੀਂ ਕੀਤਾ ਹੈ, ਉਹ ਕਿਸੇ ਵੀ ਵੋਟ ਕੇਂਦਰ 'ਤੇ ਸ਼ਰਤੀਆ ਵੋਟਰ ਰਜਿਸਟ੍ਰੇਸ਼ਨ ਲਿਫ਼ਾਫ਼ੇ ਨੂੰ ਪੂਰਾ ਕਰਨ ਦੇ ਅਤੇ ਉਸ ਦਿਨ ਤੋਂ ਲੈ ਕੇ ਚੋਣਾਂ ਵਾਲੇ ਦਿਨ ਤੱਕ ਇੱਕ ਆਰਜ਼ੀ ਬੈਲਟ 'ਤੇ ਵੋਟ ਪਾਉਣ ਦੇ ਯੋਗ ਹੋ ਸਕਦੇ ਹਨ।

ਵੋਟ ਕੇਂਦਰ ਦੇ ਸਟਾਫ਼ ਨੂੰ VoteCal, ਰਾਜ ਵਿਆਪੀ ਵੋਟਰ ਰਜਿਸਟ੍ਰੇਸ਼ਨ ਡੇਟਾਬੇਸ, ਅਤੇ ਕਾਉਂਟੀ ਦੇ ਚੋਣ ਪ੍ਰਬੰਧਨ ਸਿਸਟਮ (Election Management System, EMS) ਤੱਕ ਰੀਅਲ-ਟਾਈਮ (ਉਸੇ ਵੇਲੇ) ਪਹੁੰਚ ਹੋਵੇਗੀ। ਇਹ ਐਨਕ੍ਰਿਪਟਿਡ ਰੀਅਲ-ਟਾਈਮ ਕਨੈਕਸ਼ਨ ਵੋਟ ਕੇਂਦਰ ਦੇ ਸਟਾਫ਼ ਨੂੰ ਇਲੈਕਟ੍ਰਾਨਿਕ ਪੋਲ ਬੁੱਕ (ePollbook) ਰਾਹੀਂ ਹਰੇਕ ਵੋਟਰ ਦੀ ਸਥਿਤੀ ਨੂੰ ਦੇਖਣ ਅਤੇ ਅੱਪਡੇਟ ਕਰਨ ਦੀ ਇਜਾਜ਼ਤ ਦਿੰਦਾ ਹੈ। ਇੱਕ ਵਾਰ ਜਦੋਂ ਵੋਟਰ ਨੂੰ ਕਿਸੇ ਵੋਟ ਕੇਂਦਰ ਵਿੱਚ ਲਾਈਵ ਬੈਲਟ ਜਾਰੀ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਦਾ ਡਾਕ-ਰਾਹੀਂ-ਵੋਟ ਬੈਲਟ ਰੱਦ ਹੋ ਜਾਂਦਾ ਹੈ ਅਤੇ ਪ੍ਰਾਪਤ ਹੋਣ 'ਤੇ ਮਨਜ਼ੂਰ ਨਹੀਂ ਕੀਤਾ ਜਾ ਸਕਦਾ। ਜੇਕਰ ePollbook ਦਰਸਾਉਂਦੀ ਹੈ ਕਿ ਵੋਟਰ ਦਾ ਡਾਕ-ਰਾਹੀਂ-ਵੋਟ ਬੈਲਟ ਪਹਿਲਾਂ ਹੀ ਸਵੀਕਾਰ ਕੀਤਾ ਜਾ ਚੁੱਕਾ ਹੈ, ਤਾਂ ਵੋਟਰ ਨੂੰ ਲਾਈਵ ਜਾਂ ਡਾਕ-ਰਾਹੀਂ-ਵੋਟ ਬੈਲਟ ਜਾਰੀ ਨਹੀਂ ਕੀਤਾ ਜਾ ਸਕਦਾ। Yolo ਕਾਉਂਟੀ ਸੁਰੱਖਿਅਤ ਸੰਚਾਰ ਲਿੰਕ ਦਾ ਮਾਲਕ ਹੈ, ਨਿਗਰਾਨੀ ਕਰਦਾ ਹੈ, ਅਤੇ ਰੱਖ-ਰਖਾਅ ਕਰਦਾ ਹੈ।

COVID-19 ਮਹਾਸੰਕਟ ਦੇ ਦੌਰਾਨ, Yolo ਕਾਉਂਟੀ ਨੇ ਚੋਣਾਂ ਕਰਵਾਉਣ (ਆਯੋਜਨ ਕਰਨ) ਲਈ ਮਤਦਾਤਾ ਦੀ ਚੋਣ ਅਧਿਨਿਯਮ-ਵਰਗੇ ਮਾਡਲ ਨੂੰ ਲਾਗੂ ਕੀਤਾ ਸੀ। ਵੋਟ ਕੇਂਦਰਾਂ 'ਤੇ ਟੇਨੇਕਸ ਈ-ਪੋਲਬੁੱਕ (Tenex ePollbooks) ਨੇ ਕਾਗਜ਼ੀ ਵੋਟਰ ਰੋਸਟਰਾਂ ਦੀ ਥਾਂ ਲੈ ਲਈ। ਟੇਨੇਕਸ ਪ੍ਰੀਸਿੰਕਟ ਸੈਂਟਰਲ ਈ-ਪੋਲਬੁੱਕ (Tenex Precinct Central ePollbook) ਕੈਲੀਫੋਰਨੀਆ ਦੇ ਸੈਕ੍ਰੇਟਰੀ ਔਫ਼ ਸਟੇਟ ਦੁਆਰਾ ਪ੍ਰਮਾਣਿਤ ਹੈ। ਮਤਦਾਤਾ ਦੀ ਚੋਣ ਅਧਿਨਿਯਮ-ਵਰਗੇ ਮਾਡਲ ਨੇ ਦਿਖਾਇਆ ਕਿ ਵੋਟਰਾਂ ਅਤੇ ਸਟਾਫ਼ ਲਈ ਵੋਟਰ ਚੈੱਕ-ਇਨ ਲਈ ਇਸਤੇਮਾਲ ਕਰਨ ਲਈ ਈ-ਪੋਲਬੁੱਕ ਆਸਾਨ ਸਨ। ਇਹ ਪ੍ਰੀਸਿੰਕਟ ਸੈਂਟਰਲ ਸਿਸਟਮ ਇੱਕ ਡੈਸ਼ਬੋਰਡ ਪ੍ਰਦਾਨ ਕਰਦਾ ਹੈ ਜੋ ਵੋਟਰਾਂ ਨੂੰ ਸਾਰੇ ਵੋਟ ਕੇਂਦਰਾਂ 'ਤੇ ਉਡੀਕ ਦਾ ਸਮਾਂ ਦੇਖਣ ਦੀ ਇਜਾਜ਼ਤ ਦਿੰਦਾ ਹੈ।

ਹਰੇਕ ਵੋਟ ਕੇਂਦਰ ਵਿੱਚ ਘੱਟੋ-ਘੱਟ ਤਿੰਨ ਹਾਰਟ ਇੰਟਰਸਿਵਿਕ ਵੈਰਿਟੀ ਟੱਚ ਰਾਈਟਰ ਬੈਲਟ ਮਾਰਕਿੰਗ ਡਿਵਾਈਸ ਮੌਜੂਦ ਹੁੰਦੇ ਹਨ ਅਤੇ ਨਾਲ ਹੀ ਨਾਲ ਕਈ ਪਹੁੰਚਯੋਗ ਵੋਟ ਪਾਉਣ ਵਾਲੇ ਬੂਥ। ਇਹ ਯਕੀਨੀ ਬਣਾਉਣ ਲਈ ਕਿ ਹਰੇਕ ਵੋਟਰ ਨੂੰ ਸਹੀ ਬੈਲਟ ਜਾਰੀ ਕੀਤਾ ਜਾ ਸਕੇ, ਹਰੇਕ ਸਥਾਨ 'ਤੇ ਘੱਟੋ-ਘੱਟ ਦੋ ਬੈਲਟ ਔਨ ਡਿਮਾਂਡ ਪ੍ਰਿੰਟਰ ਮੌਜੂਦ ਹੁੰਦੇ ਹਨ, ਜਿਨ੍ਹਾਂ ਨੂੰ ਹਾਰਟ ਇੰਟਰਸਿਵਿਕ ਵੈਰਿਟੀ ਪ੍ਰਿੰਟ (Hart InterCivic Verity Print) ਦੇ ਨਾਮ ਤੋਂ ਜਾਣਿਆ ਜਾਂਦਾ ਹੈ। ਰੋਵਿੰਗ ਇੰਸਪੈਕਟਰਸ (Roving Inspectors, ਰੋਵਰਸ) ਨੂੰ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਜੇ ਪ੍ਰਿੰਟਰ ਸੰਬੰਧੀ ਕੋਈ ਮੁੱਦੇ ਹੁੰਦੇ ਹਨ ਜਾਂ ਬੈਲਟ ਦੀ ਵਧੇਰੀ ਮਾਤਰਾ ਹੁੰਦੀ ਹੈ ਜਿਨ੍ਹਾਂ ਨੂੰ ਪ੍ਰਿੰਟਿੰਗ ਦੀ ਲੋੜ ਹੁੰਦੀ ਹੈ ਤਾਂ ਉਨ੍ਹਾਂ ਨੂੰ ਬੈਕਅੱਪ ਬੈਲਟ ਔਨ ਡਿਮਾਂਡ ਪ੍ਰਿੰਟਰ ਦਿੱਤਾ ਜਾਂਦਾ ਹੈ।

ਹਰੇਕ ਵੋਟ ਕੇਂਦਰ ਇੱਕ ਨਿਰਧਾਰਿਤ ਖੇਤਰ ਵਿੱਚ ਪਟਰੀ ਦੇ ਕਿਨਾਰੇ ਵੋਟ ਪਾਉਣ ਦੀ ਵੀ ਸੁਵਿਧਾ ਦਿੰਦਾ ਹੈ ਜੋ ਕਿ ਵੋਟ ਕੇਂਦਰ ਵਿੱਚ ਆਉਣ ਤੇ ਸਾਫ਼ ਨਜ਼ਰ ਆਏਗਾ। ਵੋਟਰ ਹਰੇਕ ਵੋਟ ਕੇਂਦਰ 'ਤੇ ਸਥਿਤ ਪਟਰੀ ਦੇ ਕਿਨਾਰੇ ਵੋਟ ਪਾਉਣ ਵਾਲੇ ਸਾਈਨੇਜ 'ਤੇ ਪ੍ਰਿੰਟ ਕੀਤੇ ਗਏ ਫ਼ੋਨ ਨੰਬਰਾਂ ਵਿੱਚੋਂ ਇੱਕ 'ਤੇ ਕਾੱਲ ਕਰਕੇ ਪਟਰੀ ਦੇ ਕਿਨਾਰੇ ਵੋਟ ਪਾਉਣ ਦੀਆਂ ਸੇਵਾਵਾਂ ਦੀ ਬੇਨਤੀ ਕਰਨ ਲਈ ਵੋਟ ਕੇਂਦਰ ਦੀ ਟੀਮ ਨਾਲ ਸੰਪਰਕ ਕਰਦੇ ਹਨ। ਪਟਰੀ ਦੇ ਕਿਨਾਰੇ ਵੋਟ ਪਾਉਣ ਨਾਲ ਉਹ ਵੋਟਰ ਜੋ ਵੋਟ ਪਾਉਣ ਲਈ ਵੋਟ ਕੇਂਦਰ ਦੇ ਅੰਦਰ ਦਾਖਲ ਹੋਣ ਲਈ ਆਪਣੀ ਗੱਡੀਆਂ ਚੋਂ ਬਾਹਰ ਨਹੀਂ ਨਿਕਲ ਸਕਦੇ ਹਨ ਜਾਂ ਜਿੰਨਾਂ ਨੂੰ ਸਿਹਤ ਸੰਬੰਧੀ ਜਾਂ ਅਪਾਜਹਤਾ ਸੰਬੰਧੀ ਕੋਈ ਕਾਰਨ ਹਨ, ਉਹ ਬਿਲਡਿੰਗ ਵਿੱਚ ਆਏ ਬਿਨਾਂ ਹੀ ਪਟਰੀ ਦੇ ਕਿਨਾਰੇ ਵੋਟ ਪਾ ਸਕਦੇ ਹਨ। ਵੋਟਰ ਵੋਟ ਪਾਉਣ ਵਾਲੇ ਖੇਤਰ ਦੇ ਜਿੰਨਾ ਸੰਭਵ ਹੋ ਸਕੇ ਨੇੜੇ ਜਾਂ ਕਿਸੇ ਨਿਰਧਾਰਿਤ ਪਟਰੀ ਦੇ ਕਿਨਾਰੇ ਵੋਟ ਪਾਉਣ ਦੇ ਟਿਕਾਣੇ ਵਿੱਚ ਗੱਡੀ ਪਾਰਕ ਕਰ ਸਕਦੇ ਹਨ।

## ਵੋਟ ਕੇਂਦਰ ਫਾਰਮੂਲਾ ਅਤੇ ਟਿਕਾਣੇ ਸੰਬੰਧੀ ਗੌਰ ਕਰਨ ਲਾਇਕ ਗੱਲਾਂ

EC EC §4005(a)(3)(A); §4005(a)(4)(A); EC §4005(a)(10)(I)(vi)(I); ਅਤੇ EC §4005(a)(10)(I)(vi)(III)

ਮਤਦਾਤਾ ਦੀ ਚੋਣ ਅਧਿਨਿਯਮ ਨੇ ਚੋਣਾਂ ਵਾਲੇ ਦਿਨ ਤੋਂ ਪਹਿਲਾਂ 88ਵੇਂ ਦਿਨ ਨਿਰਧਾਰਿਤ ਕੀਤੇ ਗਏ ਰਜਿਸਟਰਡ ਵੋਟਰਾਂ ਦੀ

ਗਿਣਤੀ ਦੇ ਆਧਾਰ 'ਤੇ ਲੋੜੀਂਦੇ ਵੋਟ ਕੇਂਦਰਾਂ ਦੀ ਘੱਟੋ-ਘੱਟ ਗਿਣਤੀ ਨਿਰਧਾਰਿਤ ਕਰਨ ਲਈ ਇੱਕ ਫਾਰਮੂਲਾ ਸਥਾਪਤ ਕੀਤਾ। ਮਤਦਾਤਾ ਦੀ ਚੋਣ ਅਧਿਨਿਯਮ ਵਾਲੀਆਂ ਕਾਉਂਟੀਆਂ ਨੂੰ ਹਰ 50,000 ਰਜਿਸਟਰਡ ਵੋਟਰਾਂ ਲਈ ਇੱਕ 11-ਦਿਨਾਂ ਵਾਲਾ ਵੋਟ ਕੇਂਦਰ ਅਤੇ ਹਰ 10,000 ਰਜਿਸਟਰਡ ਵੋਟਰਾਂ ਲਈ ਇੱਕ ਚਾਰ-ਦਿਨਾਂ ਵਾਲਾ ਵੋਟ ਕੇਂਦਰ ਮੁਹੱਈਆ ਕਰਵਾਉਣਾ ਲਾਜ਼ਮੀ ਹੈ।

50,000 ਤੋਂ ਵੱਧ ਰਜਿਸਟਰਡ ਵੋਟਰਾਂ ਵਾਲੀਆਂ ਕਾਉਂਟੀਆਂ ਲਈ ਮਤਦਾਤਾ ਦੀ ਚੋਣ ਅਧਿਨਿਯਮ ਵਿੱਚ ਦੱਸੇ ਗਏ ਐਲਗੋਰਿਦਮ ਦੇ ਆਧਾਰ 'ਤੇ, Yolo ਕਾਉਂਟੀ ਵਿੱਚ ਲੋੜੀਂਦੇ ਘੱਟੋ-ਘੱਟ ਤਿੰਨ ਵੋਟ ਕੇਂਦਰ 11 ਦਿਨਾਂ ਲਈ (ਚੋਣਾਂ ਵਾਲੇ ਦਿਨ ਅਤੇ ਚੋਣਾਂ ਵਾਲੇ ਦਿਨ ਤੋਂ ਦਸ ਦਿਨ ਪਹਿਲਾਂ) ਅਤੇ 13 ਵੋਟ ਕੇਂਦਰ ਜੋ ਚਾਰ ਦਿਨ (ਚੋਣਾਂ ਵਾਲੇ ਦਿਨ ਅਤੇ ਚੋਣਾਂ ਵਾਲੇ ਦਿਨ ਤੋਂ ਤਿੰਨ ਦਿਨ ਪਹਿਲਾਂ) ਲਈ ਖੁੱਲ੍ਹੇ ਰਹਿਣਗੇ।

*ਸਾਰਣੀ 1 ਵੋਟ ਕੇਂਦਰ ਫਾਰਮੂਲਾ*

| ਚੋਣਾਂ ਵਾਲੇ ਦਿਨ ਤੋਂ ਕੁਝ ਦਿਨ ਪਹਿਲਾਂ | ਪ੍ਰਤੀ ਵੋਟ ਕੇਂਦਰ ਰਜਿਸਟਰਡ ਵੋਟਰਾਂ ਦੀ ਗਿਣਤੀ | ਰੋਜ਼ਾਨਾ ਕੁੱਲ ਘੰਟੇ | ਵੋਟ ਕੇਂਦਰਾਂ ਦੀ ਅਨੁਮਾਨਿਤ ਨਿਊਨਤਮ ਸੰਖਿਆ† |
|---|---|---|---|
| 10 ਦਿਨ | 50,000 ਵੋਟਰ | 8 ਘੰਟੇ | 3 ਵੋਟ ਕੇਂਦਰ |
| 3 ਦਿਨ | 10,000 ਵੋਟਰ | 8 ਘੰਟੇ | 13 ਵੋਟ ਕੇਂਦਰ |
| ਚੋਣਾਂ ਵਾਲਾ ਦਿਨ | 10,000 ਵੋਟਰ | 13 ਘੰਟੇ | 13 ਵੋਟ ਕੇਂਦਰ |

† >120,000 ਰਜਿਸਟਰਡ ਵੋਟਰਾਂ ਦੇ ਆਧਾਰ 'ਤੇ (ਅਗਸਤ 2023 ਤੱਕ ਉਪਲਬਧ ਡੇਟਾ ਤੋਂ ਰਾਉਂਡ ਕੀਤਾ ਗਿਆ)।

Yolo ਕਾਉਂਟੀ ਦਾ ਚੋਣ ਦਫ਼ਤਰ ਸਾਡੇ ਵੋਟ ਕੇਂਦਰਾਂ ਲਈ ਸਭ ਤੋਂ ਵਧੀਆ ਜਗ੍ਹਾ ਚੁਣਨ ਲਈ ਪਿਛਲੀਆਂ ਚੋਣਾਂ, ਸਾਡੇ ਵੋਟਰਾਂ ਦੀਆਂ ਆਦਤਾਂ, ਜਨਗਣਨਾ ਦੇ ਰਿਕਾਰਡ, ਭਾਈਚਾਰੇ ਦੀ ਰਾਇ, ਅਤੇ ਖੇਤਰ ਬਾਰੇ ਗਿਆਨ ਦੇ ਡੇਟਾ ਦੀ ਵਰਤੋਂ ਕਰੇਗਾ। ਅਸੀਂ ਮੰਨਦੇ ਹਾਂ ਕਿ ਅਜਿਹੀਆਂ ਸਾਈਟਾਂ ਹੋ ਸਕਦੀਆਂ ਹਨ ਜੋ ਚੋਣ ਕੋਡ (EC) §4005(a)(10)(B) ਦੇ ਅਧੀਨ ਵਿਚਾਰੇ ਗਏ ਵਾਧੂ ਮਾਪਦੰਡਾਂ ਅਧੀਨ ਆਦਰਸ਼ ਨਾ ਹੋਣ। ਹਾਲਾਂਕਿ, ਅਸੀਂ ਵੱਧ ਤੋਂ ਵੱਧ ਗੌਰ ਕਰਨ ਲਾਇਕ ਗੱਲਾਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਜੋ ਸਾਡੇ ਵੋਟਰਾਂ ਕੋਲ ਸੁਵਿਧਾਜਨਕ ਅਤੇ ਪਹੁੰਚਯੋਗ ਸੋਮੇ ਅਤੇ ਟਿਕਾਣੇ ਮੌਜੂਦ ਹੋਣ। 2022 ਦੀ ਚੋਣ ਸਾਈਕਲ ਵਿੱਚ ਵਰਤੇ ਗਏ ਵੋਟ ਕੇਂਦਰ ਦੇ ਟਿਕਾਣਿਆਂ ਲਈ ਅੰਤਿਕਾ B ਦੇਖੋ ਅਤੇ ਨਕਸ਼ਿਆ ਲਈ ਅੰਤਿਕਾ H ਵੇਖੋ। ਅਸੀਂ ਅਗਲੀਆਂ ਚੋਣਾਂ ਲਈ ਇਨ੍ਹਾਂ ਟਿਕਾਣਿਆਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਹੇ ਹਾਂ; ਹਾਲਾਂਕਿ, (ਵੋਟ ਕੇਂਦਰ ਦੇ ਟਿਕਾਣੇ, ਸਥਾਨ ਦੇ ਮੇਜ਼ਬਾਨ ਦੀ ਉਪਲਬਧਤਾ ਦੇ ਆਧਾਰ 'ਤੇ ਬਦਲੇ ਜਾ ਸਕਦੇ ਹਨ।)

## ਅਸਮਰਥਤਾਵਾਂ ਵਾਲੇ ਵੋਟਰਾਂ ਲਈ ਵੋਟ ਕੇਂਦਰ ਤੱਕ ਪਹੁੰਚਯੋਗਤਾ

EC §§4005(a)(10)(I)(ii), 4005(a)(10)(I)(vi)(X), ਅਤੇ 4005(a)(10)(I)(vii)

ਕੈਲੀਫੋਰਨੀਆ ਦੇ ਮੁੜ ਵਸੇਬੇ ਵਾਲੇ ਵਿਭਾਗ (California Department of Rehabilitation) ਦੇ ਸਹਿਯੋਗ ਨਾਲ ਤਿਆਰ ਕੀਤੇ ਗਏ ਕੈਲੀਫੋਰਨੀਆ ਦੇ ਸੇਕ੍ਰੇਟਰੀ ਔਫ਼ ਸਟੇਟ ਪੋਲਿੰਗ ਸਥਾਨ ਦੀ ਪਹੁੰਚਯੋਗਤਾ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸਾਰੇ ਸੰਭਾਵੀ ਵੋਟ ਕੇਂਦਰਾਂ ਦਾ ਸਰਵੇਖਣ ਕੀਤਾ ਜਾਂਦਾ ਹੈ। ਇਹ ਸਖ਼ਤ ਲੋੜਾਂ ਇਹ ਯਕੀਨੀ ਬਣਾਉਂਦੀਆਂ ਹਨ ਕਿ ਪੋਲਿੰਗ ਸਥਾਨ ਅਤੇ ਵੋਟ ਕੇਂਦਰ ਵੱਧ ਤੋਂ ਵੱਧ ਸੰਭਵ ਹੱਦ ਤੱਕ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਪਹੁੰਚਯੋਗ ਹਨ। ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਮਤਦਾਤਾ ਦੀ ਚੋਣ ਅਧਿਨਿਯਮ ਨੇ ਪੋਲਿੰਗ ਸਥਾਨ ਜਾਂ ਵੋਟ ਕੇਂਦਰ ਦੀ ਪਹੁੰਚ ਨਾਲ ਸੰਬੰਧਿਤ ਨਵੇਂ ਕਾਨੂੰਨ ਜਾਂ ਲੋੜਾਂ ਲਾਗੂ ਨਹੀਂ ਕੀਤੀਆਂ ਸਨ। ਇਸ ਦੀ ਬਜਾਇ, ਉਹ ਕਾਨੂੰਨਾਂ ਅਤੇ ਨਿਯਮਾਂ ਦਾ ਸੰਗ੍ਰਹਿ ਹਨ ਜਿਨ੍ਹਾਂ ਦੀ ਕਾਉਂਟੀ ਚੋਣ ਅਧਿਕਾਰੀਆਂ ਨੂੰ ਪੋਲਿੰਗ ਸਥਾਨ ਦੀ ਪਹੁੰਚਯੋਗਤਾ ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਪਾਲਣਾ ਕਰਨ ਦੀ ਲੋੜ ਹੁੰਦੀ ਹੈ। ਪੋਲਿੰਗ ਸਥਾਨ ਦੀ

ਪਹੁੰਚਯੋਗਤਾ ਦੇ ਦਿਸ਼ਾ-ਨਿਰਦੇਸ਼ ਸੈਕ੍ਰੇਟਰੀ ਔਫ਼ ਸਟੇਟ ਦੀ ਵੈੱਬਸਾਈਟ https://www.sos.ca.gov/elections/publications-and-resources/polling-place-accessibility-guidelines 'ਤੇ ਉਪਲਬਧ ਹਨ

ਸਾਰੇ ਵੋਟ ਕੇਂਦਰ 1990 ਦੇ ਅਪਾਹਜ ਅਮਰੀਕਾ ਵਾਸੀਆਂ ਲਈ ਬਣੇ ਅਧਿਨਿਯਮ (Americans with Disabilities Act, ADA) ਦੇ ਮਾਪਦੰਡ, ਇਮਾਰਤ ਤੱਕ ਪਹੁੰਚਯੋਗਤਾ, ਵੋਟ ਕੇਂਦਰ ਵਜੋਂ ਵਰਤਿਆ ਜਾਣ ਵਾਲਾ ਕਮਰਾ, ਅਤੇ ਪਹਿਲਾਂ ਤੋਂ ਮੌਜੂਦ ਜਾਂ ਅਸਥਾਈ ਸ਼ਮਨ ਸਮਾਧਾਨਾਂ ਦੇ ਨਾਲ ਵੋਟ ਪਾਉਣ ਦੇ ਕਮਰੇ ਤੱਕ ਪਹੁੰਚਣ ਦਾ ਰਸਤਾ, ਨੂੰ ਪੂਰਾ ਕਰਦੇ ਹਨ। ਪੂਰੀ ਕਾਉਂਟੀ ਵਿੱਚ ਵੋਟ ਕੇਂਦਰ ਦੇ ਟਿਕਾਣੇ ਆਕਾਰ ਵਿੱਚ ਵੱਖੋ-ਵੱਖਰੇ ਹੋਣਗੇ। ਵੋਟਰ ਗੋਪਨੀਯਤਾ ਨੂੰ ਵੱਧ ਤੋਂ ਵੱਧ ਕਰਨ ਲਈ ਰੱਖੇ ਗਏ ਹਰੇਕ ਵੋਟ ਕੇਂਦਰ ਵਿੱਚ ਤਿੰਨ ਹਾਰਟ ਇੰਟਰਸਿਵਿਕ ਵੈਰਿਟੀ ਟੱਚ ਰਾਈਟਰ (Hart InterCivic Verity Touch Writer) ਪਹੁੰਚਯੋਗ ਬੈਲਟ ਮਾਰਕਿੰਗ ਡਿਵਾਈਸ ਮੌਜੂਦ ਹੁੰਦੇ ਹਨ। ਸਾਰੇ ਵੋਟ ਕੇਂਦਰ ਇਸ ਵੋਟ ਕੇਂਦਰ ਸੈਕਸ਼ਨ ਵਿੱਚ ਦੱਸੇ ਅਨੁਸਾਰ ਪਟਰੀ ਦੇ ਕਿਨਾਰੇ ਵੋਟ ਪਾਉਣ ਪ੍ਰਦਾਨ ਕਰਨ ਲਈ ਸੋਮਿਆਂ ਨਾਲ ਲੈਸ ਹੁੰਦੇ ਹਨ।

ਹਾਰਟ ਇੰਟਰਸਿਵਿਕ ਵੈਰਿਟੀ ਟੱਚ ਰਾਈਟਰ ਬੈਲਟ 'ਤੇ ਨਿਸ਼ਾਨ ਲਾਉਣ ਵਾਲੇ ਡਿਵਾਈਸਾਂ ਵਿੱਚ ਅਜਿਹੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜੋ ਅਸਥਾਈ ਜਾਂ ਸਥਾਈ ਅਪਾਹਜਤਾ ਵਾਲੇ ਵੋਟਰਾਂ ਨੂੰ ਨਿੱਜੀ ਅਤੇ ਸੁਤੰਤਰ ਤੌਰ 'ਤੇ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕਰਨ ਦੇ ਯੋਗ ਬਣਾਉਂਦੀਆਂ ਹਨ। "ਨਿੱਜੀ ਅਤੇ ਸੁਤੰਤਰ ਤੌਰ" ਦਾ ਮਤਲਬ ਇਹ ਹੈ ਕਿ ਇਹ ਡਿਵਾਈਸ ਉਨ੍ਹਾਂ ਨੂੰ ਆਪਣੀ ਬੈਲਟ 'ਤੇ ਨਿਸ਼ਾਨ ਲਗਾਉਣ ਵਿੱਚ ਮਦਦ ਕਰਨ ਲਈ ਕਿਸੇ ਹੋਰ ਵਿਅਕਤੀ 'ਤੇ ਭਰੋਸਾ ਕੀਤੇ ਬਿਨਾਂ ਅਤੇ ਗੁਪਤ ਮਤਦਾਨ ਕਰਨ ਦੇ ਉਨ੍ਹਾਂ ਦੇ ਅਧਿਕਾਰ ਦੀ ਰੱਖਿਆ ਕਰਦੇ ਹੋਏ, ਕਿਸੇ ਹੋਰ ਨੂੰ ਵੋਟ ਪਾਉਣ ਦੇ ਤਰੀਕੇ ਨੂੰ ਪ੍ਰਗਟ ਕੀਤੇ ਬਿਨਾਂ ਵੋਟ ਪਾਉਣ ਦੇ ਯੋਗ ਬਣਾਉਂਦੇ ਹਨ। ਇਨ੍ਹਾਂ ਵਿਸ਼ੇਸ਼ਤਾਵਾਂ ਵਿੱਚ ਇੱਕ ਟੱਚਸਕ੍ਰੀਨ; ਇੱਕ ਸਕ੍ਰੋਲਿੰਗ ਵ੍ਹੀਲ ਅਤੇ ਇੱਕ "ਚੁਣੋ" ਬਟਨ ਦੇ ਨਾਲ ਇੱਕ ਹੈਂਡਹੋਲਡ ਕੰਟਰੋਲਰ; ਸਕ੍ਰੀਨ 'ਤੇ ਟੈਕਸਟ ਦਾ ਆਕਾਰ ਅਤੇ ਰੰਗ ਦਾ ਕੰਟ੍ਰਾਸਟ ਬਦਲਣ ਦੇ ਵਿਕਲਪ; ਬੈਲਟ ਦੇ ਆਡੀਓ ਸੰਸਕਰਣ ਨੂੰ ਸੁਣਨ ਲਈ ਹੈੱਡਫੋਨ ਅਤੇ ਬੈਲਟ ਨੂੰ ਇਲੈਕਟ੍ਰਾਨਿਕ ਤੌਰ 'ਤੇ ਨੈਵੀਗੇਟ ਕਰਨ ਅਤੇ ਮਾਰਕ ਕਰਨ ਲਈ ਆਡੀਓ ਨਿਰਦੇਸ਼; ਅਤੇ ਵੋਟਰ ਦੇ ਸਪਰਸ਼ ਲਈ ਬਟਨ ਜਾਂ ਵੋਟਰ ਦੇ ਸਿਪ-ਐਂਡ-ਪਫ਼ ਡਿਵਾਈਸ ਨੂੰ ਜੋੜਨ ਲਈ ਪੋਰਟ ਸ਼ਾਮਲ ਹਨ। ਇਹ ਬੈਲਟ 'ਤੇ ਨਿਸ਼ਾਨ ਲਗਾਉਣ ਵਾਲੇ ਡਿਵਾਈਸ ਵਿੱਚ ਸਿਰਫ਼ ਅੰਗਰੇਜ਼ੀ ਵਿੱਚ ਟੈਕਸਟ ਅਤੇ ਆਡੀਓ ਲਿਖਿਆ ਹੁੰਦਾ ਹੈ; ਉਹ ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਪੇਸ਼ ਨਹੀਂ ਕਰਦੇ।

ਕਿਉਂਕਿ ਹਾਰਟ ਇੰਟਰਸਿਵਿਕ ਵੈਰਿਟੀ ਟੱਚ ਰਾਈਟਰ ਨੂੰ ਨਿਸ਼ਾਨ ਲਗਾਏ ਗਏ ਬੈਲਟ ਨੂੰ ਪ੍ਰਿੰਟ ਕਰਨ ਲਈ ਪਾਵਰ ਅਤੇ ਇੱਕ ਪ੍ਰਿੰਟਰ ਨਾਲ ਕਨੈਕਟ ਕੀਤਾ ਜਾਣਾ ਲਾਜ਼ਮੀ ਹੁੰਦਾ ਹੈ, ਪਟਰੀ ਦੇ ਕਿਨਾਰੇ ਵੋਟ ਪਾਉਣ ਵਾਲੇ ਵੋਟਰ ਅਤੇ ਉਹ ਵੋਟਰ ਜੋ ਮੋਬਾਈਲ ਵੋਟ ਕੇਂਦਰ ਵਿੱਚ ਦਾਖਲ ਨਹੀਂ ਹੋ ਸਕਦੇ ਹਨ, ਬੈਲਟ 'ਤੇ ਨਿਸ਼ਾਨ ਲਗਾਉਣ ਵਾਲੇ ਡਿਵਾਈਸ ਦੀ ਵਰਤੋਂ ਕਰਨ ਵਿੱਚ ਅਸਮਰੱਥ ਹੁੰਦੇ ਹਨ। ਉਨ੍ਹਾਂ ਵੋਟਰਾਂ ਦੀ ਸਹਾਇਤਾ ਕਰਨ ਲਈ, ਦੋ ਚੋਣ ਕਰਮਚਾਰੀਆਂ ਦੀ ਇੱਕ ਟੀਮ ਵੋਟਰ ਨੂੰ ਚੈੱਕ-ਇਨ ਕਰਨ ਲਈ ਟੇਨੇਕਸ ਈ-ਪੋਲਬੁੱਕ ਦੀ ਵਰਤੋਂ ਕਰਦੀ ਹੈ, ਵੋਟਰ ਦੇ ਨਿਸ਼ਾਨ ਲਗਾਉਣ ਲਈ ਬੈਲਟ ਲਿਆਉਂਦੀ ਹੈ ਅਤੇ ਗੋਪਨੀਯਤਾ ਲਈ ਇੱਕ ਗੁਪਤ ਫੋਲਡਰ ਵਿੱਚ ਵਾਪਸ ਰੱਖਦੀ ਹੈ। ਟੀਮ ਬਿਨਾਂ ਬੈਲਟ ਨੂੰ ਦੇਖੇ ਵੋਟਰ ਲਈ ਗੁਪਤ ਫੋਲਡਰ ਤੋਂ ਨਿਸ਼ਾਨ ਲਗਾਏ ਗਏ ਬੈਲਟ ਨੂੰ ਵੋਟ ਕੇਂਦਰ ਦੇ ਅੰਦਰ ਬੈਲਟ ਬੌਕਸ ਵਿੱਚ ਜਮ੍ਹਾਂ ਕਰ ਦਿੰਦੀ ਹੈ।

ਕੋਈ ਵੀ ਵੋਟਰ ਵੋਟ ਪਾਉਣ ਵਿੱਚ ਮਦਦ ਕਰਨ ਲਈ ਦੋ ਵਿਅਕਤੀਆਂ ਨੂੰ ਵੋਟ ਪਾਉਣ ਬੂਥ ਵਿੱਚ ਲਿਆ ਸਕਦਾ ਹੈ, ਬਸ਼ਰਤੇ ਉਹ ਸਹਾਇਕ ਵੋਟਰ ਦੇ ਰੁਜ਼ਗਾਰਦਾਤਾ ਜਾਂ ਮਜ਼ਦੂਰ ਯੂਨੀਅਨ ਦੇ ਨੁਮਾਇੰਦੇ ਨਾ ਹੋਣ।

## ਵੋਟ ਕੇਂਦਰ ਦੇ ਦਿਨ ਅਤੇ ਕੰਮਕਾਜ ਦੇ ਘੰਟੇ

EC §§4005(a)(10)(I)(vi)(III) ਅਤੇ 4005(a)(10)(I)(vi)(VI)

ਮਤਦਾਤਾ ਦੀ ਚੋਣ ਅਧਿਨਿਯਮ ਮਾਡਲ ਸਾਰੇ ਵੋਟਰਾਂ ਨੂੰ ਸ਼ਨੀਵਾਰ-ਐਤਵਾਰ ਅਤੇ ਛੁੱਟੀਆਂ ਸਮੇਤ 11 ਦਿਨਾਂ ਵਿੱਚ ਘੱਟੋ-ਘੱਟ 93 ਘੰਟੇ ਵਾਲੇ ਕਿਸੇ ਵੀ ਵੋਟ ਕੇਂਦਰ 'ਤੇ ਆਪਣੀ ਵੋਟ ਪਾਉਣ ਦੇ ਵਧੇਰੇ ਮੌਕੇ ਪ੍ਰਦਾਨ ਕਰਦਾ ਹੈ। ਇਹ ਪੋਲਿੰਗ ਸਥਾਨ ਮਾਡਲ ਦੇ ਤਹਿਤ 13 ਘੰਟੇ (ਸਿਰਫ਼ ਇੱਕ ਦਿਨ) ਦੀ ਤੁਲਨਾ ਵਿੱਚ ਵੋਟ ਪਾਉਣ ਦੇ ਮੌਕਿਆਂ ਦਾ ਵਿਸਤਾਰ ਕਰਦਾ ਹੈ।

ਪੋਲਿੰਗ ਸਥਾਨ ਮਾਡਲ ਦੇ ਤਹਿਤ ਉਪਲਬਧ ਇੱਕ ਸਥਾਨ (ਕਾਉਂਟੀ ਚੋਣ ਦਫ਼ਤਰ) ਦੀ ਬਜਾਏ ਵੋਟਰ ਰਜਿਸਟ੍ਰੇਸ਼ਨ ਸੇਵਾਵਾਂ ਸਾਰੇ ਵੋਟ ਕੇਂਦਰਾਂ 'ਤੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਪਹਿਲੇ ਤਿੰਨ ਸਥਾਨ ਚੋਣਾਂ ਵਾਲੇ ਦਿਨ ਤੋਂ ਦਸ ਦਿਨ ਪਹਿਲਾਂ ਖੁੱਲ੍ਹਣਗੇ। ਚੋਣਾਂ ਵਾਲੇ ਦਿਨ ਤੋਂ ਤਿੰਨ ਦਿਨ ਪਹਿਲਾਂ ਦਸ ਹੋਰ ਸਾਈਟਾਂ ਖੁੱਲ੍ਹਣਗੀਆਂ। ਕੁੱਲ ਮਿਲਾ ਕੇ 13 ਵੋਟ ਕੇਂਦਰ ਹੋਣਗੇ।

*ਸਾਰਣੀ 2 ਮਤਦਾਤਾ ਦੀ ਚੋਣ ਅਧਿਨਿਯਮ ਦਿਨ ਅਤੇ ਕੰਮਕਾਜ ਦੇ ਘੰਟੇ*

| ਵੋਟ ਕੇਂਦਰਾਂ ਦੀ ਅਨੁਮਾਨਿਤ ਨਿਊਨਤਮ ਸੰਖਿਆ | ਚੋਣਾਂ ਵਾਲੇ ਦਿਨ ਤੋਂ ਪਹਿਲਾਂ ਦੇ ਦਿਨ | ਰੋਜ਼ਾਨਾ ਕੁੱਲ ਘੰਟੇ | ਕੰਮਕਾਜ ਦੇ ਘੰਟੇ |
|---|---|---|---|
| 3 ਵੋਟ ਕੇਂਦਰ | 10 ਦਿਨ | 8 ਘੰਟੇ | ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ |
| 13 ਵੋਟ ਕੇਂਦਰ | 3 ਦਿਨ | 8 ਘੰਟੇ | ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ |
| 13 ਵੋਟ ਕੇਂਦਰ | ਚੋਣਾਂ ਵਾਲਾ ਦਿਨ | 13 ਘੰਟੇ | ਸਵੇਰੇ 7:00 ਵਜੇ ਤੋਂ ਸ਼ਾਮ 8:00 ਵਜੇ ਤੱਕ |

ਵੋਟ ਕੇਂਦਰਾਂ ਦੀ ਫਾਈਨਲ ਸੂਚੀ ਕਾਉਂਟੀ ਦੀ ਵੋਟਰ ਜਾਣਕਾਰੀ ਗਾਈਡ ਦੇ ਚੋਣ ਵਿਸ਼ਿਸ਼ਟ ਵਿੱਚ ਦੇਖੀ ਜਾ ਸਕਦੀ ਹੈ। 2022 ਦੀ ਚੋਣ ਸਾਈਕਲ ਦੌਰਾਨ ਵਰਤੇ ਗਏ ਟਿਕਾਣਿਆਂ ਦੀ ਸੂਚੀ ਅਤੇ ਨਕਸ਼ੇ ਲਈ ਅੰਤਿਕਾਵਾਂ ਵੇਖੋ। (ਵੋਟ ਕੇਂਦਰ ਦੇ ਟਿਕਾਣੇ ਸਥਾਨ ਦੇ ਮੇਜ਼ਬਾਨ ਦੀ ਉਪਲਬਧਤਾ ਦੇ ਆਧਾਰ 'ਤੇ ਬਦਲੇ ਜਾ ਸਕਦੇ ਹਨ।)

## ਵੋਟ ਕੇਂਦਰ ਦਾ ਖਾਕਾ

EC §4005(a)(10)(I)(vi)(XI)

ਹਰੇਕ ਵੋਟ ਕੇਂਦਰ ਦਾ ਇੱਕ ਖਾਸ, ਪਹਿਲਾਂ ਤੋਂ ਪਰਿਭਾਸ਼ਿਤ ਖਾਕਾ ਹੁੰਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੋਲ ਕਰਮੀ ਵੋਟਰ ਦੀ ਗੋਪਨੀਯਤਾ ਨੂੰ ਅਧਿਕਤਮ ਬਣਾਉਣ ਲਈ ਉਹ ਸਟੇਸ਼ਨ ਸਥਾਪਤ ਕਰਦੇ ਹਨ। ਸਟੇਸ਼ਨ ਲਾਈਨ ਪ੍ਰਬੰਧਨ, ਚੈੱਕ-ਇਨ, ਬੈਲਟ ਪ੍ਰਿੰਟਿੰਗ, ਬੈਲਟ ਮਾਰਕਿੰਗ ਯੰਤਰਾਂ, ਅਤੇ ਬੈਲਟ ਬੌਕਸਾਂ ਲਈ ਸਮਰਪਿਤ ਟੇਬਲ ਹੁੰਦੇ ਹਨ। ਫਲੋਰ ਪਲੈਨ ਪਹੁੰਚਯੋਗਤਾ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ  ਹਨ ਅਤੇ ਹਰੇਕ ਟਿਕਾਣੇ ਦੇ ਆਕਾਰ ਅਤੇ ਆਕਾਰ ਦੀ ਬਿਹਤਰ ਵਰਤੋਂ ਕਰਨ ਲਈ ਵਿਵਸਥਿਤ ਕੀਤੇ ਗਏ ਹਨ।

2022 ਦੀ ਚੋਣ ਸਾਈਕਲ ਦੌਰਾਨ ਵਰਤੇ ਗਏ  ਵੋਟ ਪਾਉਣ ਦੇ ਕਮਰੇ ਲਈ ਵੋਟ ਕੇਂਦਰਾਂ ਦੇ ਖਾਕੇ ਅੰਤਿਕਾ C ਵਿੱਚ ਵੇਖੋ। ਅਸੀਂ ਅਗਲੀਆਂ ਚੋਣਾਂ ਲਈ ਇਨ੍ਹਾਂ ਟਿਕਾਣਿਆਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਹੇ ਹਾਂ; ਹਾਲਾਂਕਿ, (ਵੋਟ ਕੇਂਦਰ ਦੇ ਟਿਕਾਣੇ, ਸਥਾਨ ਦੇ ਮੇਜ਼ਬਾਨ ਦੀ ਉਪਲਬਧਤਾ ਦੇ ਆਧਾਰ 'ਤੇ ਬਦਲੇ ਜਾ ਸਕਦੇ ਹਨ।)  ਚੋਣ-ਵਿਸ਼ੇਸ਼ ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬਾਕਸ ਦੇ ਸਥਾਨਾਂ ਅਤੇ ਕੰਮ ਦੇ ਘੰਟੇ ਕਾਉਂਟੀ ਵੋਟਰ ਜਾਣਕਾਰੀ ਗਾਈਡ, ਵੋਟਰਾਂ ਨੂੰ ਡਾਕ ਰਾਹੀਂ ਵੋਟ ਬੈਲਟ ਪੈਕੇਟ ਵਿੱਚ ਭੇਜੀ ਗਈ ਜਾਣਕਾਰੀ ਵਾਲੇ ਇਨਸਰਟ, ਕਾਉਂਟੀ ਚੋਣ ਦਫ਼ਤਰ ਦੀ ਵੈੱਬਸਾਈਟ yoloelections.org, ਅਤੇ ਕੈਲੀਫੋਰਨੀਆ ਸੈਕਟਰੀ ਔਫ਼

ਸਟੇਟ ਵੈਬਸਾਈਟ sos.ca.gov ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ।

## ਵੋਟ ਕੇਂਦਰ ਵਿੱਚ ਸਟਾਫ਼ ਦੀ ਭਰਤੀ ਅਤੇ ਸਿਖਲਾਈ

EC §§4005(a)(10)(I)(vi)(IX) ਅਤੇ 4005(a)(10)(I)(vi)(IX)

ਵੋਟ ਸੈਂਟਰ ਦੇ ਸਟਾਫ਼ ਮੈਂਬਰਾਂ ਦੀ ਭਰਤੀ ਅਤੇ ਸਿਖਲਾਈ ਲਈ ਅਨੁਮਾਨਿਤ ਲੋੜ 11-ਦਿਨਾਂ ਅਤੇ ਚਾਰ-ਦਿਨਾਂ ਦੇ ਵੋਟ ਕੇਂਦਰਾਂ ਦੀ ਗਿਣਤੀ, ਚੈੱਕ-ਇਨ ਸਟੇਸ਼ਨਾਂ ਦੀ ਗਿਣਤੀ, ਵੋਟ ਕੇਂਦਰ ਦੀ ਅਨੁਮਾਨਿਤ ਸਮਰੱਥਾ, ਅਨੁਮਾਨਿਤ ਮਤਦਾਨ, ਅਤੇ ਇੱਕ ਸਮਾਂ-ਸਾਰਣੀ 'ਤੇ ਨਿਰਭਰ ਕਰਦੀ ਹੈ ਜੋ ਵਿਅਕਤੀਗਤ ਸਿਖਲਾਈ ਦੇ ਉਦੇਸ਼ਾਂ ਲਈ ਕਈ ਤਰ੍ਹਾਂ ਦੀਆਂ ਸ਼ਿਫਟਾਂ ਦਾ ਸਮਰਥਨ ਕਰਦੀ ਹੈ। ਅਸਥਾਈ ਤੌਰ 'ਤੇ, ਇੱਕ ਵੋਟ ਕੇਂਦਰ ਵਿੱਚ ਘੱਟੋ-ਘੱਟ ਅੱਠ ਸਟਾਫ਼ ਮੈਂਬਰ ਕੰਮ ਕਰਨਗੇ ਜਿਸ ਵਿੱਚ ਦੋ ਸੁਪਰਵਾਈਜ਼ਰ ਸ਼ਾਮਲ ਹਨ ਜਿਨ੍ਹਾਂ ਨੂੰ "ਇੰਸਪੈਕਟਰ" ਮੰਨਿਆ ਜਾਂਦਾ ਹੈ ਅਤੇ ਬਾਕੀ ਸਟਾਫ਼ ਮੈਂਬਰ ਕਲਰਕ ਹੁੰਦੇ ਹਨ (ਕਈ ਵਾਰ "ਜੱਜ" ਵੀ ਕਿਹਾ ਜਾਂਦਾ ਹੈ)। ਧਿਆਨ ਦਿਓ ਕਿ ਸ਼ਬਦ "ਪੋਲ ਕਰਮੀ" ਦੀ ਵਰਤੋਂ "ਚੋਣ ਕਰਮਚਾਰੀ", "ਵੋਟ ਸੈਂਟਰ" ਸਟਾਫ਼, ਜਾਂ "VC ਸਟਾਫ਼" ਦੇ ਤੌਰ 'ਤੇ ਕੀਤੀ ਜਾਂਦੀ ਹੈ।

ਵੋਟ ਕੇਂਦਰ ਦੇ ਕੰਮਕਾਜ ਵਿੱਚ ਸਹਾਇਤਾ ਅਤੇ ਨਿਗਰਾਨੀ ਕਰਨ ਲਈ Yolo ਕਾਉਂਟੀ ਦੇ ਵੋਟ ਕੇਂਦਰ ਟਿਕਾਣਿਆਂ ਦੇ ਤਿੰਨ ਭੂਗੋਲਿਕ ਖੇਤਰਾਂ ਵਿੱਚੋਂ ਹਰੇਕ ਨੂੰ ਇੱਕ ਰੋਵਿੰਗ ਇੰਸਪੈਕਟਰਸ ਅਤੇ ਸਹਾਇਕ ਰੋਵਰ ਨਿਰਧਾਰਿਤ ਕੀਤਾ ਜਾਵੇਗਾ। ਖੇਤਰੀ ਸਹਾਇਤਾ ਦਾ ਸਹਾਇਕ ਰੋਵਰ ਘਟਕ 2024 ਦੀ ਚੋਣ ਸਾਈਕਲ ਲਈ ਇੱਕ ਪਾਇਲਟ ਪ੍ਰੋਗਰਾਮ ਹੈ ਜੋ ਲਚਕਤਾ ਨੂੰ ਵਧਾਉਣ ਅਤੇ ਸੰਸਥਾਗਤ ਗਿਆਨ ਨੂੰ ਬਣਾਉਣ ਲਈ ਤਿਆਰ ਕੀਤਾ ਗਿਆ ਹੈ। ਹਰੇਕ ਰੋਵਰ ਅਤੇ ਸਹਾਇਕ ਰੋਵਰ ਕੋਲ ਇੱਕ ਸਮਾਰਟ ਫ਼ੋਨ ਅਤੇ ਇੱਕ ਵੋਟ ਕੇਂਦਰ ਓਪਰੇਸ਼ਨ ਐਪ ਹੋਵੇਗਾ ਜੋ Yolo ਕਾਉਂਟੀ ਦੁਆਰਾ ਪਾਲਣਾ ਨੂੰ ਦਸਤਾਵੇਜ਼ਿਤ ਕਰਨ ਅਤੇ ਮੁੱਦਿਆਂ ਦੀ ਰਿਪੋਰਟ ਕਰਨ ਲਈ ਬਣਾਇਆ ਗਿਆ ਹੈ। ਭੁਗਤਾਨ ਕੀਤੇ ਜਾਂਦੇ ਵਾਧੂ ਪੋਲ ਕਰਮੀ ਲੋੜ ਅਨੁਸਾਰ ਤੈਨਾਤ ਕਰਨ ਲਈ ਉਪਲਬਧ ਹੋਣਗੇ।

*2024 ਦੀ ਚੋਣ ਸਾਈਕਲ ਵਿੱਚ ਪਾਇਲਟ ਕੀਤੀ ਜਾ ਰਹੀ ਇੱਕ ਹੋਰ ਨਵੀਨਤਾ, ਇਲੈਕਸ਼ਨ ਰਿਟਰਨ ਕੋਰੀਅਰਾਂ (Election Returns Couriers) ਦਾ ਹੋਣਾ ਹੈ। ਹਰ ਵੋਟ ਕੇਂਦਰ 'ਤੇ ਚੋਣ ਵਾਲੀ ਰਾਤ ਨੂੰ ਬੰਦ ਕਰਨ ਤੋਂ ਪਹਿਲਾਂ ਸ਼ਾਮ 7 ਵਜੇ ਚਾਰ ਲੋਕਾਂ ਦੀ ਟੀਮ ਪਹੁੰਚੇਗੀ ਅਤੇ ਸਮਾਪਤੀ ਪ੍ਰਕਿਰਿਆ ਦੌਰਾਨ ਆਖਰੀ ਘੰਟੇ ਵਿੱਚ ਮਦਦ ਕਰੇਗੀ। ਇਹ ਟੀਮ ਸਵੇਰੇ 6:00 ਵਜੇ ਤੋਂ ਕੰਮ ਕਰ ਰਹੀ ਵੋਟ ਕੇਂਦਰ ਦੀ ਟੀਮ ਦੀ ਮਦਦ ਕਰਨ ਲਈ "ਤਾਜ਼ਾਤਰੀਨ" ਹੋ ਕੇ ਆਵੇਗੀ। ਇਹ ਇਲੈਕਸ਼ਨ ਰਿਟਰਨ ਕੋਰੀਅਰ ਚੋਣਾਂ ਤੋਂ ਬੈਲਟ ਦੀ ਵਾਪਸੀ (ਡਾਕ-ਰਾਹੀਂ-ਵੋਟ ਬੈਲਟ, ਲਾਈਵ ਬੈਲਟ, ਸ਼ਰਤੀਆ/ਆਰਜ਼ੀ ਬੈਲਟ, ਚੇਨ ਔਫ਼ ਕਸਟਡੀ ਦਾ ਲੌਗ, ਘਟਨਾ ਦੇ ਲੌਗ, ਵਗੈਰਾ) ਨੂੰ ਵੀ Yolo ਕਾਉਂਟੀ ਦੇ ਚੋਣ ਦਫ਼ਤਰ ਵਿੱਚ ਲਿਜਾਏਗੀ। ਕੋਰੀਅਰ, ਜਿੰਨਾਂ ਨੂੰ ਔਨਲਾਈਨ ਅਤੇ ਵਿਅਕਤੀਗਤ ਤੌਰ ਤੇ ਸਿਖਲਾਈ ਪ੍ਰਾਪਤ ਹੋਵੇਗੀ, ਉਹ ਚੋਣ ਵਾਲੇ ਦਿਨ ਤੋਂ ਪਹਿਲਾਂ ਆਪਣੇ ਨਿਰਧਾਰਿਤ ਵੋਟ ਕੇਂਦਰ ਤੇ ਸਿਖਲਾਈ ਦੇਣਗੇ ਅਤੇ ਚੋਣ ਵਾਲੀ ਰਾਤ ਸਹਾਇਤਾ ਪ੍ਰਦਾਨ ਕਰਨਗੇ।*

*ਬਾਕੀ ਵੋਟ ਕੇਂਦਰ ਦੀ ਟੀਮ ਸਾਜ਼ੋ-ਸਾਮਾਨ ਨੂੰ ਸੁਰੱਖਿਅਤ ਕਰਨ ਅਤੇ ਸਹੂਲਤ ਨੂੰ ਬੰਦ ਕਰਨ ਲਈ ਰੁੱਕੀ ਰਹੇਗੀ। ਇਲੈਕਸ਼ਨ ਰਿਟਰਨ ਕੋਰੀਅਰ ਦੇ ਅਹੁਦੇ ਹਾਈ ਸਕੂਲ ਦੇ ਵਿਦਿਆਰਥੀਆਂ ਲਈ ਖੁੱਲ੍ਹੇ ਹਨ, ਪਰ ਇੱਕ ਟੀਮ ਵਿੱਚ ਦੋ ਤੋਂ ਵੱਧ ਹਾਈ ਸਕੂਲ ਦੇ ਵਿਦਿਆਰਥੀ ਨਹੀਂ ਹੋ ਸਕਦੇ। ਇਹ ਜਿਆਦਾ ਦਿਨਾਂ ਵਾਲੇ ਵੋਟ ਕੇਂਦਰਾਂ ਦੀ ਪ੍ਰਕਿਰਤੀ ਦੇ ਕਾਰਨ ਹਾਈ ਸਕੂਲ ਦੇ ਵਿਦਿਆਰਥੀਆਂ ਦੀ ਵਿਦਿਆਰਥੀ ਪੋਲ ਕਰਮੀ ਵਜੋਂ ਪਿਛਲੀ ਸ਼ਮੂਲੀਅਤ ਤੋਂ ਕੀਤੀ ਜਾਣ ਵਾਲੀ ਇੱਕ ਤਬਦੀਲੀ ਹੈ। ਹਾਈ ਸਕੂਲ ਦੇ*

*ਵਿਦਿਆਰਥੀਆਂ ਨੂੰ ਵੀ ਬੈਲਟ ਡ੍ਰੌਪ ਬੌਕਸ ਵਾਪਸੀ ਲਿਆਉਣ ਵਾਲੀਆਂ ਟੀਮਾਂ ਲਈ ਵੀ ਭਰਤੀ ਕੀਤਾ ਜਾ ਸਕਦਾ ਹੈ ਜਿਵੇਂ ਕਿ ਹੇਠਾਂ ਚਰਚਾ ਕੀਤੀ ਗਈ ਹੈ।*

*ਸਾਰਣੀ 3 ਵੋਟ ਕੇਂਦਰ ਸਟਾਫ਼ ਭਰਤੀ ਕਰਨ ਸੰਬੰਧੀ ਲੋੜਾਂ*

| ਸ਼ੁਰੂਆਤੀ ਵੋਟਿੰਗ (ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ) | ਸਥਾਨ | ਸੈੱਟ-ਅੱਪ ਕਰਨ ਦੇ ਦਿਨ | ਸ਼ੁਰੂਆਤੀ ਵੋਟਿੰਗ ਦਿਨ ਜਦੋਂ ਖੁੱਲ੍ਹਦੇ ਹਨ | ਹਰੇਕ ਵੋਟ ਕੇਂਦਰ ਤੇ ਕਰਮੀਆਂ ਦੀ ਗਿਣਤੀ | ਕਰਮੀਆਂ ਦੀ ਕੁੱਲ ਗਿਣਤੀ | ਭਰਨ ਲਈ ਸ਼ੁਰੂਆਤੀ ਵੋਟਿੰਗ ਸ਼ਿਫਟਾਂ ਦੀ ਗਿਣਤੀ |
|---|---|---|---|---|---|---|
| "11-ਦਿਨ" ਵਾਲੇ ਵੋਟ ਕੇਂਦਰ | 3 | 1 | 10 | 8 | 24 | 264 ਸ਼ਿਫਟਾਂ |
| "4-ਦਿਨ" ਵਾਲੇ ਵੋਟ ਕੇਂਦਰ | 10 | 1 | 3 | 8 | 80 | 320 ਸ਼ਿਫਟਾਂ |
| ਮੋਬਾਈਲ ਵੋਟ ਕੇਂਦਰ | 1 ਟੀਮ | 0 | 7 | 4 | 4 | 28 ਸ਼ਿਫਟਾਂ |
| **ਸ਼ੁਰੂਆਤੀ ਵੋਟਿੰਗ ਕੁੱਲ** | | | | | **108** | **612 ਸ਼ਿਫਟਾਂ** |
| *ਸਟੈਂਡਬਾਇ ਪੋਲ ਕਰਮੀ* | | | | | | *ਸਿਖਲਾਈ ਅਤੇ ਟੈਸਟਿੰਗ 'ਤੇ ਆਧਾਰਤ TBD* |

| **ਚੋਣਾਂ ਵਾਲਾ ਦਿਨ (ਸਵੇਰੇ 7 ਵਜੇ ਤੋਂ ਰਾਤ 8 ਵਜੇ)** | **ਸਥਾਨ** | **ਚੋਣਾਂ ਵਾਲਾ ਦਿਨ** | **ਹਰੇਕ ਵੋਟ ਕੇਂਦਰ 'ਤੇ ਕਰਮੀਆਂ ਦੀ ਗਿਣਤੀ** | **ਕਰਮੀਆਂ ਦੀ ਕੁੱਲ ਸੰਖਿਆ** | **ਚੋਣਾਂ ਵਾਲਾ ਦਿਨ ਭਰਨ ਵਾਲੀਆਂ ਸ਼ਿਫਟਾਂ ਦੀ ਗਿਣਤੀ** |
|---|---|---|---|---|---|
| **ਚੋਣਾਂ ਵਾਲੇ ਦਿਨ ਦੀ ਟੀਮ** | 13 | 1 | 8 | 104 | 104 ਪੂਰੇ ਦਿਨਾਂ ਦੀਆਂ **ਸ਼ਿਫਟਾਂ** |
| ਚੋਣ ਰਿਟਰਨ ਕੋਰੀਅਰਜ਼ (ਪਾਇਲਟ) | 13 | 1 | 4 | 52 | 52 **ਸ਼ਿਫਟਾਂ (ਸ਼ਾਮ 6 ਵਜੇ ਤੋਂ ਰਾਤ 11 ਵਜੇ)** |
| **ਚੋਣਾਂ ਵਲੇ ਦਿਨ ਕੁੱਲ** | | | | **156** | **ਚੋਣਾਂ ਵਾਲੇ ਦਿਨ 156 ਸ਼ਿਫਟਾਂ** |
| *ਸਟੈਂਡਬਾਇ ਪੋਲ ਕਰਮੀ* | | | | | *ਸਿਖਲਾਈ ਅਤੇ ਟੈਸਟਿੰਗ 'ਤੇ ਆਧਾਰਤ TBD* |

| **ਰੋਵਰ/ਸਹਾਇਕ ਰੋਵਰ ਟੀਮਾਂ** | ਸੈੱਟ-ਅੱਪ ਕਰਨ ਦੇ ਦਿਨ | **ਵੋਟਿੰਗ ਦੇ ਦਿਨ** | **ਕਰਮੀਆਂ ਦੀ ਸੰਖਿਆ** | **ਸ਼ਿਫਟਾਂ ਦੀ ਸੰਖਿਆ** |
|---|---|---|---|---|
| ਟੀਮ 1 | 1 | 11 | 2 | 24 **ਸ਼ਿਫਟਾਂ** |
| ਟੀਮਾਂ 2 ਅਤੇ 3 | 1 | 4 | 4 | 20 **ਸ਼ਿਫਟਾਂ** |
| **ਰੋਵਰਜ਼ ਦਾ ਕੁੱਲ** | | | **6** | **44 ਸ਼ਿਫਟਾਂ** |

| | | | | |
|---|---|---|---|---|
| *ਸਟੈਂਡਬਾਇ ਪੋਲ ਕਰਮੀ* | | | | *ਸਿਖਲਾਈ ਅਤੇ ਟੈਸਟਿੰਗ 'ਤੇ ਆਧਾਰਤ TBD* |

11 ਦਿਨਾਂ ਦੇ ਵੋਟ ਕੇਂਦਰਾਂ 'ਤੇ ਪਹਿਲੇ ਸੱਤ ਦਿਨ ਸਟਾਫ ਦੀ ਵਿਅਕਤੀਗਤ ਸਿਖਲਾਈ ਲਈ ਇੱਕ ਆਦਰਸ਼ ਮੌਕਾ ਹੈ ਜੋ ਚਾਰ ਦਿਨਾਂ ਦੇ ਵੋਟ ਕੇਂਦਰਾਂ 'ਤੇ ਕੰਮ ਕਰਨਗੇ। ਹਰੇਕ ਚਾਰ-ਦਿਨ ਚੋਣ ਕਰਮਚਾਰੀ ਲਈ ਇੱਕ ਪੂਰੇ ਦਿਨ ਦੀ ਸ਼ਿਫਟ ਉਹਨਾਂ ਦੇ ਚਾਰ ਦਿਨਾਂ ਦੇ ਵੋਟ ਕੇਂਦਰਾਂ ਦੇ ਖੁੱਲਣ ਤੋਂ ਪਹਿਲਾਂ ਵਿਵਹਾਰਕ ਅਨੁਭਵ ਦੇਣ ਲਈ ਨਿਰਧਾਰਿਤ ਕੀਤੀ ਜਾਵੇਗੀ। ਇਹ ਵਿਵਹਾਰਕ ਟ੍ਰੇਨਿੰਗ 2022 ਦੇ ਚੋਣ ਚੱਕਰ ਵਿੱਚ ਇੰਸਪੈਕਟਰਾਂ ਲਈ 11-ਦਿਨਾਂ ਦੇ ਵੋਟ ਕੇਂਦਰਾਂ 'ਤੇ ਸ਼ੁਰੂਆਤੀ ਪ੍ਰਕਿਰਿਆਵਾਂ ਅਤੇ ਸਮਾਪਤੀ ਪ੍ਰਕਿਰਿਆਵਾਂ ਦੀ ਇੱਕ "ਸ਼ਿਫਟ" ਦੀ ਪਾਲਣਾ ਕਰਨ ਦੀ ਸਾਡੀ ਲੋੜ ਦਾ ਵਿਸਤਾਰ ਹੈ। ਇਹ ਨਵੀਂ ਪਹੁੰਚ 11 ਦਿਨਾਂ ਦੇ ਵੋਟ ਸੈਂਟਰ ਸਟਾਫ਼ ਨੂੰ ਬਹੁਤੇਰੀ ਲੋੜੀਂਦੀ ਛੁੱਟੀ ਦੀ ਵੀ ਇਜਾਜ਼ਤ ਦੇਵੇਗੀ।

ਵਾਧੂ ਪੋਲ ਕਰਮੀਆਂ ਨੂੰ ਸਿਖਲਾਈ ਲਈ ਭੁਗਤਾਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਕੋਲ ਵਿਵਹਾਰਕ ਤਜ਼ਰਬਾ ਪ੍ਰਾਪਤ ਕਰਨ ਦੇ ਸਿਖਲਾਈ ਦੇ ਹਿੱਸੇ ਵਜੋਂ ਪੂਰਾ ਦਿਨ ਕੰਮ ਕਰਨ ਦਾ ਮੌਕਾ ਵੀ ਹੋਵੇਗਾ।

ਸਾਰੇ ਚੋਣ ਕਰਮੀਆਂ ਨੂੰ ਵੋਟ ਕੇਂਦਰ ਮੈਨੂਅਲ ਦੀ ਆਪਣੀ ਕਾਪੀ ਪ੍ਰਾਪਤ ਹੁੰਦੀ ਹੈ, ਅਤੇ ਉਨ੍ਹਾਂ ਨੂੰ ਔਨਲਾਈਨ ਸਿਖਲਾਈ, ਵਿਅਕਤੀਗਤ ਲੈਕਚਰ/ਪ੍ਰਦਰਸ਼ਨ ਕਲਾਸ, ਅਤੇ ਵਿਵਹਾਰਕ ਤਜ਼ਰਬਾ ਪ੍ਰਾਪਤ ਕਰਨਾ ਲਾਜ਼ਮੀ ਹੁੰਦਾ ਹੈ। ਵਿਅਕਤੀਗਤ ਤੌਰ ਤੇ ਸਿਖਲਾਈ ਦਿਨ ਵੇਲੇ, ਸਾਮ ਵੇਲੇ, ਅਤੇ ਵੀਕੈਂਡਸ 'ਤੇ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ। ਔਨਲਾਈਨ ਸਿਖਲਾਈ ਆਪਣੀ ਰਫਤਾਰ ਨਾਲ ਪੂਰੀ ਕੀਤੀ ਜਾ ਸਕਦੀ ਹੈ ਅਤੇ ਇਸ ਦੇ ਨਤੀਜਿਆਂ ਦੀ ਨਿਗਰਾਨੀ ਚੋਣ ਦਫਤਰ ਦੁਆਰਾ ਕੀਤੀ ਜਾਂਦੀ ਹੈ। ਵਿਵਹਾਰਕ ਸਿਖਲਾਈ ਵਿੱਚ ਸਾਰੇ ਕਰਮਚਾਰੀਆਂ ਲਈ ਨਿਰਦੇਸ਼ਾਤਮਕ ਸਿਖਲਾਈ ਅਤੇ "4 ਦਿਨਾਂ" ਵਾਲੀ ਕਰਮਚਾਰੀ ਲਈ ਸਿਖਲਾਈ ਸ਼ਿਫ਼ਟ ਅਤੇ 11 ਦਿਨਾਂ ਵਾਲੇ ਵੋਟ ਕੇਂਦਰ 'ਤੇ ਇੱਕ ਸਿਖਲਾਈ ਸ਼ਾਮਿਲ ਹੁੰਦੀ ਹੈ। ਨਵੰਬਰ 2022 ਦੀ ਔਨਲਾਈਨ ਸਿਖਲਾਈ ਵਿੱਚ ਇੱਕ ਕਵਿਜ਼, ਅੱਠ ਵੀਡੀਓ, ਅਤੇ ਇੱਕ ਯੋਗਤਾ ਪ੍ਰਾਪਤ ਕਰਨ ਵਾਲੀ ਕਵਿਜ਼ ਦੇ ਨਾਲ ਛੇ ਮਾਡਿਊਲ ਸ਼ਾਮਲ ਸਨ। ਇੰਸਪੈਕਟਰਾਂ ਅਤੇ ਰੋਵਰਾਂ ਨੂੰ ਇੱਕ ਵਾਧੂ ਔਨਲਾਈਨ ਮਾਡਿਊਲ ਅਤੇ ਵਿਅਕਤੀਗਤ ਸਿਖਲਾਈ ਲੈਣ ਦੀ ਲੋੜ ਪੈਂਦੀ ਸੀ।

ਚੋਣ ਕਰਮੀਆਂ ਨੂੰ ਵੋਟਰਾਂ ਦੀ ਮਦਦ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ ਜਿਨ੍ਹਾਂ ਦੀਆਂ ਵੱਖ-ਵੱਖ ਲੋੜਾਂ ਸ਼ਾਮਲ ਹੁੰਦੀਆਂ ਹਨ। ਵੋਟ ਕੇਂਦਰ ਦਾ ਸਟਾਫ਼ ਪ੍ਰਤੀਕਿਰਤੀ ਬੈਲਟ ਦੇ ਉਦੇਸ਼ ਬਾਰੇ ਅਤੇ ਉਨ੍ਹਾਂ ਦੀ ਸਹੀ ਤਰੀਕੇ ਨਾਲ ਸਾਜ-ਸੰਭਾਲ ਕਰਨ ਲਈ ਸਿੱਖਿਅਤ ਹੁੰਦੇ ਹਨ, ਜਿਸ ਵਿੱਚ ਵੋਟਰਾਂ ਨੂੰ ਪ੍ਰਤੀਕਿਰਤੀ ਬੈਲਟ ਦੇ ਮੌਜੂਦ ਹੋਣ ਬਾਰੇ ਅਤੇ ਬੇਨਤੀ ਕੀਤੇ ਜਾਣ ਤੇ ਇਸਨੂੰ ਸਿੱਧੇ ਤੌਰ ਤੇ ਪ੍ਰਦਾਨ ਕੀਤਾ ਜਾਣਾ ਸ਼ਾਮਲ ਹੈ। ਸਮਰਥਨ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਭਾਸ਼ਾਵਾਂ ਵਿੱਚ ਪ੍ਰਤੀਕਿਰਤੀ ਬੈਲਟ ਦੀ ਉਪਲਬਧਤਾ ਬਾਰੇ ਦੱਸਿਆ ਵੀ ਜਾਂਦਾ ਹੈ—ਜੋ ਕਿ ਟੇਬਲ ਤੇ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਸਾਈਨ ਦੁਆਰਾ ਦਰਸਾਇਆ ਜਾਂਦਾ ਹੈ।

Yolo ਕਾਉਂਟੀ ਦਾ ਚੋਣ ਦਫ਼ਤਰ ਅਜਿਹੇ ਚੋਣ ਕਰਮੀਆਂ ਦੀ ਭਰਤੀ ਕਰਨ ਲਈ ਹਮੇਸ਼ਾ ਸਦਭਾਵਨਾ ਨਾਲ ਪੂਰੀ ਕੋਸ਼ਿਸ਼ ਕਰਦਾ ਹੈ ਜੋ ਚੀਨੀ, ਕੋਰੀਅਨ, ਪੰਜਾਬੀ, ਸਪੈਨਿਸ਼ (ਚੋਣ ਕੋਡ §14201), ਅਤੇ ਰੂਸੀ ਭਾਸ਼ਾ ਵਿੱਚ ਸਹਾਇਤਾ ਪ੍ਰਦਾਨ ਕਰਨਗੇ। ਮੋਬਾਈਲ ਵੋਟ ਕੇਂਦਰ ਸਮੇਤ, ਸਾਰੇ ਵੋਟ ਕੇਂਦਰ ਟਿਕਾਣਿਆਂ ਨੂੰ, ਚੀਨੀ, ਕੋਰੀਅਨ, ਪੰਜਾਬੀ, ਰੂਸੀ ਅਤੇ ਸਪੈਨਿਸ਼ ਭਾਸ਼ਾ ਵਿੱਚ ਸੰਦਰਭ ਲੈਣ ਦੇ ਉਦੇਸ਼ਾਂ ਲਈ ਢੁਕਵੇਂ ਬਹੁ-ਭਾਸ਼ਾਈ ਸੰਕੇਤਾਂ ਅਤੇ ਅਨੁਵਾਦਿਤ ਪ੍ਰਤੀਕਿਰਤੀ ਬੈਲਟ ਦੀ ਸਪਲਾਈ ਕੀਤੀ ਜਾਵੇਗੀ। ਵੋਟ ਪਾਉਣ ਸੰਬੰਧੀ ਅਧਿਕਾਰਾਂ ਦੇ ਅਧਿਨਿਯਮ ਦੇ ਸੈਕਸ਼ਨ 203 ਅਨੁਸਾਰ ਸਾਰੀ ਵੋਟ ਪਾਉਣ ਵਾਲੀ ਸਮੱਗਰੀ ਅਤੇ ਬੈਲਟ ਅੰਗਰੇਜ਼ੀ ਵਿੱਚ ਹੁੰਦੇ ਹਨ।

ਇਸਦੇ ਨਾਲ ਹੀ, ਹਰੇਕ ਵੋਟ ਕੇਂਦਰ ਵਿੱਚ ਟੇਲੀਫ਼ੋਨ ਰਾਹੀਂ ਦੁਭਾਸ਼ਿਏ ਦੀਆਂ ਸੇਵਾਵਾਂ ਮੌਜੂਦ ਹੁੰਦੀਆਂ ਹਨ। ਟੇਲੀਫ਼ੋਨ ਰਾਹੀਂ ਦੁਭਾਸ਼ਿਏ ਦੀਆਂ ਸੇਵਾ ਨਾਲ ਕਾਉਂਟੀ ਚੋਣ ਅਧਿਕਾਰੀਆਂ, ਸਹਾਇਕ ਸਟਾਫ਼ ਅਤੇ ਪੋਲ ਵਰਕਰਾਂ ਸਮੇਤ, ਵੋਟਰਾਂ ਨਾਲ ਲਗਭਗ

ਬੱਤੀਸ ਵੱਖ-ਵੱਖ ਭਾਸ਼ਾਵਾਂ ਵਿੱਚ ਉਨ੍ਹਾਂ ਦੀ ਮੂਲ ਭਾਸ਼ਾ ਵਿੱਚ ਸੰਚਾਰ ਕਰਨ ਲਈ ਕਿਸੇ ਤੀਜੀ-ਧਿਰ ਦੇ ਦੁਭਾਸ਼ੀਏ ਨਾਲ ਜੁੜਨ ਦੀ ਇਜਾਜ਼ਤ ਦਿੰਦਾ ਹੈ। ਇਹ ਸੇਵਾ 24/7 ਉਪਲਬਧ ਹੁੰਦੀ ਹੈ। ਇੱਕ ਨਿਗਰਾਨੀ ਕਰਨ ਵਾਲਾ ਪੋਲ ਕਰਮੀ ਇਸ ਸੇਵਾ ਤੱਕ ਪਹੁੰਚ ਕਰਨ ਲਈ ਆਪਣੇ ਕਾਉਂਟੀ ਦੁਆਰਾ ਜਾਰੀ ਕੀਤੇ ਮੋਬਾਈਲ ਫੋਨ ਦੀ ਵਰਤੋਂ ਕਰੇਗਾ/ਗੀ।

ਪੋਲ ਕਰਮੀਆਂ ਨੂੰ ਪਹੁੰਚਯੋਗ ਬੈਲਟ 'ਤੇ ਨਿਸ਼ਾਨ ਲਗਾਉਣ ਵਾਲੇ ਡਿਵਾਈਸਾਂ (ਹਾਰਟ ਇੰਟਰਸਿਵਿਕ ਵੈਰਿਟੀ ਟੱਚ ਰਾਈਟਰ ਡਿਵਾਈਸ) ਨੂੰ ਸਥਾਪਤ ਕਰਨ ਲਈ ਸਿਖਲਾਈ ਪ੍ਰਾਪਤ ਹੁੰਦੀ ਹੈ। ਪੋਲ ਕਰਮੀ ਡਿਵਾਈਸਾਂ ਨੂੰ ਖੁਦ ਵਰਤਣਾ ਸਿੱਖਦੇ ਹਨ ਤਾਂ ਜੋ ਉਹ ਪਹੁੰਚਯੋਗ ਵਿਸ਼ੇਸ਼ਤਾਵਾਂ ਦੀ ਵਰਤੋਂ ਕਰਨ ਵਿੱਚ ਵੋਟਰਾਂ ਦੀ ਮਦਦ ਕਰ ਸਕਣ। ਇਨ੍ਹਾਂ ਵਿਸ਼ੇਸ਼ਤਾਵਾਂ ਵਿੱਚ ਇੱਕ ਟਚਸਕ੍ਰੀਨ; ਇੱਕ ਸਕ੍ਰੋਲਿੰਗ ਵ੍ਹੀਲ ਅਤੇ ਇੱਕ "ਚੁਣੋ" ਬਟਨ ਦੇ ਨਾਲ ਇੱਕ ਹੈਂਡਹੋਲਡ ਕੰਟਰੋਲਰ; ਸਕ੍ਰੀਨ 'ਤੇ ਟੈਕਸਟ ਦਾ ਆਕਾਰ ਅਤੇ ਰੰਗ ਦਾ ਕੰਟ੍ਰਾਸਟ ਬਦਲਣ ਦੇ ਵਿਕਲਪ; ਬੈਲਟ ਦੇ ਆਡੀਓ ਸੰਸਕਰਣ ਨੂੰ ਸੁਣਨ ਲਈ ਹੈੱਡਫੋਨ ਅਤੇ ਬੈਲਟ ਨੂੰ ਇਲੈਕਟ੍ਰਾਨਿਕ ਤੌਰ 'ਤੇ ਨੈਵੀਗੇਟ ਕਰਨ ਅਤੇ ਮਾਰਕ ਕਰਨ ਲਈ ਆਡੀਓ ਨਿਰਦੇਸ਼; ਅਤੇ ਸਪਰਸ਼ ਕਰਨ ਲਈ ਬਟਨ ਜਾਂ ਵੋਟਰ ਦੇ ਸਿਪ-ਐਂਡ-ਪਫ਼ ਡਿਵਾਈਸ ਨੂੰ ਜੋੜਨ ਲਈ ਪੋਰਟ ਸ਼ਾਮਲ ਹਨ। ਜਦੋਂ ਕਿ ਕੋਈ ਵੀ ਵੋਟਰ ਟੱਚ ਰਾਈਟਰ ਦੀ ਵਰਤੋਂ ਕਰ ਸਕਦਾ ਹੈ, ਇਸ ਦੀਆਂ ਪਹੁੰਚਯੋਗਤਾ ਵਿਸ਼ੇਸ਼ਤਾਵਾਂ ਇਸ ਨੂੰ ਕੁਝ ਅਸਮਰਥਤਾਵਾਂ ਵਾਲੇ ਲੋਕਾਂ ਜਾਂ ਉਨ੍ਹਾਂ ਲੋਕਾਂ ਲਈ ਆਦਰਸ਼ ਬਣਾਉਂਦੀਆਂ ਹਨ ਜੋ ਸਿਰਫ਼ ਉਨ੍ਹਾਂ ਲਈ ਬੈਲਟ ਨੂੰ ਪੜ੍ਹਵਾਉਣਾ ਚਾਹੁੰਦੇ ਹਨ।

ਪੋਲ ਕਰਮੀ ਅਸਮਰੱਥਤਾਵਾਂ ਵਾਲੇ ਲੋਕਾਂ ਲਈ ਪਹੁੰਚਯੋਗ ਵੋਟ ਕੇਂਦਰ ਨੂੰ ਸੇਵਾ ਪ੍ਰਦਾਨ ਕਰਨ ਲਈ ਜ਼ਰੂਰੀ ਉਪਕਰਨ ਦੀਆਂ ਕਿਸਮਾਂ ਅਤੇ ਸਥਾਪਨਾ ਬਾਰੇ ਸਿੱਖਿਅਤ ਹੁੰਦੇ ਹਨ। ਇਸ ਵਿੱਚ ਪਹੁੰਚਯੋਗ ਯਾਤਰਾ ਕਰਨ ਦੇ ਰਸਤਿਆਂ ਬਾਰੇ ਸਹੀ ਸਾਈਨੇਜ, ਦਰਵਾਜ਼ੇ, ਫਰਸ਼ ਤੇ ਪਏ ਮੈਟਸ, ਥ੍ਰੈਸ਼ਹੋਲਡ ਮੈਟਸ, ਅਤੇ ਪਹੁੰਚਯੋਗ ਵੋਟਿੰਗ ਬੂਥ ਬਾਰੇ ਸਾਈਨੇਜ ਸ਼ਾਮਲ ਹਨ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ।

ਵੋਟ ਕੇਂਦਰਾਂ 'ਤੇ ਅਚਨਚੇਤ ਯੋਜਨਾਵਾਂ ਸੰਚਾਰ ਦੀਆਂ ਸਪਸ਼ਟ ਲਾਈਨਾਂ, ਚੇਨ ਔਫ਼ ਕਮਾਂਡ, ਵਾਧੂ ਸਟਾਫ਼ਿੰਗ, ਅਤੇ ਪਹਿਲਾਂ ਤੋਂ ਕੰਫਿਗਰ ਕੀਤੇ ਗਏ ਉਪਕਰਣ 'ਤੇ ਧਿਆਨ ਕੇਂਦ੍ਰਿਤ ਕਰਦੀਆਂ ਹਨ। ਸੁਰੱਖਿਅਤ ਸਟੋਰੇਜ, ਛੇੜਛਾੜ ਕੀਤੇ ਜਾਣ ਦੀ ਗਵਾਹੀ ਵਾਲੀਆਂ ਸੀਲਾਂ ਅਤੇ ਨਿਗਰਾਨੀ ਕਰਨ ਵਾਲੀ ਚੇਨ ਔਫ਼ ਕਸਟਡੀ ਅਤੇ ਅਤੇ ਇੱਕ ਮਜ਼ਬੂਤ ਸਾਈਬਰ ਸੁਰੱਖਿਆ ਸਥਿਤੀ ਰਾਹੀਂ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਂਦਾ ਹੈ।

## ਵੋਟ ਕੇਂਦਰਾਂ ਤੇ ਚੋਣਾਂ ਸੰਬੰਧੀ ਤਕਨੀਕ

EC §§4005(a)(2)(B), 4005(a)(4)(D), 4005(a)(10)(I)(vi)(X), 4005(a)(6)(D)

ਵੋਟਿੰਗ ਸਿਸਟਮ

Yolo ਕਾਉਂਟੀ ਚੋਣਾਂ ਵੋਟ ਪਾਉਣ ਦੇ ਹਰੇਕ ਟਿਕਾਣੇ 'ਤੇ ਹਾਰਟ ਇੰਟਰਸਿਵਿਕ ਵੈਰਿਟੀ ਪ੍ਰਿੰਟ ਸੰਸਕਰਣ 3.1.1. ਅਤੇ ਵੈਰਿਟੀ ਟੱਚ ਰਾਈਟਰ 3.1.1 ਦੀ ਵਰਤੋਂ ਕਰਦੀਆਂ ਹਨ। ਵੈਰਿਟੀ ਪ੍ਰਿੰਟ ਵੋਟ ਪਾਉਣ ਵਾਲਾ ਸਿਸਟਮ ਦਾ ਬੈਲਟ ਪ੍ਰਿੰਟਿੰਗ ਡਿਵਾਈਸ ਹੈ ਜੋ ਪੋਲ ਕਰਮੀ ਨੂੰ ਮੰਗ ਕਰਨ 'ਤੇ ਵੋਟਰ ਦੇ ਬੈਲਟ ਨੂੰ ਪ੍ਰਿੰਟ ਕਰਨ ਦੀ ਇਜਾਜ਼ਤ ਦਿੰਦਾ ਹੈ। ਇਸ ਤੋਂ ਵਿਪਰੀਤ, ਵੈਰਿਟੀ ਟੱਚ ਰਾਈਟਰ ਵੋਟਰਾਂ ਨੂੰ ਸਕ੍ਰੀਨ 'ਤੇ ਆਪਣੀਆਂ ਚੋਣਾਂ 'ਤੇ ਨਿਸ਼ਾਨ ਲਗਾਉਣ ਅਤੇ ਫਿਰ ਉਨ੍ਹਾਂ ਦੇ ਚਿੰਨ੍ਹਿਤ ਕਾਗਜ਼ੀ ਬੈਲਟ ਨੂੰ ਪ੍ਰਿੰਟ ਕਰਨ ਦੀ ਇਜਾਜ਼ਤ ਦਿੰਦਾ ਹੈ। ਕੋਈ ਵੀ ਵੋਟਰ ਟੱਚ ਰਾਈਟਰ ਦੀ ਵਰਤੋਂ ਕਰ ਸਕਦਾ ਹੈ; ਹਾਲਾਂਕਿ, ਇਸ ਦੀਆਂ ਪਹੁੰਚਯੋਗਤਾ ਵਿਸ਼ੇਸ਼ਤਾਵਾਂ ਇਸ ਨੂੰ ਕੁਝ ਅਸਮਰਥਤਾਵਾਂ ਵਾਲੇ ਲੋਕਾਂ ਲਈ ਆਦਰਸ਼ ਬਣਾਉਂਦੀਆਂ ਹਨ, ਜਿਵੇਂ ਕਿ ਦ੍ਰਿਸ਼ਟੀਹੀਣਤਾ ਜਾਂ ਅਜਿਹੀ ਅਪਾਹਜਤਾ ਜੋ ਕਾਗਜ਼ੀ ਬੈਲਟ 'ਤੇ ਨਿਸ਼ਾਨ ਲਗਾਉਣ ਲਈ "ਕਾਗਜ਼ 'ਤੇ ਪੈੱਨ" ਵਰਤਣਾ ਮੁਸ਼ਕਲ ਬਣਾਉਂਦੀ ਹੈ। ਹਰੇਕ ਵੋਟ ਪਾਉਣ ਦੀ ਥਾਂ 'ਤੇ ਘੱਟੋ-ਘੱਟ ਤਿੰਨ ਵੈਰਿਟੀ ਟੱਚ ਰਾਈਟਰ ਅਤੇ ਦੋ ਵੈਰਿਟੀ ਪ੍ਰਿੰਟ ਸਿਸਟਮ ਸਥਾਪਤ ਕੀਤੇ ਜਾਂਦੇ ਹਨ।

ਇਲੈਕਟ੍ਰਾਨਿਕ ਪੋਲਬੁੱਕਸ

Yolo ਕਾਉਂਟੀ ਚੋਣਾਂ ਟੇਨੇਕਸ ਸੌਫਟਵੇਅਰ ਸੋਲਿਊਸ਼ਨਜ਼ ਪ੍ਰੀਸਿੰਕਟ ਸੈਂਟਰਲ ਈ-ਪੋਲਬੁੱਕ ਸੰਸਕਰਣ 4.3 ਸਿਸਟਮ ਦੀ ਵਰਤੋਂ ਕਰਦਾ ਹੈ। ਇਸ ਸਿਸਟਮ ਨੇ 2020 ਵਿੱਚ ਕਾਗਜ਼ੀ ਵੋਟਰ ਰੋਸਟਰਾਂ ਦੀ ਥਾਂ ਲੈ ਲਈ ਸੀ। ਮਤਦਾਤਾ ਦੀ ਚੋਣ ਅਧਿਨਿਯਮ ਜਿਹੇ ਮਾਡਲ ਨੇ ਪ੍ਰਦਰਸ਼ਿਤ ਕੀਤਾ ਕਿ ਈ-ਪੋਲਬੁੱਕ ਵੋਟਰਾਂ ਅਤੇ ਸਟਾਫ਼ ਲਈ ਵੋਟਰ ਦੇ ਚੈੱਕ-ਇਨ ਲਈ ਇਸਤੇਮਾਲ ਕਰਨ ਲਈ ਆਸਾਨ ਸਨ, ਅਤੇ ਉਹ ਇੱਕ ਡੈਸ਼ਬੋਰਡ ਪ੍ਰਦਾਨ ਕਰਦੇ ਹਨ ਜਿਸ ਨਾਲ ਵੋਟਰ ਸਾਰੇ ਵੋਟ ਕੇਂਦਰਾਂ 'ਤੇ ਉਡੀਕ ਸਮਾਂ ਦੇਖ ਸਕਣਗੇ।

ਵੋਟ ਕੇਂਦਰ ਸਟਾਫ਼ ਨੂੰ VoteCal, ਰਾਜ ਵਿਆਪੀ ਵੋਟਰ ਰਜਿਸਟ੍ਰੇਸ਼ਨ ਡੇਟਾਬੇਸ, ਅਤੇ ਕਾਉਂਟੀ ਦੇ ਚੋਣ ਪ੍ਰਬੰਧਨ ਸਿਸਟਮ (Election Management System) ਤੱਕ ਰੀਅਲ-ਟਾਈਮ ਪਹੁੰਚ ਹੋਵੇਗੀ। ਇਹ ਐਂਡ-ਟੂ-ਐਂਡ ਐਨਕ੍ਰਿਪਟਿਡ ਰੀਅਲ-ਟਾਈਮ ਕਨੈਕਸ਼ਨ ਵੋਟ ਕੇਂਦਰ ਦੇ ਸਟਾਫ਼ ਨੂੰ ਈ-ਪੋਲਬੁੱਕ ਰਾਹੀਂ ਹਰੇਕ ਵੋਟਰ ਦੀ ਸਥਿਤੀ ਨੂੰ ਦੇਖਣ ਅਤੇ ਅੱਪਡੇਟ ਕਰਨ ਦੀ ਇਜਾਜ਼ਤ ਦਿੰਦਾ ਹੈ। Yolo ਕਾਉਂਟੀ ਕ੍ਰੈਡਲਪੁਆਇੰਟ ਦੀ ਵਰਤੋਂ ਕਰਦੇ ਹੋਏ ਸੁਰੱਖਿਅਤ ਸੰਚਾਰ ਲਿੰਕਾਂ ਦੀ ਮਾਲਕੀਅਤ ਅਤੇ ਰੱਖ-ਰਖਾਅ ਕਰਦੀ ਹੈ। ਕ੍ਰੈਡਲਪੁਆਇੰਟ ਸੁਰੱਖਿਅਤ ਵਾਇਰਲੈੱਸ ਵਾਈਡ ਏਰੀਆ ਨੈੱਟਵਰਕ (Wide Area Network, WAN) ਨੈੱਟਵਰਕਿੰਗ ਲਈ ਰਾਊਟਰਾਂ, ਗੇਟਵੇਜ਼ ਅਤੇ ਸੌਫਟਵੇਅਰ ਦਾ ਇੱਕ ਐਨਕ੍ਰਿਪਟਿਡ ਅਤੇ ਸੁਰੱਖਿਅਤ ਬੁਨਿਆਦੀ ਢਾਂਚਾ ਸਿਸਟਮ ਹੈ। ਪੋਲ ਕਰਮੀ ਵੋਟ ਕੇਂਦਰ ‘ਤੇ ਈ-ਪੋਲਬੁੱਕ ਅਤੇ ਹੋਰ ਤਕਨੀਕੀ ਡਿਵਾਇਸੇਜ਼ ਦੀ ਸਫਲਤਾਪੂਰਵਕ ਵਰਤੋਂ ਨੂੰ ਯਕੀਨੀ ਬਣਾਉਣ ਲਈ ਔਨਲਾਈਨ, ਵਿਅਕਤੀਗਤ ਤੌਰ ਤੇ ਅਤੇ ਵਿਵਹਾਰਕ ਸਿਖਲਾਈ ਪ੍ਰਾਪਤ ਕਰਦੇ ਹਨ ਅਤੇ ਨਾਲ ਹੀ ਨਾਲ ਲਿਖਿਤ ਨਿਰਦੇਸ਼ ਅਤੇ ਨੌਕਰੀ ਲਈ ਸਹਾਇਕ ਸਮੱਗਰੀ ਪ੍ਰਾਪਤ ਕਰਦੇ ਹਨ।

## ਮੋਬਾਈਲ ਵੋਟ ਕੇਂਦਰ

Yolo ਕਾਉਂਟੀ ਚੋਣਾਂ ਨੇ ਇੱਕ ਮੋਬਾਈਲ ਵੋਟ ਕੇਂਦਰ ਨੂੰ ਸਥਾਪਤ ਕਰਨ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਹੈ। ਹੋਰ 13 ਵੋਟ ਕੇਂਦਰਾਂ 'ਤੇ ਉਪਲਬਧ ਸਾਰੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਮੋਬਾਈਲ ਵੋਟ ਕੇਂਦਰ ਹਰ ਇੱਕ ਦਿਨ ਲਈ Clarksburg, Dunnigan, Guinda, Knights Landing, Madison, Yolo, ਅਤੇ Zamora ਦੇ ਟਾਊਨਸ਼ਿਪਾਂ ਦਾ ਦੌਰਾ ਕਰਦਾ ਹੈ। ਇਸਦੇ ਕੰਮਕਾਜ ਦੇ ਘੰਟੇ ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ ਹਨ, ਅਤੇ ਇਸ ਵਿੱਚ ਹਰ ਰੋਜ਼ ਚਾਰ ਵੋਟ ਕੇਂਦਰ ਕਰਮਚਾਰੀ ਮੌਜੂਦ ਹੁੰਦੇ ਹਨ। 2022 ਦੀ ਚੋਣ ਸਾਈਕਲ ਵਿੱਚ ਵਰਤੇ ਗਏ ਮੋਬਾਈਲ ਵੋਟ ਕੇਂਦਰ ਦੇ ਟਿਕਾਣਿਆਂ ਅਤੇ ਕੰਮ ਦੇ ਘੰਟਿਆਂ ਲਈ ਅੰਤਿਕਾ B ਦੇਖੋ। ਹਾਲਾਂਕਿ ਅਸੀਂ ਅਗਲੀਆਂ ਚੋਣਾਂ ਲਈ ਇਨ੍ਹਾਂ ਟਿਕਾਣਿਆਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਹੇ ਹਾਂ; ਲੇਕਿਨ ਇਹ ਵੋਟ ਕੇਂਦਰ ਦੇ ਟਿਕਾਣੇ, ਸਥਾਨ ਦੇ ਮੇਜ਼ਬਾਨ ਦੀ ਉਪਲਬਧਤਾ ਦੇ ਆਧਾਰ 'ਤੇ ਬਦਲੇ ਜਾ ਸਕਦੇ ਹਨ।)

ਮੋਬਾਈਲ ਵੋਟ ਕੇਂਦਰ ਦੀ ਸਥਿਤੀ ਅਤੇ ਕੰਮਕਾਜ ਦੇ ਸਹੀ ਸਮੇਂ ਦੇ ਵੇਰਵੇ ਕਾਉਂਟੀ ਵੋਟਰ ਜਾਣਕਾਰੀ ਗਾਈਡ, ਮਤਦਾਤਾ ਦੀ ਚੋਣ ਅਧਿਨਿਯਮ ਮੇਲਰ ਵਿੱਚ ਪ੍ਰਿੰਟ ਕੀਤੇ ਜਾਂਦੇ ਹਨ, ਅਤੇ ਚੋਣਾਂ ਦੌਰਾਨ Yolo ਕਾਉਂਟੀ ਚੋਣਾਂ ਦੇ ਵੈਬਪੇਜ 'ਤੇ ਪੋਸਟ ਕੀਤੇ ਜਾਂਦੇ ਹਨ (https://www.yoloelections.org).

## ਅਧਿਕਾਰਕ ਬੈਲਟ ਡ੍ਰੌਪ ਬੌਕਸ

EC §§4005(a)(10)(I)(vi)(II), 4005(a)(3) ਅਤੇ 4005(a)(10)(I)(vi)(VI)

ਮਤਦਾਤਾ ਦੀ ਚੋਣ ਅਧਿਨਿਯਮ ਅਨੁਸਾਰ ਲੋੜੀਂਦਾ ਹੈ ਕਿ ਕਾਉਂਟੀਆਂ ਨੂੰ ਹਰ 15,000 ਰਜਿਸਟਰਡ ਵੋਟਰਾਂ ਲਈ ਘੱਟੋ-ਘੱਟ ਇੱਕ "ਬੈਲਟ ਡ੍ਰੌਪ-ਔਫ਼ ਟਿਕਾਣਾ" ਪ੍ਰਦਾਨ ਕੀਤਾ ਜਾਏ ਜੋ ਕਿ ਚੋਣਾਂ ਦੇ ਦਿਨ ਤੋਂ 88ਵੇਂ ਦਿਨ ਪਹਿਲਾਂ ਨਿਰਧਾਰਿਤ ਕੀਤਾ ਗਿਆ ਹੈ। Yolo ਕਾਉਂਟੀ ਵਿੱਚ, ਇਨ੍ਹਾਂ ਟਿਕਾਣਿਆਂ ਨੂੰ ਬੈਲਟ ਡ੍ਰੌਪ ਬੌਕਸ ਕਿਹਾ ਜਾਂਦਾ ਹੈ। Yolo ਕਾਉਂਟੀ ਚੋਣ ਦਫ਼ਤਰ ਨੇ ਸਾਡੇ ਵਸਨੀਕਾਂ, ਹਰੇਕ ਸ਼ਹਿਰ ਅਤੇ ਗੈਰ-ਸੰਗਠਿਤ ਖੇਤਰਾਂ ਦੀ ਸੇਵਾ ਕਰਨ ਲਈ ਲੋੜੀਂਦੇ ਬੈਲਟ ਡ੍ਰੌਪ ਬੌਕਸਾਂ ਦੀ ਅੰਦਾਜ਼ਨ ਸੰਖਿਆ ਨੂੰ

ਨਿਰਧਾਰਿਤ ਕਰਨ ਲਈ ਵੋਟਰ ਰਜਿਸਟ੍ਰੇਸ਼ਨ ਡੇਟਾ ਦਾ ਵਿਸ਼ਲੇਸ਼ਣ ਕੀਤਾ। ਹਾਲਾਂਕਿ Yolo ਕਾਉਂਟੀ ਵਿੱਚ ਪ੍ਰਸਤਾਵਿਤ ਅਨੁਮਾਨਿਤ 120,000 ਰਜਿਸਟਰਡ ਵੋਟਰਾਂ ਲਈ ਲੋੜੀਂਦੀ ਸੰਖਿਆ ਘੱਟੋ-ਘੱਟ ਨੌਂ (9) ਹੈ, ਲੇਕਿਨ Yolo ਕਾਉਂਟੀ ਚੋਣ ਦਫ਼ਤਰ ਨੇ ਪੂਰੀ Yolo ਕਾਉਂਟੀ ਵਿੱਚ 16 ਬੈਲਟ ਡ੍ਰੌਪ ਬੌਕਸਾਂ ਦੀ ਸਥਾਪਨਾ ਨੂੰ ਬਰਕਰਾਰ ਰੱਖਣ ਦੀ ਯੋਜਨਾ ਬਣਾਈ ਹੈ। ਇਨ੍ਹਾਂ 16 ਅਧਿਕਾਰਕ ਬੈਲਟ ਡ੍ਰੌਪ ਬੌਕਸਾਂ 'ਚੋਂ ਸੱਤ ਬਾਹਰ ਖੁੱਲ੍ਹੇ ਖੇਤਰ ਵਿੱਚ ਹੋਣਗੇ ਅਤੇ ਜਨਤਾ ਲਈ ਦਿਨ ਦੇ 24 ਘੰਟੇ ਖੁੱਲ੍ਹੇ ਰਹਿਣਗੇ।

*ਸਾਰਣੀ 4 ਬੈਲਟ ਡ੍ਰੌਪ ਬੌਕਸ ਫਾਰਮੂਲਾ*

| ਚੋਣਾਂ ਵਾਲੇ ਦਿਨ ਤੋਂ ਕੁਝ ਦਿਨ ਪਹਿਲਾਂ | ਪ੍ਰਤੀ ਬੈਲਟ ਡ੍ਰੌਪ ਬੌਕਸ ਰਜਿਸਟਰਡ ਵੋਟਰਾਂ ਦੀ ਸੰਖਿਆ | ਬੈਲਟ ਡ੍ਰੌਪ ਬੌਕਸਾਂ ਦੀ ਅਨੁਮਾਨਿਤ ਨਿਊਨਤਮ ਸੰਖਿਆ† |
|---|---|---|
| 29 ਦਿਨ | 15,000 ਵੋਟਰ | 9 ਬੈਲਟ ਡ੍ਰੌਪ ਬੌਕਸ |

† >120,000 ਰਜਿਸਟਰਡ ਵੋਟਰਾਂ ਦੇ ਆਧਾਰ 'ਤੇ (ਅਗਸਤ 2023 ਤੋਂ ਪ੍ਰਾਪਤ ਡੇਟਾ ਤੋਂ ਰਾਊਂਡ ਅੱਪ ਕੀਤਾ ਗਿਆ)

ਮਤਦਾਤਾ ਦੀ ਚੋਣ ਅਧਿਨਿਯਮ ਦੀਆਂ ਨਿਊਨਤਮ ਲੋੜਾਂ ਤੋਂ ਇਲਾਵਾ, ਕੈਲੀਫੋਰਨੀਆ ਦੇ ਸੇਕ੍ਰੇਟਰੀ ਔਫ਼ ਸਟੇਟ ਪਹੁੰਚਯੋਗਤਾ ਅਤੇ ਬਹੁ-ਭਾਸ਼ਾਈ ਸਾਈਨੇਜ ਬਾਰੇ ਹੋਰ ਨਿਯਮ ਬਣਾਉਂਦੇ ਹਨ। ਬੈਲਟ ਡ੍ਰੌਪ ਬੌਕਸ ਦੀ ਸਤ੍ਹਾ 'ਤੇ ਗ੍ਰਾਫਿਕਸ ਵਿੱਚ ਅੰਗਰੇਜ਼ੀ ਅਤੇ ਪੰਜ ਹੋਰ ਭਾਸ਼ਾਵਾਂ ਵਿੱਚ ਕਾਨੂੰਨੀ ਨੋਟਿਸ ਲਗੇ ਹੁੰਦੇ ਹਨ ਜਿੰਨਾਂ ਦਾ Yolo ਕਾਉਂਟੀ ਸਮਰਥਨ ਕਰਦੀ ਹੈ। ਸੰਭਾਵੀ ਸਥਾਨ ਦੀ ਵਿਹਾਰਕਤਾ ਵਿਸਤ੍ਰਿਤ ਮੁਲਾਂਕਣ ਦੁਆਰਾ ਨਿਰਧਾਰਿਤ ਕੀਤੇ ਗਏ ਨਿਊਨਤਮ ਪਹੁੰਚਯੋਗਤਾ ਲੋੜਾਂ ਨੂੰ ਪੂਰਾ ਕਰਨ 'ਤੇ ਵੀ ਨਿਰਭਰ ਕਰਦੀ ਹੈ। ਬੈਲਟ ਡ੍ਰੌਪ ਬੌਕਸ ਡਿਜ਼ਾਈਨ, ਲੋੜਾਂ ਅਤੇ ਪਹੁੰਚਯੋਗਤਾ ਬਾਰੇ ਇਹ ਨਿਯਮ ਸੇਕ੍ਰੇਟਰੀ ਔਫ਼ ਸਟੇਟ (Secretary of State, SOS) ਦੀ ਵੈੱਬਸਾਈਟ 'ਤੇ ਇੱਥੇ ਦੇਖੇ ਜਾ ਸਕਦੇ ਹਨ: https://www.sos.ca.gov/administration/regulations/current-regulations/elections/vote-mail-ballot-drop-boxes-and-drop-locations

## ਬੈਲਟ ਡ੍ਰੌਪ ਬੌਕਸ ਟਿਕਾਣੇ ਦੀ ਭਰਤੀ ਦੀ ਪ੍ਰਕਿਰਿਆ

ਸਾਈਟ ਮਾਲਕਾਂ ਲਈ ਬੈਲਟ ਡ੍ਰੌਪ ਬੌਕਸ ਸੇਵਾ ਦੀ ਵਿਆਖਿਆ ਕਰਨ ਅਤੇ ਬੈਲਟ ਡ੍ਰੌਪ ਬੌਕਸ ਦੇ ਟਿਕਾਣੇ ਦੇ ਮੇਜ਼ਬਾਨ ਵਜੋਂ ਮਾਲਕ ਦੀ ਭੂਮਿਕਾ ਨੂੰ ਦਰਸਾਉਣ ਲਈ ਇੱਕ ਜਾਣਕਾਰੀ ਵਾਲਾ ਪੈਕੇਟ ਤਿਆਰ ਕੀਤਾ ਗਿਆ ਹੈ। ਪੈਕੇਟ ਵਿੱਚ ਦੇਣਦਾਰੀ ਦਾ ਬੇਦਾਅਵਾ, ਇੱਕ ਜ਼ਿੰਮੇਵਾਰੀ ਦੀ ਚਿੱਠੀ, ਅਤੇ ਵਿਸ਼ੇਸ਼ਤਾਵਾਂ, ਉਮੀਦਾਂ, ਅਤੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਬਾਰੇ ਇੱਕ ਫਲਾਇਰ ਸ਼ਾਮਲ ਹੁੰਦਾ ਹੈ। ਪੈਕੇਟ ਦੀ ਵਰਤੋਂ ਸੰਭਾਵੀ ਸਾਈਟਾਂ ਤੱਕ ਪਹੁੰਚਣ ਅਤੇ ਬੈਲਟ ਡ੍ਰੌਪ ਬੌਕਸ ਦੀ ਪ੍ਰਕਿਰਿਆ ਬਾਰੇ ਵੇਰਵੇ ਸਹਿਤ ਜਾਣਕਾਰੀ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ ਤਾਂ ਜੋ ਸਾਰੀਆਂ ਧਿਰਾਂ ਬੈਲਟ ਡ੍ਰੌਪ ਬੌਕਸ ਦੀ ਮੇਜ਼ਬਾਨੀ ਕਰਨ ਨਾਲ ਸੰਬੰਧਿਤ ਜ਼ਿੰਮੇਵਾਰੀਆਂ ਅਤੇ ਪ੍ਰਕਿਰਿਆਵਾਂ ਨੂੰ ਸਪਸ਼ਟ ਤੌਰ 'ਤੇ ਸਮਝ ਸਕਣ।

ਅਨੁਕੂਲਤਾ ਅਤੇ ਪਹੁੰਚਯੋਗਤਾ ਨੂੰ ਨਿਰਧਾਰਿਤ ਕਰਨ ਲਈ ਹਰੇਕ ਸੰਭਾਵੀ ਸਾਈਟ ਦਾ ਮੁਲਾਂਕਣ ਕੀਤਾ ਜਾਂਦਾ ਹੈ। ਇੱਕ ਵਾਰ ਸਾਈਟ ਦੀ ਪੂਰੀ ਸਮੀਖਿਆ ਹੋਣ ਤੋਂ ਬਾਅਦ ਕਾਉਂਟੀ ਸਾਈਟ ਦੇ ਕਿਰਾਏਦਾਰ, ਪ੍ਰਾਪਰਟੀ ਮੈਨੇਜਮੈਂਟ ਕੰਪਨੀ ਅਤੇ/ਜਾਂ ਪ੍ਰਾਪਰਟੀ ਮਾਲਕ ਨਾਲ ਮਨਜ਼ੂਰੀ ਅਤੇ ਇਕਰਾਰਨਾਮੇ ਲਈ ਕੰਮ ਕਰਦੀ ਹੈ। ਬੈਲਟ ਡ੍ਰੌਪ ਬੌਕਸ ਦੇ ਟਿਕਾਣਿਆਂ ਨੂੰ ਜਨਤਕ ਫੀਡਬੈਕ ਅਤੇ ਕਾਨੂੰਨੀ ਲੋੜਾਂ ਨੂੰ ਪੂਰਾ ਕਰਨ ਦੇ ਨਾਲ ਚੁਣਿਆ ਜਾਵੇਗਾ।

## ਬੈਲਟ ਡ੍ਰੌਪ ਬੌਕਸ ਦੇ ਦਿਨ ਅਤੇ ਕੰਮਕਾਜ ਦੇ ਘੰਟੇ

EC §4005(a)(10)(I)(vi)(IV) ਅਤੇ EC §4005(a)(10)(I)(vi)(VII)

ਸਾਰੇ ਅਧਿਕਾਰਕ ਬੈਲਟ ਡ੍ਰੌਪ ਬੌਕਸ ਚੋਣਾਂ ਵਾਲੇ ਦਿਨ ਤੋਂ 29 ਦਿਨ ਪਹਿਲਾਂ ਤੋਂ ਉਪਲਬਧ ਹੁੰਦੇ ਹਨ। ਇਹ ਬੌਕਸ ਸੁਰੱਖਿਅਤ, ਪਹੁੰਚਣਯੋਗ ਅਤੇ ਪਛਾਣੇ ਜਾਣ ਵਿੱਚ ਆਸਾਨ ਹੁੰਦੇ ਹਨ। ਅੰਦਰੂਨੀ ਥਾਂਵਾਂ ਵਿੱਚ ਰੱਖੇ ਗਏ ਬੈਲਟ ਡ੍ਰੌਪ ਬੌਕਸ ਹਰੇਕ ਟਿਕਾਣੇ ਦੇ ਨਾਲ ਸੰਬੰਧਿਤ ਨੇਮੀ ਕੰਮ ਦੇ ਘੰਟਿਆਂ ਦੇ ਦੌਰਾਨ ਖੁੱਲ੍ਹੇ ਰਹਿੰਦੇ ਹਨ। ਅੰਦਰੂਨੀ ਥਾਂਵਾਂ ਵਿੱਚ ਰੱਖੇ ਗਏ ਹਰੇਕ ਬੈਲਟ ਡ੍ਰੌਪ ਬੌਕਸ ਦੇ ਅਸਲੀ ਕੰਮਕਾਜ ਦੇ ਘੰਟੇ ਅੰਤਿਕਾ B ਵਿੱਚ ਦੇਖੋ।

*ਸਾਰਣੀ 5 ਅਧਿਕਾਰਕ ਬੈਲਟ ਡ੍ਰੌਪ ਬੌਕਸ ਦੇ ਦਿਨ ਅਤੇ ਕੰਮਕਾਜ ਦੇ ਘੰਟੇ*

| ਬੈਲਟ ਡ੍ਰੌਪ ਬੌਕਸ ਦੀ ਅਨੁਮਾਨਿਤ ਸੰਖਿਆ | ਚੋਣਾਂ ਵਾਲੇ ਦਿਨ ਤੋਂ ਪਹਿਲਾਂ ਦੇ ਦਿਨ | ਰੋਜ਼ਾਨਾ ਕੁੱਲ ਘੰਟੇ | ਕੰਮਕਾਜ ਦੇ ਘੰਟੇ |
|---|---|---|---|
| 7 ਬਾਹਰ ਖੁੱਲ੍ਹੀ ਥਾਂ 'ਤੇ | 29 ਦਿਨ | 24 ਘੰਟੇ | ਸਵੇਰੇ 12:00 ਵਜੇ ਤੋਂ ਰਾਤ 12:00 ਵਜੇ ਤੱਕ |
| 9 ਅੰਦਰੂਨੀ ਥਾਂ 'ਤੇ | 29 ਦਿਨ | ਕਾਰੋਬਾਰੀ ਘੰਟੇ | ਅੰਤਿਕਾ B ਵੇਖੋ |
| ਕੁੱਲ 16 | ਚੋਣਾਂ ਵਾਲਾ ਦਿਨ | ਕਾਰੋਬਾਰੀ ਘੰਟੇ | ਕੰਮਕਾਜ ਦੇ ਘੰਟੇ ਰਾਤ 8:00 ਵਜੇ ਤੱਕ<br>ਅੰਤਿਕਾ B ਵੇਖੋ |

ਕੁਝ ਬੈਲਟ ਡ੍ਰੌਪ ਬੌਕਸ ਬਾਹਰ ਖੁੱਲ੍ਹੀ ਥਾਂ 'ਤੇ ਸਥਾਪਤ ਕੀਤੇ ਗਏ ਹਨ ਅਤੇ ਸੁਰੱਖਿਅਤ ਢੰਗ ਨਾਲ ਐਂਕਰ ਲਗਾਏ ਗਏ ਹਨ ਅਤੇ ਦਿਨ ਦੇ 24 ਘੰਟੇ ਖੁੱਲ੍ਹੇ ਰਹਿੰਦੇ ਹਨ। ਭੌਤਿਕ ਨੁਕਸਾਨ ਅਤੇ ਅਣਅਧਿਕਾਰਤ ਪ੍ਰਵੇਸ਼ ਨੂੰ ਰੋਕਣ ਲਈ, ਗੈਰ-ਹਾਜ਼ਰ ਬਾਹਰ ਖੁੱਲ੍ਹੀ ਥਾਂ 'ਤੇ ਸਥਾਪਤ ਬੈਲਟ ਡ੍ਰੌਪ ਬੌਕਸ ਟਿਕਾਊ ਸਮੱਗਰੀ ਨਾਲ ਬਣਾਏ ਗਏ ਹਨ ਜੋ ਬਰਬਾਦ ਕੀਤੇ ਜਾਣ, ਹਟਾਉਣ, ਅਤੇ ਖਰਾਬ ਮੌਸਮ ਦਾ ਸਾਮ੍ਹਣਾ ਕਰ ਸਕਦੇ ਹਨ। ਬੈਲਟ ਡਿਪਾਜ਼ਿਟ ਸਲੋਟ ਦਾ ਆਕਾਰ ਅਤੇ ਸਥਾਪਨਾ ਬੈਲਟ ਨੂੰ ਛੇੜਛਾੜ ਕੀਤੇ ਜਾਣ ਜਾਂ ਅਣਅਧਿਕਾਰਤ ਤੌਰ 'ਤੇ ਹਟਾਉਣ ਤੋਂ ਰੋਕਦਾ ਹੈ।

ਬੈਲਟ ਡ੍ਰੌਪ ਬੌਕਸ ਟਿਕਾਣਿਆਂ ਦੀ ਫਾਈਨਲ ਸੂਚੀ ਕਾਉਂਟੀ ਵੋਟਰ ਜਾਣਕਾਰੀ ਗਾਈਡ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। 2022 ਦੀ ਚੋਣ ਸਾਈਕਲ ਦੌਰਾਨ ਵਰਤੇ ਗਏ ਟਿਕਾਣਿਆਂ ਦੀ ਸੂਚੀ ਅਤੇ ਨਕਸ਼ਾ ਲਈ ਅੰਤਿਕਾਵਾਂ B ਅਤੇ H ਵੇਖੋ। (ਬੈਲਟ ਡ੍ਰੌਪ ਬੌਕਸਾਂ ਦੇ ਟਿਕਾਣੇ ਸਥਾਨ ਦੇ ਮੇਜ਼ਬਾਨ ਦੀ ਉਪਲਬਧਤਾ ਦੇ ਆਧਾਰ 'ਤੇ ਬਦਲੇ ਜਾ ਸਕਦੇ ਹਨ।)

## ਬੈਲਟ ਡ੍ਰੌਪ ਬੌਕਸ ਵਾਪਸੀ ਲਿਆਉਣ ਵਾਲੀਆਂ ਟੀਮਾਂ

Yolo ਕਾਉਂਟੀ ਦੀ ਬੈਲਟ ਡ੍ਰੌਪ ਬੌਕਸ ਵਾਪਸੀ ਲਿਆਉਣ ਵਾਲੀ ਟੀਮ ਦੇ ਘੱਟੋ-ਘੱਟ ਦੋ (2) ਸਦੱਸ ਇੱਕ ਨਿਰਧਾਰਿਤ ਸਮੇਂ ਤੇ, ਜੋ ਚੋਣ ਕੋਡ ਦੁਆਰਾ ਲੋੜੀਂਦੀ ਬਾਰੰਬਾਰਤਾ ਦੇ ਨਾਲ ਪਾਲਣਾ ਕਰਦੇ ਹਨ, ਅਧਿਕਾਰਕ ਬੈਲਟ ਡ੍ਰੌਪ ਬੌਕਸ ਇਕੱਠਾ ਕਰਦੇ ਹਨ। ਹਰੇਕ ਬੈਲਟ ਡ੍ਰੌਪ ਬੌਕਸ ਵਾਪਸੀ ਲਿਆਉਣ ਵਾਲੀ ਟੀਮ ਦੇ ਸਦੱਸ ਲਈ ਔਨਲਾਈਨ ਸਿਖਲਾਈ ਅਤੇ ਵਿਅਕਤੀਗਤ ਸਿਖਲਾਈ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। ਕਾਉਂਟੀ ਨੇ ਬੈਲਟ ਡ੍ਰੌਪ ਬੌਕਸ ਸੰਬੰਧੀ ਕਾਰਵਾਈਆਂ ਦੀ ਪਾਲਣਾ ਕੀਤੇ ਜਾਣ ਨੂੰ ਸੁਨਿਸ਼ਚਿਤ ਕਰਨ ਲਈ ਨਵੰਬਰ 2022 ਵਿੱਚ ਚੋਣਾਂ ਦੇ ਦਿਨ ਤੋਂ ਪਹਿਲਾਂ ਅੱਠ ਵਿਅਕਤੀਗਤ ਸਿਖਲਾਈ ਕਲਾਸਾਂ ਦਿੱਤੀਆਂ ਗਈਆਂ ਸਨ।

ਚੋਣਾਂ ਵਾਲੇ ਦਿਨ, ਬੈਲਟ ਡ੍ਰੌਪ ਬੌਕਸ ਵਾਪਸੀ ਲਿਆਉਣ ਵਾਲੀ ਟੀਮਾਂ ਦੁਪਹਿਰ ਤੋਂ ਬਾਅਦ ਵੇਲੇ ਸਮਗੱਰੀਆਂ ਇਕੱਠੀਆਂ ਕਰਨ ਲਈ ਮਿਲਦੀਆਂ ਹਨ, ਜਿਸ ਵਿੱਚ ਕਾਉਂਟੀ ਦੀ ArcGIS ਵਾਲੇ iPhone, ਅੰਤਮ ਹਿਦਾਇਤਾਂ ਪ੍ਰਾਪਤ ਕਰਨਾ, ਅਤੇ ਉਨ੍ਹਾਂ ਦੀਆਂ ਟਾਈਮਪੀਸ ਨੂੰ ਸਿੰਕ੍ਰੋਨਾਈਜ਼ ਕਰਨਾ ਸ਼ਾਮਲ ਹੈ। ਬੈਲਟ ਡ੍ਰੌਪ ਬੌਕਸ ਵਾਪਸੀ ਲਿਆਉਣ ਵਾਲੀ ਟੀਮਾਂ ਡ੍ਰੌਪ ਬੌਕਸ ਨੂੰ ਲੌਕ ਕਰਨ ਲਈ ਹਰੇਕ ਬੈਲਟ ਡ੍ਰੌਪ ਬੌਕਸ ਟਿਕਾਣੇ ਤੇ ਪੋਸਟ ਕੀਤੀਆਂ ਜਾਂਦੀਆਂ ਹਨ ਅਤੇ ਰਾਤ 8:00 ਵਜੇ ਚੋਣਾਂ ਦੇ ਖ਼ਤਮ ਹੋਣ ਤੇ ਬੈਲਟ ਪ੍ਰਾਪਤ ਕਰਦੀਆਂ ਹਨ। ਰਾਤ 8:00 ਵਜੇ ਲਾਈਨ ਵਿੱਚ ਲੱਗਿਆ ਕੋਈ ਵੀ ਵਿਅਕਤੀ ਜੋ ਆਪਣੇ ਬੈਲਟ ਨੂੰ ਛੱਡਣ ਲਈ ਉਡੀਕ ਕਰ ਰਿਹਾ/ਰਹੀ ਹੈ, ਉਹ ਆਪਣਾ ਬੈਲਟ ਅਧਿਕਾਰਕ ਬੈਲਟ ਡ੍ਰੌਪ ਬੌਕਸ ਵਿੱਚ ਜਮ੍ਹਾ ਕਰ ਸਕਦਾ/ਦੀ ਹੈ। ਰਾਤ 8:00 ਵਜੇ ਤੱਕ ਆਖਰੀ ਬੈਲਟ ਜਮ੍ਹਾ ਕਰਨ ਤੋਂ ਬਾਅਦ, ਬੈਲਟ ਵਾਪਸੀ ਲਿਆਉਣ ਵਾਲੀ ਟੀਮ ਦੇ ਸਦੱਸ ਹੋਰ ਕੋਈ ਬੈਲਟ ਸਵੀਕਾਰ ਨਹੀਂ ਕਰਦੇ ਹਨ।

*ਸਾਰਣੀ 6 ਬੈਲਟ ਡ੍ਰੌਪ ਬੌਕਸ ਸੰਬੰਧੀ ਵਾਪਸੀ ਲਿਆਉਣ ਵਾਲੀਆਂ ਟੀਮ ਲਈ ਸਟਾਫ਼ਿੰਗ ਸੰਬੰਧੀ ਲੋੜਾਂ*

| ਬੈਲਟ ਡ੍ਰੌਪ ਬੌਕਸ ਵਾਪਸੀ ਲਿਆਉਣ ਵਾਲੀਆਂ ਟੀਮਾਂ | ਦਿਨ | ਇੱਕ ਟੀਮ 'ਤੇ ਕਰਮਚਾਰੀਆਂ ਦੀ ਸੰਖਿਆ | ਭਰਤੀ ਕਰਨ ਸੰਬੰਧੀ ਲੋੜਾਂ |
|---|---|---|---|
| ਟੀਮ 1 | 29 | 2 | 2 |
| ਟੀਮ 2 | 7 | 2 | 2 |
| ਚੋਣ ਵਾਲੀ ਰਾਤ ਲਈ 13 ਟੀਮਾਂ | 1 | 3 | 39 |
| **ਰੋਵਰ ਕੁੱਲ** | | | **43 ਸ਼ਿਫਟਾਂ** |
| ਸਟੈਂਡਬਾਇ ਬੈਲਟ ਡ੍ਰੌਪ ਬੌਕਸ ਸਟਾਫ਼ | | | ਹਾਲੇ ਨਿਰਧਾਰਿਤ ਕੀਤਾ ਜਾਣਾ ਹੈ |

## ਭਾਸ਼ਾ ਸੰਬੰਧੀ ਪਹੁੰਚ ਅਤੇ ਸਹਾਇਤਾ

EC §§4005(a)(10)(I)(vi)(IX), 4005(a)(10)(I)(vii), ਅਤੇ 4005(a)(10)(I)(i)(I)

ਉਨ੍ਹਾਂ ਵੋਟਰਾਂ ਲਈ ਮਦਦ ਮੌਜੂਦ ਹੈ ਜਿੰਨਾਂ ਵੋਟ ਕੇਂਦਰਾਂ 'ਤੇ ਜਲਦੀ ਵੋਟ ਪਾਉਣ ਵੇਲੇ ਅਤੇ ਚੋਣਾਂ ਵਾਲੇ ਦਿਨ ਵੋਟ ਪਾਉਣ ਵੇਲੇ ਭਾਸ਼ਾ ਸਹਾਇਤਾ ਦੀ ਲੋੜ ਹੈ। ਭਾਸ਼ਾ ਸੰਬੰਧੀ ਪਹੁੰਚ ਵਿੱਚ ਅੰਗਰੇਜ਼ੀ ਵਿੱਚ ਸੀਮਤ ਨਿਪੁੰਨਤਾ ਵਾਲੇ ਕਿਸੇ ਵੀ ਵੋਟਰ ਲਈ ਸਹਾਇਤਾ ਪ੍ਰਦਾਨ ਕਰਨਾ ਸ਼ਾਮਲ ਹੈ, ਜਿਸ ਵਿੱਚ ਉਹ ਵੋਟਰ ਵੀ ਸ਼ਾਮਲ ਹਨ ਜਿੰਨਾਂ ਦੀ ਮੁੱਖ ਭਾਸ਼ਾ ਅੰਗਰੇਜ਼ੀ ਜਾਂ ਕੋਈ ਗੈਰ-ਅੰਗਰੇਜ਼ੀ ਭਾਸ਼ਾ ਹੈ। Yolo ਕਾਉਂਟੀ ਦਾ ਚੋਣ ਦਫ਼ਤਰ ਵੋਟਰਾਂ ਤਕ ਪਹੁੰਚਣ ਲਈ ਵਚਨਬੱਧ ਹੈ ਜਿਨ੍ਹਾਂ ਨੇ ਆਪਣੇ ਵੋਟਰ ਰਜਿਸਟ੍ਰੇਸ਼ਨ ਫਾਰਮ 'ਤੇ ਭਾਸ਼ਾ ਸਹਾਇਤਾ ਲਈ ਬੇਨਤੀ ਕੀਤੀ ਹੈ। ਇਸ ਤੋਂ ਇਲਾਵਾ, ਸਾਡੀ ਭਾਸ਼ਾ ਸੰਬੰਧੀ ਪਹੁੰਚ ਸਲਾਹਕਾਰ ਕਮੇਟੀ ਵਿਸ਼ੇਸ਼ ਭਾਸ਼ਾਈ ਭਾਈਚਾਰਕ ਸਮੂਹਾਂ ਤੱਕ ਪਹੁੰਚ ਬਾਰੇ ਸੁਝਾਅ ਪ੍ਰਦਾਨ ਕਰਦੀ ਹੈ।

## ਡਾਕ-ਰਾਹੀਂ-ਵੋਟ ਦੇਣ ਵਾਲੇ ਵੋਟਰਾਂ ਲਈ ਭਾਸ਼ਾ ਸਹਾਇਤਾ

ਚੋਣਾਂ ਵਾਲੇ ਦਿਨ ਤੋਂ 29 ਦਿਨ ਪਹਿਲਾਂ, ਵੋਟਰ ਆਪਣੇ ਬੈਲਟ ਦੀ ਪ੍ਰਤੀਕਿਰਤੀ ਨੂੰ ਡਾਉਨਲੋਡ ਕਰ ਸਕਦੇ ਹੋ: https://www.yoloelections.org/voting/facsimile-ballots ਜਾਂ ਇੱਕ ਭੇਜਣ ਲਈ ਸਾਡੇ ਦਫ਼ਤਰ ਨੂੰ (530) 666-8133 'ਤੇ ਕਾੱਲ ਕਰੋ। ਪ੍ਰਤੀਕਿਰਤੀ ਬੈਲਟ ਅਧਿਕਾਰਕ ਬੈਲਟ ਦੀ ਨਕਲ ਹੁੰਦੇ ਹਨ ਅਤੇ Yolo ਕਾਉਂਟੀ ਭਾਸ਼ਾਵਾਂ ਲਈ ਅਨੁਵਾਦਿਤ ਸੰਦਰਭ ਵਜੋਂ ਵਰਤੇ ਜਾਂਦੇ ਹਨ। ਪ੍ਰਤੀਕਿਰਤੀ ਬੈਲਟ ਅਧਿਕਾਰਕ ਬੈਲਟ ਨਹੀਂ ਹੁੰਦੇ ਹਨ ਅਤੇ ਇਸਲਈ ਵੋਟਰਾਂ ਨੂੰ

ਇਸ ਪ੍ਰਤੀਕਿਰਤੀ ਬੈਲਟ ਦੀ ਬਜਾਇ ਉਨ੍ਹਾਂ ਨੂੰ ਜਾਰੀ ਕੀਤੇ ਗਏ ਅਧਿਕਾਰਕ ਬੈਲਟ 'ਤੇ ਵੋਟ ਪਾਉਣਾ ਲਾਜ਼ਮੀ ਹੈ। Yolo ਕਾਉਂਟੀ ਵਿੱਚ ਪ੍ਰਤੀਕਿਰਤੀ ਬੈਲਟ ਇਨ੍ਹਾਂ ਭਾਸ਼ਾਵਾਂ ਵਿੱਚ ਉਪਲਬਧ ਹਨ:

*ਸਾਰਣੀ 3 ਪ੍ਰਤੀਕਿਰਤੀ ਬੈਲਟ ਇਨ੍ਹਾਂ ਭਾਸ਼ਾਵਾਂ ਵਿੱਚ ਉਪਲਬਧ ਹਨ*

| | |
|---|---|
| **ਚੀਨੀ** | **中文** |
| **ਕੋਰੀਆਈ** | **한국어** |
| **Punjabi** | **ਪੰਜਾਬੀ** |
| **ਰੂਸੀ** | **русский** |
| **ਸਪੈਨਿਸ਼** | **Español** |

## ਵਿਅਕਤੀਗਤ ਤੌਰ ਤੇ ਵੋਟ ਪਾਉਣ ਵਾਲੇ ਵੋਟਰਾਂ ਲਈ ਭਾਸ਼ਾ ਸਹਾਇਤਾ

ਸਾਰੇ ਵੋਟ ਕੇਂਦਰਾਂ 'ਤੇ ਸੰਦਰਭ ਲੈਣ ਲਈ ਪ੍ਰਤੀਕਿਰਤੀ ਬੈਲਟ ਇਨ੍ਹਾਂ ਭਾਸ਼ਾਵਾਂ ਵਿੱਚ ਉਪਲਬਧ ਹੋਵੇਗਾ: ਚੀਨੀ, ਕੋਰੀਆਈ, ਪੰਜਾਬੀ, ਰੂਸੀ ਅਤੇ ਸਪੈਨਿਸ਼। ਪ੍ਰਤੀਕਿਰਤੀ ਬੈਲਟ ਵੋਟ ਕੇਂਦਰ ਦੇ ਚੈੱਕ-ਇਨ ਸਟੇਸ਼ਨਾਂ 'ਤੇ ਜਾਂ ਉਸਦੇ ਕੋਲ ਉਪਲਬਧ ਹੁੰਦੇ ਹਨ ਅਤੇ ਖਾਸ ਭਾਸ਼ਾਵਾਂ ਵਿੱਚ ਪ੍ਰਦਰਸ਼ਿਤ ਅਤੇ ਲੇਬਲ ਕੀਤੇ ਜਾਂਦੇ ਹਨ। ਟੱਚ ਰਾਈਟਰ ਬੈਲਟ 'ਤੇ ਨਿਸ਼ਾਨ ਲਗਾਉਣ ਵਾਲੇ ਡਿਵਾਈਸਾਂ ਵਿੱਚ ਸਿਰਫ਼ ਅੰਗਰੇਜ਼ੀ ਵਿਚ ਟੈਕਸਟ ਅਤੇ ਆਡੀਓ ਲਿਖੀ ਹੁੰਦੀ ਹੈ ਅਤੇ ਕਿਸੇ ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਨਹੀਂ ਦਰਸਾਉਂਦੇ ਹਨ; ਹਾਲਾਂਕਿ, ਅੰਗਰੇਜ਼ੀ ਬੋਲਣ ਵਾਲੇ ਵੋਟਰਾਂ ਲਈ, ਬੈਲਟ ਨੂੰ ਸਮਝਣ ਵਿੱਚ ਟੱਚ ਰਾਈਟਰ ਦਾ ਆਡੀਓ ਬੈਲਟ ਸਹਾਇਕ ਹੋ ਸਕਦਾ ਹੈ।

ਵੋਟ ਕੇਂਦਰ ਦੇ ਪੋਲ ਕਰਮੀ ਜੋ ਚੀਨੀ, ਕੋਰੀਆਈ, ਪੰਜਾਬੀ, ਰੂਸੀ ਅਤੇ/ਜਾਂ ਸਪੈਨਿਸ਼ ਭਾਸ਼ਾ ਬੋਲਦੇ ਹਨ, ਸਾਡੇ ਵੋਟ ਕੇਂਦਰਾਂ ਦੇ ਟਿਕਾਣੇ 'ਤੇ ਉਪਲਬਧ ਹੋ ਸਕਦੇ ਹਨ। ਕਾਨੂੰਨ ਦੁਆਰਾ, ਦੁਭਾਸ਼ੀ ਕਰਮੀਆਂ ਦੀ ਪਛਾਣ ਉਨ੍ਹਾਂ ਦੇ ਨਾਮ ਵਾਲੇ ਟੈਗ 'ਤੇ ਦਰਸਾਈ ਜਾਣੀ ਜ਼ਰੂਰੀ ਹੈ। Yolo ਕਾਉਂਟੀ ਦਾ ਚੋਣ ਦਫ਼ਤਰ ਦੁਭਾਸ਼ੀ ਕਰਮੀਆਂ ਦੀ ਭਰਤੀ ਕਰਨ, ਸਿਖਲਾਈ ਦੇਣ ਅਤੇ ਉਨ੍ਹਾਂ ਨੂੰ ਬਰਕਰਾਰ ਰੱਖਣ ਵਿੱਚ ਸਹਾਇਤਾ ਕਰਨ ਲਈ ਸਾਰੇ ਉਪਲਬਧ ਸੋਮਿਆਂ ਦੀ ਵਰਤੋਂ ਕਰਨ ਲਈ ਵਚਨਬੱਧ ਹੈ, ਜਿਸ ਵਿੱਚ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ, ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ, ਜਿਵੇਂ ਕਿ ਉਹ ਅਮਰੀਕੀ ਸੈਨਤ ਭਾਸ਼ਾ ਨਾਲ ਸੰਬੰਧਿਤ ਹੈ, ਅਤੇ ਬਾਹਰਲੇ ਸੰਗਠਨ ਸ਼ਾਮਲ ਹਨ। ਦੁਭਾਸ਼ੀ ਚੋਣ ਕਰਮੀ, ਜੋ ਸੈਨਤ ਭਾਸ਼ਾ ਵੀ ਜਾਣਦੇ ਹਨ, ਉਨ੍ਹਾਂ ਸਮੇਤ, ਵਾਧੂ ਮੁਆਵਜ਼ਾ ਪ੍ਰਾਪਤ ਕਰਦੇ ਹਨ।

ਕੋਈ ਵੀ ਵੋਟਰ ਵੋਟ ਪਾਉਣ ਵਿੱਚ ਮਦਦ ਕਰਨ ਲਈ ਦੋ ਵਿਅਕਤੀਆਂ ਨੂੰ ਵੋਟ ਪਾਉਣ ਬੂਥ ਵਿੱਚ ਲਿਆ ਸਕਦਾ ਹੈ, ਬਸ਼ਰਤੇ ਉਹ ਸਹਾਇਕ ਵੋਟਰ ਦੇ ਰੁਜ਼ਗਾਰਦਾਤਾ ਜਾਂ ਮਜ਼ਦੂਰ ਯੂਨੀਅਨ ਦੇ ਨੁਮਾਇੰਦੇ ਨਾ ਹੋਣ।

## ਟੈਲੀਫੋਨ ਸੇਵਾਵਾਂ

EC §4005(a)(10)(I)(vii)

ਟੇਲੀਫ਼ੋਨ ਰਾਹੀਂ ਦੁਭਾਸ਼ਿਏ ਦੀ ਸੇਵਾ ਨਾਲ ਕਾਉਂਟੀ ਚੋਣ ਅਧਿਕਾਰੀਆਂ, ਜਿਸ ਵਿੱਚ ਸਹਾਇਕ ਸਟਾਫ਼ ਅਤੇ ਪੋਲ ਕਰਮੀ ਵੀ ਸ਼ਾਮਲ ਹਨ, ਵੋਟਰਾਂ ਨਾਲ 32 ਤੋਂ ਵੱਧ ਭਾਸ਼ਾਵਾਂ ਵਿੱਚ ਉਨ੍ਹਾਂ ਦੀ ਮੂਲ ਭਾਸ਼ਾ ਵਿੱਚ ਸੰਚਾਰ ਕਰਨ ਲਈ ਕਿਸੇ ਤੀਜੀ-ਧਿਰ ਦੇ ਨਾਲ ਜੁੜਨ

ਦੀ ਇਜਾਜ਼ਤ ਦਿੰਦਾ ਹੈ। ਇਹ ਸੇਵਾ ਕੈਲੀਫੋਰਦੀਆਂ ਦੇ ਸੇਕ੍ਰੇਟਰੀ ਔਫ਼ ਸਟੇਟ ਦੇ ਦਫ਼ਤਰ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ।

ਪੋਲ ਕਰਮੀ ਦੁਭਾਸ਼ੀਆ ਸੇਵਾ ਨੂੰ ਭੇਜੀਆਂ ਗਈਆਂ ਕਾੱਲਾਂ ਦੀ ਗਿਣਤੀ ਇੱਕ "ਕਾੱਲ ਮਿਲਾਉਣ ਵਾਲੀ ਸ਼ੀਟ" 'ਤੇ ਰੱਖਣਗੇ ਤਾਂ ਕਿ ਤੀਜੀ-ਧਿਰ ਵਾਲੀ ਦੁਭਾਸ਼ੀਆ ਸੇਵਾ ਦੇ ਇਸਤੇਮਾਲ ਦਾ ਰਿਕਾਰਡ ਰੱਖਿਆ ਜਾ ਸਕੇ। ਕਾੱਲ ਮਿਲਾਉਣ ਵਾਲੀ ਸ਼ੀਟ ਨੂੰ ਹਰੇਕ ਵੋਟ ਕੇਂਦਰ ਦੇ ਸਪਲਾਈ ਬੌਕਸ ਵਿੱਚ ਰੱਖਿਆ ਜਾਏਗਾ ਤਾਂਕਿ ਪੋਲ ਕਰਮੀਆਂ ਨੂੰ ਆਸਾਨੀ ਨਾਲ ਪਹੁੰਚ ਹਾਸਲ ਹੋਵੇ। ਰੋਵਰ ਸਮੇਂ-ਸਮੇਂ ਤੇ ਵੋਟ ਕੇਂਦਰ ਦੇ ਕਰਮੀਆਂ ਦੁਆਰਾ ਕਾੱਲ ਮਿਲਾਉਣ ਵਾਲੀ ਸ਼ੀਟ ਦੀ ਵਰਤੋਂ ਨੂੰ ਚੈੱਕ ਕਰਨਗੇ। ਕਾੱਲ ਮਿਲਾਉਣ ਵਾਲੀ ਸ਼ੀਟਾਂ ਨੂੰ ਹਰੇਕ ਵੋਟ ਪਾਉਣ ਵਾਲੇ ਦਿਨ ਦੇ ਅਖੀਰ ਤੇ ਹੋਰ ਖੇਤਰੀ ਚੋਣ ਸਮਗੱਰੀ ਦੇ ਨਾਲ Yolo ਕਾਉਂਟੀ ਦੇ ਚੋਣ ਦਫ਼ਤਰ ਨੂੰ ਵਾਪਸ ਭੇਜਿਆ ਜਾਏਗਾ।

ਵੋਟਰ ਸਾਡੇ ਦਫ਼ਤਰ ਦੁਆਰਾ ਪ੍ਰਦਾਨ ਕੀਤੀ ਗਈ ਕਿਸੇ ਵੀ ਸੇਵਾ ਬਾਰੇ ਜਾਣਕਾਰੀ ਲਈ Yolo ਕਾਉਂਟੀ ਚੋਣ ਦਫ਼ਤਰ ਵੋਟਰ ਹੌਟਲਾਈਨ ਟੋਲ-ਫ੍ਰੀ (800) 649-9943 'ਤੇ ਕਾੱਲ ਕਰ ਸਕਦੇ ਹਨ। ਬਹਿਰੇ ਅਤੇ ਬੋਲ਼ੇ ਵੋਟਰ ਕੈਲੀਫੋਰਨੀਆ ਰਿਲੇ ਸੇਵਾ (RTT/TTY) ਦੇ ਟੋਲ-ਫ੍ਰੀ ਨੰਬਰ 711 'ਤੇ ਕਾੱਲ ਕਰ ਸਕਦੇ ਹਨ। ਇੱਕ ਵਾਧੂ ਸੋਮੇ ਵਜੋਂ, ਡਿਸਏਬਿਲਟੀ ਰਾਈਟਸ ਕੈਲੀਫੋਰਨੀਆ ਦਾ ਵੋਟਰ ਹੌਟਲਾਈਨ ਟੋਲ-ਫ੍ਰੀ ਨੰਬਰ (1-888-569-7955) Yolo ਕਾਉਂਟੀ ਚੋਣ ਦਫ਼ਤਰ ਦੀ ਵੈੱਬਸਾਈਟ 'ਤੇ ਅਤੇ ਚੋਣ ਦਿਨ ਤੋਂ ਘੱਟੋ-ਘੱਟ 29 ਦਿਨ ਪਹਿਲਾਂ ਵੋਟਰਾਂ ਨੂੰ ਭੇਜੀ ਗਈ ਸਮੱਗਰੀ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ।

## ਸੁਰੱਖਿਆ ਅਤੇ ਸੰਕਟਕਾਲੀਨ ਯੋਜਨਾਵਾਂ

EC §§4005(a)(10)(I)(iv), 4005(a)(10)(I)(vi)(VIII)(ia), ਅਤੇ 4005(a)(10)(I)(vi)(VIII)(ib)

ਚੋਣਾਂ ਦੇ ਵਾਤਾਵਰਣ ਵਿੱਚ, ਸਾਡੀਆਂ ਸਹੂਲਤਾਂ, ਚੋਣਾਂ ਦੀ ਸਮੱਗਰੀ, ਰਜਿਸਟ੍ਰੇਸ਼ਨ ਸਿਸਟਮਾਂ ਅਤੇ ਵੋਟ ਪਾਉਣ ਦੇ ਉਪਕਰਣ ਸੁਰੱਖਿਅਤ ਹੁੰਦੇ ਹਨ ਜੇ ਦੋਵੇਂ ਮਨੁੱਖੀ ਅਤੇ ਮਸ਼ੀਨੀ ਕੱਲ-ਪੁਰਜ਼ਿਆ ਨੂੰ ਸੰਬੋਧਿਤ ਕੀਤਾ ਜਾਂਦਾ ਹੈ:

- ਭੌਤਿਕ ਪਹੁੰਚ - ਰਿਕਾਰਡ ਕੀਤੀ ਜਾਂਦੀ, ਨਿਗਰਾਨੀ ਕੀਤੀ ਜਾਂਦੀ, ਘੱਟੋ-ਘੱਟ ਇਜਾਜ਼ਤ/ਵਿਸ਼ੇਸ਼ ਅਧਿਕਾਰ ਦੇ ਸਿਧਾਂਤ ਤੱਕ ਸੀਮਿਤ
- ਇਲੈਕਟ੍ਰਾਨਿਕ ਪਹੁੰਚ - ਖਾਤਿਆਂ ਅਤੇ ਲੌਗਇਨਾਂ ਦਾ ਨਜ਼ਦੀਕੀ ਰੱਖ-ਰਖਾਅ, ਘੱਟੋ-ਘੱਟ ਇਜਾਜ਼ਤ/ਵਿਸ਼ੇਸ਼ ਅਧਿਕਾਰ ਦੇ ਸਿਧਾਂਤ ਤੱਕ ਸੀਮਿਤ
- ਡਿਊਟੀਆਂ ਨੂੰ ਵੱਖ-ਵੱਖ ਕਰਨਾ, ਦੋ-ਵਿਅਕਤੀਆਂ ਦੀ ਇਮਾਨਦਾਰੀ, ਅੰਤਰ-ਸਿਖਲਾਈ, ਅਤੇ ਗੁਣਵੱਤਾ ਨਿਯੰਤਰਣ
- ਖੰਡਿਤ ਸਿਸਟਮ, ਆਡਿਟ ਲੌਗ, ਹੈਸ਼ ਟੈਸਟਿੰਗ, ਅਤੇ ਸੌਫਟਵੇਅਰ ਦੀ ਭਰੋਸੇਯੋਗ ਰਚਨਾ ਦੀ ਮੁੜ ਸਥਾਪਨਾ
- ਭੌਤਿਕ ਸੰਪੱਤੀ ਵਸਤੂ-ਸੂਚੀ ਨਿਯੰਤਰਣ ਅਤੇ ਪ੍ਰਬੰਧਨ
- ਨੈੱਟਵਰਕ ਦੀਆਂ ਸੀਮਾਵਾਂ, ਪ੍ਰਤਿਬੰਧ, ਅਤੇ ਨੈੱਟਵਰਕ ਪੋਰਟਾਂ ਅਤੇ ਸੇਵਾਵਾਂ ਦੇ ਨਿਯੰਤਰਣ ਦੀ ਵਸਤੂ-ਸੂਚੀ
- ਸੰਭਾਵੀ ਖਤਰਿਆਂ ਅਤੇ ਟੈਸਟਿੰਗ ਦੇ ਸੰਬੰਧ ਵਿੱਚ ਸਟਾਫ਼ ਦੀ ਲਗਾਤਾਰ ਜਾਰੀ ਸਿਖਲਾਈ, ਜਿਵੇਂ ਕਿ ਸਿਪਿਅਰ-ਫਿਸ਼ਿੰਗ ਮੁਹਿੰਮ
- ਡਿਵਾਈਸਾਂ, ਫਾਇਰਵਾਲਾਂ, ਰਾਊਟਰਾਂ, ਸਵਿੱਚਾਂ ਲਈ ਲਗਾਤਾਰ ਜਾਰੀ ਅੱਪਡੇਟ। ਪੈਚਾਂ ਦੀ ਸਮੇਂ ਸਿਰ ਸਥਾਪਨਾ

- ਰੁਟੀਨ ਪ੍ਰਕਿਰਿਆਵਾਂ, ਚੋਣ ਪ੍ਰਕਿਰਿਆਵਾਂ, ਅਤੇ ਘਟਨਾ ਵੇਲੇ ਪ੍ਰਤੀਕਿਰਿਆ ਸੰਬੰਧੀ ਪ੍ਰਕਿਰਿਆਵਾਂ ਦੇ ਸਪਸ਼ਟ ਦਸਤਾਵੇਜ਼
- ਬੈਕਅੱਪ, ਬੈਕਅੱਪਸ ਦੀ ਸੁਰੱਖਿਆ, ਅਤੇ ਘਟਨਾ ਤੋਂ ਬਾਅਦ ਸਿਸਟਮ ਰਿਕਵਰੀ ਅਤੇ ਬਹਾਲੀ ਦੇ ਸਪੱਸ਼ਟ ਦਸਤਾਵੇਜ਼
- ਨਿਰੰਤਰ ਕਮਜ਼ੋਰੀ ਦੇ ਪ੍ਰਬੰਧਨ ਅਤੇ ਜੋਖ਼ਮ ਦਾ ਮੁਲਾਂਕਣ

## ਵੋਟ ਕੇਂਦਰਾਂ ਤੇ ਸੁਰੱਖਿਆ ਦੇ ਉਪਾਅ

EC §4005(a)(10)(I)(iv)

Yolo ਕਾਉਂਟੀ ਦਾ ਚੋਣ ਦਫ਼ਤਰ ਵੋਟ ਕੇਂਦਰਾਂ 'ਤੇ ਆਯੋਜਿਤ ਕੀਤੀ ਜਾਂਦੀ ਵੋਟਿੰਗ ਸੁਰੱਖਿਆ ਨੂੰ ਸੁਨਿਸ਼ਚਿਤ ਕਰਦਾ ਹੈ, ਜਿਸ ਵਿੱਚ ਘੱਟੋ-ਘੱਟ, ਇਹ ਤਰੀਕੇ ਅਤੇ ਮਿਆਰ ਇਸਤੇਮਾਲ ਕਰਨਾ ਸ਼ਾਮਲ ਹੈ:

ਹਰ ਵੋਟ ਕੇਂਦਰ ਸਟਾਫ਼ ਮੈਂਬਰ ਨੂੰ ਚੰਗੀ ਤਰ੍ਹਾਂ ਸਿਖਲਾਈ ਪੂਰੀ ਕਰਨ ਦੀ ਜ਼ਰੂਰਤ ਹੁੰਦੀ ਹੈ ਅਤੇ ਯੋਗ ਵੋਟਰਾਂ ਨੂੰ ਹਰ ਤਰੀਕੇ ਨਾਲ ਸਹਾਇਤਾ ਕਰਨ ਲਈ ਤਿਆਰ ਕੀਤਾ ਜਾਂਦਾ ਹੈ। ਇਸ ਸਿਖਲਾਈ ਵਿੱਚ ਸ਼ਾਮਲ ਹੈ:

- ਸਾਰੇ ਉਪਕਰਣਾਂ ਦੀ ਸੁਰੱਖਿਆ ਅਤੇ ਚੇਨ ਔਫ਼ ਕਸਟੱਡੀ ਨੂੰ ਬਣਾਈ ਰੱਖਣਾ ਅਤੇ ਨਿਗਰਾਨੀ ਕਰਨਾ
- ਘਟਨਾ ਵੇਲੇ ਪ੍ਰਤੀਕਿਰਿਆ ਸੰਬੰਧੀ ਪ੍ਰਕਿਰਿਆਵਾਂ ਅਤੇ ਰਿਪੋਰਟਿੰਗ ਸੰਬੰਧੀ ਲੋੜਾਂ
- ਖੋਲ੍ਹਣ ਅਤੇ ਬੰਦ ਕਰਨ ਦੀਆਂ ਪ੍ਰਕਿਰਿਆਵਾਂ
- ਰਜਿਸਟ੍ਰੇਸ਼ਨ ਅਤੇ ਵੋਟਿੰਗ ਸਿਸਟਮ ਦੀਆਂ ਪ੍ਰਕਿਰਿਆਵਾਂ
- ਤਣਾਅਪੂਰਨ ਅੰਤਰ-ਵਿਅਕਤੀਗਤ ਸਥਿਤੀਆਂ ਵਿੱਚ ਵਰਤਣ ਲਈ ਤਣਾਅ ਨੂੰ ਘਟਾਉਣ ਵਾਲੀਆਂ ਤਕਨੀਕਾਂ
- ਸੇਕ੍ਰੇਟਰੀ ਔਫ਼ ਸਟੇਟ ਦੀਆਂ ਪਹੁੰਚਯੋਗਤਾ ਲੋੜਾਂ ਅਤੇ ਜਨਤਕ ਸਿਹਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸਰੀਰਕ ਤੌਰ 'ਤੇ ਸੁਰੱਖਿਅਤ ਵਾਤਾਵਰਣ ਨੂੰ ਸਥਾਪਤ ਕਰਨਾ ਅਤੇ ਕਾਇਮ ਰੱਖਣਾ।

ਵੋਟ ਕੇਂਦਰ ਦਾ ਸਟਾਫ਼ ਸਾਡੇ ਵੋਟਰ ਰਜਿਸਟ੍ਰੇਸ਼ਨ ਅਤੇ ਚੋਣ ਪ੍ਰਬੰਧਨ ਸਿਸਟਮ (election management system, EMS) ਨਾਲ ਰੀਅਲ-ਟਾਈਮ ਕਨੈਕਸ਼ਨ ਨਾਲ ਟੇਨੇਕਸ ਈ-ਪੋਲਬੁੱਕ ਦੀ ਵਰਤੋਂ ਕਰੇਗਾ। ਈ-ਪੋਲਬੁੱਕ ਦੀ ਵਰਤੋਂ ਕਰਕੇ, ਸਟਾਫ਼ ਮੈਂਬਰ ਵੋਟਰ ਦੀ ਯੋਗਤਾ, ਉਨ੍ਹਾਂ ਦੀ ਡਾਕ-ਰਾਹੀਂ-ਵੋਟ ਬੈਲਟ ਦੀ ਸਥਿਤੀ, ਜੇਕਰ ਕੋਈ ਜਾਰੀ ਕੀਤਾ ਗਿਆ ਹੈ, ਅਤੇ ਵੋਟਰ ਨੂੰ ਜਾਰੀ ਕਰਨ ਲਈ ਸਹੀ ਬੈਲਟ ਕਿਸਮ ਦਾ ਪਤਾ ਲਗਾਉਂਦੇ ਹਨ। ਕੈਲੀਫੋਰਨੀਆ ਵਰਤੋਂ ਪ੍ਰਕਿਰਿਆਵਾਂ ਦੇ ਅਨੁਸਾਰ, ਈ-ਪੋਲਬੁੱਕ ਅਤੇ EMS ਸਿਸਟਮ ਇਨ੍ਹਾਂ ਦੁਆਰਾ ਸੁਰੱਖਿਅਤ ਹਨ:

- ਈ-ਪੋਲਬੁੱਕ ਟੈਬਲੇਟ ਲਈ ਸਖ਼ਤ ਚੇਨ ਔਫ਼ ਕਸਟੱਡੀ ਪ੍ਰਕਿਰਿਆਵਾਂ
- ਥਾਂ ਤੇ ਅਤੇ ਆਵਾਜਾਈ ਦੌਰਾਨ ਸਾਰੇ ਡੇਟਾ ਦਾ ਐਨਕ੍ਰਿਪਸ਼ਨ (2 CCR §20158(f))
- ਵੋਟ ਕੇਂਦਰ 'ਤੇ ਟੈਬਲੇਟਸ ਦੇ ਵਿਚਕਾਰ ਐਨਕ੍ਰਿਪਟਿਡ ਸਥਾਨਕ ਕਨੈਕਸ਼ਨ
- ਐਨਕ੍ਰਿਪਟਿਡ, ਸਮਰਪਿਤ ਸੈਲੂਲਰ ਵਾਈਡ ਏਰੀਆ ਨੈੱਟਵਰਕ ਜਿਸ ਵਿੱਚ ਕੋਈ ਜਨਤਕ ਜਾਂ ਗੈਸਟ ਪਹੁੰਚ ਨਹੀਂ ਹੈ ਜੋ ਕ੍ਰੈਡਲਪੁਆਇੰਟ ਟੈਕਨਾਲੋਜੀ ਦੀ ਵਰਤੋਂ ਕਰਦੇ ਹੋਏ ਈ-ਪੋਲਬੁੱਕਾਂ ਨੂੰ EMS ਨਾਲ ਜੋੜਦਾ ਹੈ
- ਮਨੁੱਖ ਦੁਆਰਾ ਪੜ੍ਹੇ ਜਾ ਸਕਣ ਵਾਲੇ ਔਡਿਟ ਰਿਕਾਰਡ ਜੋ ਸਿਸਟਮ ਦੀਆਂ ਸਾਰੀਆਂ ਕਾਰਵਾਈਆਂ ਨੂੰ ਪ੍ਰਦਰਸ਼ਿਤ ਕਰਦੇ ਹਨ

ਸਾਰੇ ਸੁਰੱਖਿਆ ਉਪਾਵਾਂ ਅਤੇ ਨਿਯਮਾਂ (2 CCR §20158) ਦੀ ਸਫਲਤਾਪੂਰਵਕ ਪਾਲਣਾ Yolo ਕਾਉਂਟੀ ਚੋਣ ਦਫ਼ਤਰ ਅਤੇ Yolo ਕਾਉਂਟੀ ਇਨੋਵੇਸ਼ਨ ਅਤੇ ਤਕਨਾਲੋਜੀ ਸੇਵਾਵਾਂ ਵਿਭਾਗ ਵਿਚਕਾਰ ਚੱਲ ਰਹੇ ਸਹਿਯੋਗ ਤੋਂ ਪ੍ਰਾਪਤ ਹੁੰਦੀ ਹੈ।

ਹਾਰਟ ਇੰਟਰਸਿਵਿਕ ਵੈਰਿਟੀ ਵੋਟ ਪਾਉਣ ਵਾਲਾ ਡਿਵਾਈਸ ਕਿਸੇ ਨੈੱਟਵਰਕ ਨਾਲ ਕਨੇਕਟ ਨਹੀਂ ਹੁੰਦਾ ਹੈ, ਜਿਸ ਵਿੱਚ ਕਾਉਂਟੀ ਦਾ ਅੰਦਰੂਨੀ ਨੈੱਟਵਰਕ ਜਾਂ ਕੋਈ ਬਾਹਰੀ Wi-Fi ਜਾਂ ਬਲੂਟੂਥ ਕਨੈਕਸ਼ਨ ਸ਼ਾਮਲ ਹਨ। ਸਾਰੇ ਸਾਜ਼ੋ-ਸਾਮਾਨ ਨੂੰ ਅਧਿਕਾਰਤ Yolo ਕਾਉਂਟੀ ਦੀ ਛੇੜਛਾੜ ਨੂੰ ਦਰਸਾਉਣ ਵਾਲੀਆਂ ਸੁਰੱਖਿਆ ਸੀਲਾਂ ਨਾਲ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਜਦੋਂ ਵੋਟ ਕੇਂਦਰ ਖੁੱਲ੍ਹੇ ਨਹੀਂ ਹੁੰਦੇ ਹਨ ਤਾਂ ਲੌਕ ਕਰ ਦਿੱਤਾ ਜਾਂਦਾ ਹੈ।

ਸਾਰੇ ਬੈਲਟਾਂ, ਜਿਸ ਵਿੱਚ ਡਾਕ-ਰਾਹੀਂ-ਵੋਟ ਬੈਲਟ, ਵਿਅਕਤੀਗਤ ਤੌਰ 'ਤੇ ਪਾਏ ਗਏ ਬੈਲਟ, ਸ਼ਰਤੀਆ ਵੋਟਰ ਰਜਿਸਟ੍ਰੇਸ਼ਨ ਅਤੇ ਅਸਥਾਈ ਬੈਲਟ, ਅਤੇ ਕੋਈ ਵੀ ਖਰਾਬ ਅਤੇ ਸਮਰਪਿਤ ਕੀਤੇ ਗਏ ਬੈਲਟਾਂ ਨੂੰ ਹਰ ਰੋਜ਼ ਵੋਟਾਂ ਦੀ ਸਮਾਪਤੀ ਤੋਂ ਬਾਅਦ ਸੁਰੱਖਿਅਤ ਢੰਗ ਨਾਲ Yolo ਕਾਉਂਟੀ ਦੇ ਚੋਣ ਦਫ਼ਤਰ ਵਿੱਚ ਪਹੁੰਚਾਇਆ ਜਾਂਦਾ ਹੈ।

## ਵੋਟ ਕੇਂਦਰ ਪ੍ਰਕਿਰਿਆ ਵਿੱਚ ਰੁਕਾਵਟ ਨੂੰ ਰੋਕਣਾ

EC §4005(a)(10)(I)(vi)(VIII)(ia)

Yolo ਕਾਉਂਟੀ ਦਾ ਸਾਰਾ ਚੋਣ ਸਟਾਫ਼ ਅਤੇ ਵੋਟ ਕੇਂਦਰ ਦੇ ਸਟਾਫ਼ ਨੂੰ ਕਿਸੇ ਵੀ ਵੋਟ ਕੇਂਦਰ 'ਤੇ ਸੰਭਾਵਤ ਮਕੈਨਿਕਲ, ਮਾਨਵੀ, ਜਾਂ ਕੁਦਰਤੀ ਰੁਕਾਵਟ ਲਈ ਸਿਖਲਾਈ ਪ੍ਰਾਪਤ ਹੈ ਅਤੇ ਤਿਆਰ ਹੁੰਦਾ ਹੈ। ਔਨਲਾਈਨ, ਵਿਅਕਤੀਗਤ ਤੌਰ ਤੇ ਅਤੇ ਲਿੱਖਿਤ ਸਮੱਗਰੀ ਵੋਟ ਕੇਂਦਰ ਦੇ ਸਟਾਫ਼ ਨੂੰ ਇਨ੍ਹਾਂ ਵਿਸ਼ਿਆਂ ਤੇ ਸਿੱਖਿਅਤ ਕਰਦੀ ਹੈ। ਸਾਰੇ ਵੋਟ ਕੇਂਦਰਾਂ ਦੇ ਸੁਪਰਵਾਈਜ਼ਰ, ਰੋਵਰ ਅਤੇ ਸਹਾਇਕ ਰੋਵਰ ਇੱਕ ਕਸਟਮ ArcGIS ਐਪਲੀਕੇਸ਼ਨ ਵਾਲਾ ਸਮਾਰਟਫ਼ੋਨ ਲੈ ਕੇ ਜਾਂਦੇ ਹਨ ਜੋ ਚੋਣ ਦਫ਼ਤਰ ਨਾਲ ਜੁੜ ਕੇ ਜਾਂ ਸਿਖਲਾਈ ਸਮੱਗਰੀ ਅਤੇ ਕੰਮ ਲਈ ਸਹਾਇਤਾ ਦੀ ਸਮੀਖਿਆ ਕਰਕੇ ਫੌਰਨ ਸਮੱਸਿਆ ਦਾ ਨਿਪਟਾਰਾ ਕਰਨ ਦੀ ਸਹੂਲਤ ਦਿੰਦਾ ਹੈ। ਅੰਤਿਕਾ J ਵਿੱਚ ਇੱਕ ਨਮੂਨਾ ਐਮਰਜੈਂਸੀ ਪ੍ਰਤੀਕਿਰਿਆ ਯੋਜਨਾ ਸ਼ਾਮਲ ਹੈ ਜੋ ਅੰਦਰੂਨੀ ਪ੍ਰਕਿਰਿਆਵਾਂ ਅਤੇ ਕਾਰਵਾਈਆਂ ਦਾ ਰਿਕਾਰਡ ਰੱਖਦਾ ਹੈ ਜੋ ਅਸੀਂ ਰੁਕਾਵਟਾਂ ਦਾ ਜਵਾਬ ਦੇਣ ਵੇਲੇ ਵਰਤਾਂਗੇ।

Yolo ਕਾਉਂਟੀ ਦਾ ਚੋਣ ਦਫ਼ਤਰ ਸੈਕ੍ਰੇਟਰੀ ਔਫ਼ ਸਟੇਟ ਦੇ ਚੋਣ ਸਾਈਬਰ ਸੁਰੱਖਿਆ ਦੇ ਦਫ਼ਤਰ (Office of Election Cybersecurity, OEC) ਨਾਲ ਸਹਿਯੋਗ ਕਰਦਾ ਹੈ ਅਤੇ ਸੈਕ੍ਰੇਟਰੀ ਔਫ਼ ਸਟੇਟ ਦੇ ਕਾਉਂਟੀ ਚੋਣ ਸਥਿਤੀ ਜਾਗਰੂਕਤਾ ਕਮਰੇ ਵਿੱਚ ਕਿਰਿਆਸ਼ੀਲ ਤਰੀਕੇ ਨਾਲ ਹਿੱਸਾ ਲੈਂਦਾ ਹੈ ਅਤੇ ਸ਼ਾਮਲ ਹੁੰਦਾ ਹੈ, ਜੋ ਕਿ ਕਾਉਂਟੀਆਂ ਲਈ ਕਿਸੇ ਵੀ ਕਿਸਮ ਦੀ ਰੁਕਾਵਟਾਂ ਦੀ ਰਿਪੋਰਟ ਕਰਨ ਲਈ ਇੱਕ ਵਰਚੁਅਲ ਸਪੇਸ ਹੈ। ਇਸ ਕਮਰੇ ਵਿੱਚ ਸੰਘੀ, ਰਾਜ ਅਤੇ ਸਥਾਨਕ ਏਜੰਸੀਆਂ ਸ਼ਾਮਲ ਹਨ।

## ਰੁਕਾਵਟ ਆਉਣ ਦੀ ਸਥਿਤੀ ਵਿੱਚ ਕਾਰਵਾਈਆਂ ਦੀ ਨਿਰੰਤਰਤਾ

EC §4005(a)(10)(I)(vi)(VIII)(ib)

Yolo ਕਾਉਂਟੀ ਦੇ ਚੋਣ ਦਫ਼ਤਰ ਕੋਲ ਬਦਲਣ ਵਾਲੇ ਸਾਜ਼ੋ-ਸਾਮਾਨ ਨੂੰ ਵੰਡਣ, ਵੋਟ ਕੇਂਦਰ 'ਤੇ ਸਟਾਫ਼ ਦੀ ਪੂਰਤੀ ਕਰਨ, ਜਾਂ ਅੱਗੇ ਭੇਜੇ ਗਏ ਮੁੱਦਿਆਂ ਦਾ ਨਿਪਟਾਰਾ ਕਰਨ ਲਈ ਡਿਊਟੀ 'ਤੇ ਬਹੁਤ ਸਾਰੇ ਤਜਰਬੇਕਾਰ ਸਟਾਫ਼ ਮੈਂਬਰ ਮੌਜੂਦ ਹੁੰਦੇ ਹਨ।

ਹਰ ਚੋਣਾਂ ਤੋਂ ਪਹਿਲਾਂ, Yolo ਕਾਉਂਟੀ ਦਾ ਚੋਣ ਦਫ਼ਤਰ ਇੱਕ ਐਮਰਜੈਂਸੀ ਵੇਲੇ ਪ੍ਰਤੀਕਿਰਿਆ ਯੋਜਨਾ ਤਿਆਰ ਕਰਦਾ ਹੈ ਜੋ

ਬੇਸਲਾਈਨ ਸੁਰੱਖਿਆ ਮਾਪਦੰਡਾਂ, ਨਿਕਾਸੀ ਪ੍ਰਕਿਰਿਆਵਾਂ, ਐਮਰਜੈਂਸੀ ਵੇਲੇ ਸੰਚਾਰ, ਬੈਲਟ ਅਤੇ ਹੋਰ ਰਿਕਾਰਡਾਂ ਦੀ ਸੁਰੱਖਿਆ ਅਤੇ ਬਹਾਲੀ, ਅਤੇ ਖਾਸ ਸਥਿਤੀਆਂ ਦੀ ਰੂਪਰੇਖਾ ਬਣਾਉਂਦਾ ਹੈ। ਨਵੰਬਰ 2022 ਦੀਆਂ ਆਮ ਚੋਣਾਂ ਦੀ ਐਮਰਜੈਂਸੀ ਵੇਲੇ ਪ੍ਰਤੀਕਿਰਿਆ ਯੋਜਨਾ ਅੰਤਿਕਾ J ਵਿੱਚ ਦਿੱਤੀ ਗਈ ਹੈ।

ਜੇਕਰ ਸਾਡੇ ਵੈਰਿਟੀ ਵੋਟ ਪਾਉਣ ਸਿਸਟਮ ਉਪਕਰਨ ਚੋਣਾਂ ਤੋਂ ਪਹਿਲਾਂ/ਦੌਰਾਨ/ਬਾਅਦ ਵਰਤੋਂ ਯੋਗ ਨਹੀਂ ਰਹਿੰਦੀਆਂ ਹਨ, ਤਾਂ Yolo ਕਾਉਂਟੀ ਦਾ ਸੰਚਾਲਨ ਦੀ ਨਿਰੰਤਰਤਾ ਦੇ ਹਿੱਸੇ ਵਜੋਂ ਗੁਆਂਢੀ ਕਾਉਂਟੀ ਔਫ਼ Solano ਦੇ ਨਾਲ ਇੱਕ ਸਮਝੌਤਾ ਮੈਮੋਰੈਂਡਮ ਹੈ। ਇਹ ਸਮਝੌਤਾ ਮੈਮੋਰੈਂਡਮ ਅੰਤਿਕਾ K ਵਿੱਚ ਦੇਖਿਆ ਜਾ ਸਕਦਾ ਹੈ।

## ਆਰਥਿਕ ਪ੍ਰਭਾਵ ਅਤੇ ਲਾਗਤ ਦੀ ਤੁਲਨਾਵਾਂ

EC §4005(a)(10)(I)(v)

ਚੋਣ ਖਰਚਿਆਂ ਦੀ 2020 ਦੇ ਰਾਸ਼ਤਰਪਤੀ ਪੱਦ ਦੀਆਂ ਪ੍ਰਾਇਮਰੀ ਅਤੇ ਰਾਸ਼ਟਰਪਤੀ ਪੱਦ ਦੀਆਂ ਜਨਰਲ ਚੋਣਾਂ ਦੀ ਤੁਲਨਾ ਜੂਨ 2022 ਦੀਆਂ ਡਾਇਰੈਕਟ ਪ੍ਰਾਇਮਰੀ ਅਤੇ ਆਮ ਚੋਣਾਂ ਦੇ ਅਸਲ ਚੋਣ ਖਰਚੇ ਨਾਲ ਕੀਤੀ ਜਾਂਦੀ ਹੈ।

*ਸਾਰਣੀ 4 ਚੋਣਾਂ ਦੇ ਖਰਚਿਆਂ ਦੀ ਤੁਲਨਾ*

| Yolo ਕਾਉਂਟੀ ਚੋਣ ਖਰਚੇ | 2020 ਰਾਸ਼ਟਰਪਤੀ ਦੀਆਂ ਪ੍ਰਾਇਮਰੀ ਚੋਣਾਂ (ਅਸਲ) | 2020 ਰਾਸ਼ਟਰਪਤੀ ਦੀਆਂ ਆਮ ਚੋਣਾਂ (ਅਸਲ) | 2022 ਡਾਇਰੈਕਟ ਪ੍ਰਾਈਮਰੀ ਚੋਣਾਂ (ਅਸਲ) | 2022 ਆਮ ਚੋਣਾਂ (ਅਸਲ) |
|---|---|---|---|---|
| ਚੋਣ ਦੀ ਕਿਸਮ | ਪਰੰਪਰਾਗਤ ਪੋਲ ਦੀ ਥਾਂ ਵਾਲੇ ਮਾਡਲ ਜਿਹਾ | ਮਤਦਾਤਾ ਦੀ ਚੋਣ ਅਧਿਨਿਯਮ-ਮਾਡਲ ਜਿਹਾ | ਪੂਰਾ ਮਤਦਾਤਾ ਦੀ ਚੋਣ ਅਧਿਨਿਯਮ ਵਾਲਾ ਮਾਡਲ | ਪੂਰਾ ਮਤਦਾਤਾ ਦੀ ਚੋਣ ਅਧਿਨਿਯਮ ਵਾਲਾ ਮਾਡਲ |
| ਤਨਖਾਹਾਂ ਅਤੇ ਫਾਇਦੇ | $ 6,17,322.24 | $ 6,86,849.30 | $ 5,49,507.48 | $ 7,98,952.90 |
| ਖਪਤਯੋਗ ਚੋਣ ਸਪਲਾਈਆਂ | $ 6,047.34 | $ 2,78,802.56 | $ 60,994.22 | $ 9,675.80 |
| ਸੰਚਾਰ-ਵਿਵਸਥਾ | $ 6,037.84 | $ 2,984.43 | $ 7,295.36 | $ 8,107.78 |
| ਡਾਕ-ਟਿਕਟ | $ 53,350.65 | $ 1,46,021.74 | $ 1,53,177.65 | $ 1,70,648.21 |
| ਆਵਾਜਾਈ, ਚੋਣ-ਸੰਬੰਧਿਤ | $ 2,643.02 | $ 4,548.38 | $ 2,017.22 | $731.57 |
| ਪ੍ਰਿੰਟਿੰਗ | $ 2,21,752.39 | $ 2,63,889.13 | $ 3,28,447.46 | $ 2,91,264.73 |
| ਹੋਰ | $ 81,970.78 | $ 1,24,360.32 | $ 2,37,001.26 | $ 1,20,491.04 |
| ***ਕੁੱਲ*** | ***$ 9,89,124.26*** | ***$ 15,07,455.85*** | ***$ 13,38,440.65*** | ***$ 15,20,363.07*** |

## ਆਊਟਰੀਚ (ਪਹੁੰਚ) ਦੇ ਖਰਚੇ

EC §4005(a)(10)(I)(i)(VII)

ਅਗਸਤ 2023 ਤੱਕ, ਕੈਲੀਫੋਰਨੀਆਂ ਰਾਜ ਨੇ 2024 ਵਿੱਚ ਆਊਟਰੀਚ ਖਰਚਿਆਂ ਲਈ ਗ੍ਰਾਂਟਾਂ ਨਹੀਂ ਦਿੱਤੀਆਂ ਸਨ। ਹਾਲਾਂਕਿ Yolo ਕਾਉਂਟੀ ਨੂੰ $25,000 ਦੀ ਵੋਟਰ ਸਿੱਖਿਆ ਗ੍ਰਾਂਟ ਪ੍ਰਾਪਤ ਹੋਈ ਹੈ ਜਿਸਦਾ ਮਕਸਦ ਪੂਰੀ ਤਰ੍ਹਾਂ ਵੋਟਰ ਦੀ ਭਾਗੀਦਾਰਤਾ 'ਤੇ ਹੈ, ਅਤੇ ਜਿਸ ਦਾ ਕਾਉਂਟੀ 2024 ਦੀਆਂ ਚੋਣਾਂ ਲਈ ਮਿਲਾਨ ਕਰੇਗੀ। ਹੇਠਾਂ ਦਿੱਤੀ ਸਾਰਣੀ 2020 ਦੀ ਚੋਣ ਸਾਈਕਲ ਤੋਂ ਵਾਸਤਵਿਕ ਖਰਚਿਆਂ ਅਤੇ 2024 ਦੀ ਚੋਣ ਸਾਈਕਲ ਲਈ ਅਨੁਮਾਨਤ ਖਰਚਿਆਂ ਨੂੰ ਦਰਸਾਉਂਦੀ ਹੈ।

*ਸਾਰਣੀ 5 ਆਊਟਰੀਚ (ਪਹੁੰਚ) ਦੇ ਖਰਚਿਆਂ ਦੀ ਤੁਲਨਾ*

| Yolo ਕਾਉਂਟੀ ਪਹੁੰਚ ਖਰਚੇ | 2022 ਡਾਇਰੈਕਟ ਪ੍ਰਾਇਮਰੀ ਚੋਣਾਂ (ਅਸਲ) | 2022 ਆਮ ਚੋਣਾਂ (ਅਸਲ) | 2024 ਰਾਸ਼ਟਰਪਤੀ ਦੀਆਂ ਪ੍ਰਾਈਮਰੀ ਚੋਣਾਂ (ਅਨੁਮਾਨਤ) | 2024 ਰਾਸ਼ਟਰਪਤੀ ਦੀਆਂ ਆਮ ਚੋਣਾਂ (ਅਨੁਮਾਨਤ) |
|---|---|---|---|---|
| ਇਸ਼ਤਿਹਾਰਬਾਜ਼ੀ/ਨੋਟਿਸ | $ 42,609.74 | $ 15,183.10 | $ 45,000 | $ 20,000 |
| ਆਊਟਰੀਚ (ਪਹੁੰਚ) ਮੇਲਰ | $29,778.85 | $ 30,002.04 | $ 30,000 | $ 30,000 |
| ਸੋਸ਼ਲ ਮੀਡੀਆ | $5,000 | | $ 5,000.00 | |
| ਆਊਟਰੀਚ (ਪਹੁੰਚ) ਸਮਾਗਮ | | | $25,000 | $25,000 |
| ਅਨੁਵਾਦ ਸੇਵਾਵਾਂ | $ 8,869.20 | $ 16,073.11 | $ 25,000 | $ 15,000 |
| ਸੰਬੰਧਿਤ/ਸਵੈਗ | | $744.90 | $5,000 | |
| ਵੀਡੀਓ | | $ 3,992.50 | $2,500 | |
| ਚਿੰਨ੍ਹ ਅਤੇ ਬੈਨਰ | | $ 9,551.95 | | |
| ***ਕੁੱਲ*** | ***$86,257.79*** | ***$75,547.60*** | ***$137,500*** | ***$90,000*** |

## ਪਹੁੰਚਯੋਗਤਾ ਅਤੇ ਭਾਗੀਦਾਰੀ ਸੰਬੰਧੀ ਅਸਮਾਨਤਾਵਾਂ ਨਾਲ ਨਿਪਟਦੇ ਹੋਏ ਅੱਗੇ ਵਧਣਾ

EC §4005(a)(10)(I)(iii)

ਇਸ ਚੋਣ ਪ੍ਰਸ਼ਾਸਨ ਯੋਜਨਾ ਨੂੰ ਬਣਾਉਣਾ ਅਤੇ ਅੱਪਡੇਟ ਕਰਨਾ ਇੱਕ ਸਹਿਯੋਗੀ ਅਤੇ ਦੁਹਰਾਉਣ ਵਾਲੀ ਪ੍ਰਕਿਰਿਆ ਰਹੀ ਹੈ ਅਤੇ ਇਸਦਾ ਅਜਿਹਾ ਬਣੇ ਰਹਿਣਾ ਜਾਰੀ ਰਹੇਗਾ। ਮਤਦਾਤਾ ਦੀ ਚੋਣ ਅਧਿਨਿਯਮ ਦੀ ਪਾਲਣਾ ਵਿੱਚ ਕਰਵਾਈ ਗਈ ਹਰੇਕ ਚੋਣ ਤੋਂ ਬਾਅਦ, Yolo ਕਾਉਂਟੀ ਚੋਣਾਂ ਵੋਟਰਾਂ ਦੀ ਪਹੁੰਚਯੋਗਤਾ ਅਤੇ ਭਾਗੀਦਾਰੀ ਵਿੱਚ ਮਹੱਤਵਪੂਰਨ ਅਸਮਾਨਤਾਵਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਹੱਲ ਕਰਨ ਲਈ ਉਚਿਤ ਯਤਨ ਕਰਦਾ ਹੈ।

ਚੋਣਾਂ ਦੌਰਾਨ ਉਨ੍ਹਾਂ ਦੇ ਭਾਈਚਾਰਿਆਂ ਨੇ ਅਨੁਭਵ ਕੀਤੇ ਕਿਸੇ ਵੀ ਮੁੱਦੇ ਨੂੰ ਹੱਲ ਕਰਨ ਅਤੇ ਉਨ੍ਹਾਂ 'ਤੇ ਚਰਚਾ ਕਰਨ ਲਈ Yolo ਕਾਉਂਟੀ ਦਾ ਚੋਣ ਦਫ਼ਤਰ ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਅਤੇ ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਨਾਲ ਮਿਲਣਾ ਜਾਰੀ ਰੱਖਦਾ ਹੈ। ਚੋਣ ਦਫ਼ਤਰ ਵੋਟਰ ਦੀ ਪਹੁੰਚਯੋਗਤਾ ਅਤੇ ਭਾਗੀਦਾਰੀ ਸੰਬੰਧੀ ਕਿਸੇ ਵੀ ਅਸਮਾਨਤਾ ਦਾ ਮੁਲਾਂਕਣ ਕਰਨ ਅਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਹੱਲ ਕਰਨ ਲਈ ਸਾਰੇ ਵੋਟ ਕੇਂਦਰ ਸਟਾਫ਼ ਦਾ ਸਰਵੇਖਣ ਕਰੇਗਾ। ਅਸੀਂ ਵੋਟ ਕੇਂਦਰਾਂ ਅਤੇ ਆਊਟਰੀਚ ਦੇ ਸਮਾਗਮਾਂ 'ਤੇ ਸਰਵੇਖਣ ਨੂੰ ਪੂਰਾ ਕਰਨ ਅਤੇ ਪ੍ਰਚਾਰ ਕਰਨ ਲਈ ਕਿਸੇ ਵੀ ਵੋਟਰ ਲਈ

ਇੱਕ ਡਿਜੀਟਲ ਸਰਵੇਖਣ ਤਿਆਰ ਕਰਦੇ ਹਾਂ। 2022 ਦੀ ਚੋਣ ਸਾਈਕਲ ਤੋਂ, ਚੋਣ ਦਫ਼ਤਰ ਵੋਟਰ ਸਰਵੇਖਣ ਦੇ ਡਿਜ਼ਾਈਨ ਨੂੰ ਬਿਹਤਰ ਬਣਾਉਣ ਲਈ ਕਾਉਂਟੀ ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਅਤੇ ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੇ ਨਾਲ ਕਿਰਿਆਸ਼ੀਲਤਾ ਨਾਲ ਕੰਮ ਕਰ ਰਿਹਾ ਹੈ। ਇਸ ਨਾਲ ਵੋਟਰ ਦੀ ਪਹੁੰਚਯੋਗਤਾ ਅਤੇ ਭਾਗੀਦਾਰੀ ਸੰਬੰਧੀ ਮੁੱਦਿਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨਾਲ ਨਿਪਟਣ ਵਿੱਚ ਸਹਾਇਤਾ ਮਿਲੇਗੀ।

# ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ

2024 ਦੀ ਚੋਣ ਪ੍ਰਸ਼ਾਸਨ ਯੋਜਨਾ *(EAP)* ਦੇ ਫਾਈਨਲ ਦਾ ਨਵੀਨੀਕਰਨ

# Yolo ਕਾਉਂਟੀ

# ਕੈਲੀਫੋਰਨੀਆ ਮਤਦਾਤਾ ਦੀ ਚੋਣ ਅਧਿਨਿਯਮ

# ਚੋਣ ਪ੍ਰਸ਼ਾਸਨ ਯੋਜਨਾ 2024 - 2028



Jesse Salinas

ਮੁਲਾਂਕਣਕਰਤਾ/ਕਲਰਕ-ਰਿਕਾਰਡਰ/ਚੋਣਾਂ

625 Court Street, Suite B-05

Woodland, CA 95695

(530) 666-8133

# ਸੈਕਸ਼ਨ 2: ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ

## ਸੰਖੇਪ ਜਾਣਕਾਰੀ ਅਤੇ ਆਮ ਲੋੜਾਂ

Yolo ਕਾਉਂਟੀ ਚੋਣਾਂ ਵੋਟਰ ਰਜਿਸਟ੍ਰੇਸ਼ਨ ਅਤੇ ਸਾਰੇ ਯੋਗ ਵੋਟਰਾਂ ਦੀ ਭਾਗੀਦਾਰੀ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ। ਪਹੁੰਚਯੋਗ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਕਰਵਾਉਣ ਲਈ ਲੋਕਤੰਤਰੀ ਪ੍ਰਕਿਰਿਆ ਵਿੱਚ ਅਸਮਾਨਤਾਵਾਂ ਨੂੰ ਦੂਰ ਕਰਨਾ ਮਹੱਤਵਪੂਰਣ ਹੈ।

ਕਿਸੇ ਵੀ ਚੋਣ ਸਾਈਕਲ ਦੀ ਤਿਆਰੀ ਲਈ, Yolo ਕਾਉਂਟੀ ਚੋਣਾਂ ਕਾਉਂਟੀ ਜਾਂ ਖੇਤਰ ਭਰ ਦੇ ਸਮੂਹਾਂ ਨਾਲ ਮਿਲਕੇ ਕੰਮ ਕਰੇਗਾ ਜਿਵੇਂ ਕਿ ਕਾਉਂਟੀ ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਅਤੇ ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ। ਅੰਤਿਕਾ E ਵਿੱਚ ਹੋਰ ਭਾਈਚਾਰਕ ਸੰਸਥਾਵਾਂ ਦੀ ਸੂਚੀ ਸ਼ਾਮਲ ਹੈ; ਹਾਲਾਂਕਿ, ਸਾਡੇ ਸੰਪਰਕਾਂ ਦੀ ਸੂਚੀ ਬਦਲਦੀ ਰਹਿੰਦੀ ਹੈ ਅਤੇ ਇਸ ਦਸਤਾਵੇਜ਼ ਦੇ ਪ੍ਰਕਾਸ਼ਨ ਤੋਂ ਬਾਅਦ ਹੋ ਸਕਦਾ ਹੈ ਕਿ ਨਵੀਨਤਮ ਨਾ ਹੋਵੇ।

Yolo ਕਾਉਂਟੀ ਚੋਣਾਂ ਮੀਡੀਆ ਭਾਈਵਾਲਾਂ ਨੂੰ ਜਨਤਕ ਵੰਡ ਅਤੇ ਪ੍ਰਕਾਸ਼ਨ ਲਈ ਪ੍ਰੈਸ ਰਿਲੀਜ਼ਾਂ, ਵੀਡੀਓ ਸਮੱਗਰੀ ਅਤੇ ਸੋਸ਼ਲ ਮੀਡੀਆ ਸਮੱਗਰੀ ਪ੍ਰਦਾਨ ਕਰਨਾ ਜਾਰੀ ਰੱਖੇਗਾ। ਚੋਣ ਦਫ਼ਤਰ ਵੋਟ ਕੇਂਦਰਾਂ, ਬੈਲਟ ਡ੍ਰੌਪ ਬੌਕਸ, ਡੈੱਡਲਾਈਨ (ਸਮਾਂ-ਸੀਮਾਵਾਂ), ਡਾਕ-ਰਾਹੀਂ-ਵੋਟ ਜਾਣਕਾਰੀ, ਪਹੁੰਚਯੋਗ ਬੈਲਟ ਜਾਂ ਬਦਲਵੀਂ ਬੈਲਟ ਦੀ ਬੇਨਤੀ ਕਰਨ ਦੇ ਤਰੀਕਿਆਂ ਬਾਰੇ ਜਾਣਕਾਰੀ ਦੇਣ ਲਈ ਹੋਰ ਭਰੋਸੇਯੋਗ ਮੀਡੀਆ ਸੋਮਿਆਂ ਨਾਲ ਜੁੜਨ ਲਈ ਸੁਝਾਵਾਂ ਦਾ ਸੁਆਗਤ ਕਰਦਾ ਹੈ। ਮੌਜੂਦਾ ਮੀਡੀਆ ਸਾਂਝੀਦਾਰਾਂ ਦੀ ਸੂਚੀ ਅੰਤਿਕਾ F ਵਿੱਚ ਦਿੱਤੀ ਗਈ ਹੈ।

Yolo ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ Jesse Salinas ਅਤੇ ਉਨ੍ਹਾਂ ਦੇ ਮਨੋਨੀਤ ਵਿਅਕਤੀ Yolo ਕਾਉਂਟੀ ਦਾ ਦ੍ਰਿਸ਼ਟੀਕੋਣ ਪੇਸ਼ ਕਰਨ ਲਈ ਅਕਸਰ ਸਥਾਨਕ ਮੀਡੀਆ ਵਿੱਚ ਚੋਣ ਮਾਹਰਾਂ ਵਜੋਂ ਆਪਣੀ ਸਮਰੱਥਾ ਵਿੱਚ ਦਿਖਾਈ ਦਿੰਦੇ ਹਨ। ਉਹ ਨਾਗਰਿਕ ਸਮੂਹਾਂ ਅਤੇ ਭਾਈਚਾਰਕ ਸੇਵਾ ਸਮੂਹਾਂ ਦੀਆਂ ਮੀਟਿੰਗਾਂ ਵਿੱਚ ਬੇਨਤੀ ਅਤੇ ਕਿਰਿਆਸ਼ੀਲ ਪਹੁੰਚ ਕਰਨ ਦੁਆਰਾ ਵੀ ਦਿਖਾਈ ਦਿੰਦੇ ਹਨ। ਇਸ ਕਿਸਮ ਦੇ ਮੌਕੇ ਵਿਸ਼ੇਸ਼ ਤੌਰ 'ਤੇ ਭਰੋਸੇਯੋਗ ਸੋਮੇ ਤੋਂ ਜਾਣਕਾਰੀ ਦੇ ਪ੍ਰਸਾਰ ਦਾ ਸਮਰਥਨ ਕਰਦੇ ਹਨ।

## ਭਾਈਚਾਰੇ ਵਿੱਚ ਮੌਜੂਦਗੀ

EC §§4005(a)(10)(I)(i)(III) ਅਤੇ 4005(a)(10)(I)(i)(IV)

Yolo ਕਾਉਂਟੀ ਚੋਣਾਂ ਭਾਈਚਾਰੇ ਦੇ ਮੈਂਬਰਾਂ ਅਤੇ ਸੰਸਥਾਵਾਂ ਨਾਲ ਮਜ਼ਬੂਤ ਸੰਬੰਧਾਂ ਦਾ ਆਨੰਦ ਮਾਣਦਾ ਹੈ। ਸਾਡੇ ਲੋਕਾਂ ਨਾਲ ਸੰਬੰਧ, ਇੱਕ-ਨਾਲ-ਇੱਕ ਕਨੈਕਸ਼ਨ ਦੁਆਰਾ, ਸਾਂਝੇ ਸਮਾਗਮਾਂ ਨੂੰ ਬਣਾਉਣ ਲਈ ਸਹਿਯੋਗ ਕਰਕੇ, ਮੌਜੂਦਾ ਸਮਾਗਮਾਂ ਵਿੱਚ ਹਿੱਸਾ ਲੈਣ ਅਤੇ ਇੱਕ ਪਹੁੰਚਯੋਗ ਡਿਜਿਟਲ ਪਛਾਣ ਦੁਆਰਾ ਬਣੇ ਹਨ।

ਚੋਣ ਦਫ਼ਤਰ ਦੀ ਮੌਜੂਦਗੀ ਵਿਅਕਤੀਗਤ ਤੌਰ 'ਤੇ ਕੀਤੇ ਜਾਣ ਵਾਲੇ ਸਮਾਗਮਾਂ ਅਤੇ ਵਰਚੁਅਲ ਮੀਟਿੰਗਾਂ ਰਾਹੀਂ ਜਾਰੀ ਰਹੇਗੀ। ਰਵਾਇਤੀ ਤੌਰ 'ਤੇ, ਇਸ ਵਿੱਚ ਮੇਲਿਆਂ, ਤਿਉਹਾਰਾਂ ਅਤੇ ਹੋਰ ਸਮਾਗਮਾਂ ਵਿੱਚ ਕਿਰਿਆਸ਼ੀਲ ਬੂਥ ਜਾਂ ਟੈਂਟ ਅਤੇ ਟੇਬਲ ਰੱਖਣ ਲਈ ਸਮਾਗਮ ਦੇ ਆਯੋਜਕਾਂ ਨਾਲ ਭਾਈਵਾਲੀ ਕਰਨਾ ਵੀ ਸ਼ਾਮਲ ਹੈ। ਅਸੀਂ ਇਸ ਕਿਸਮ ਦੇ ਮੌਕਿਆਂ ਨੂੰ ਵੱਧ ਤੋਂ ਵੱਧ ਬਣਾਉਣ ਦੀ ਭਾਲ ਵਿੱਚ ਰਹਿੰਦੇ ਹਾਂ। ਇਸ ਵੇਲੇ, Yolo ਕਾਉਂਟੀ ਸੰਸਥਾਵਾਂ ਨਾਲ ਸਾਂਝੇਦਾਰੀ ਦੀ ਪੜਚੋਲ ਕਰ ਰਹੀ ਹੈ ਜੋ ਚੋਣਾਂ ਸੰਬੰਧੀ ਸੂਚਨਾ ਅਤੇ ਸੰਦੇਸ਼ਾਂ ਨੂੰ ਮਹੱਤਵਪੂਰਨ ਤੌਰ 'ਤੇ ਵਧਾਏਗਾ। ਇਨ੍ਹਾਂ ਜਿਹੇ ਸਮਾਗਮਾਂ ਦੀ ਸੂਚੀ ਅੰਤਿਕਾ E ਵਿੱਚ ਦਿੱਤੀ ਗਈ ਹੈ।

## ਡਿਜਿਟਲ ਪਹੁੰਚਯੋਗਤਾ

ਸੋਸ਼ਲ ਮੀਡੀਆ 'ਤੇ ਵਿਅਕਤੀਆਂ ਅਤੇ ਸੰਸਥਾਵਾਂ ਨਾਲ ਸਾਡੀ ਸ਼ਮੂਲੀਅਤ ਅਤੇ ਸਾਡੀ ਅਨੁਭਵੀ ਵੈੱਬਸਾਈਟ ਨੇ Yolo ਕਾਉਂਟੀ ਚੋਣਾਂ ਦੇ ਪ੍ਰੋਫਾਈਲ ਨੂੰ ਜਾਣਕਾਰੀ ਦੇ ਭਰੋਸੇਯੋਗ ਸੋਮੇ ਵਜੋਂ ਮਜ਼ਬੂਤ ਕੀਤਾ ਹੈ। ਇਲੈਕਟ੍ਰਾਨਿਕ ਜਾਣਕਾਰੀ ਅਸਮਰਥਤਾਵਾਂ ਵਾਲੇ ਲੋਕਾਂ ਲਈ ਪਹੁੰਚਯੋਗ ਢੰਗ ਨਾਲ ਪੇਸ਼ ਕੀਤੀ ਜਾਂਦੀ ਹੈ, ਅਤੇ WCAG 2.0, ਸੋਧੇ ਹੋਏ ਸੈਕਸ਼ਨ 508 ਦੇ ਮਿਆਰਾਂ ਦੇ ਅਨੁਕੂਲ ਹੁੰਦੀ ਹੈ। (ਮਿਆਰਾਂ ਦੀ ਪਰਿਭਾਸ਼ਾ ਲਈ ਅੰਤਿਕਾ J ਵੇਖੋ)

Yolo ਕਾਉਂਟੀ ਚੋਣਾਂ ਦੀ ਵੈੱਬਸਾਈਟ (https://www.yoloelections.org/) ਚੋਣ ਕੋਡ §2053(b)(4) ਵਿੱਚ ਸਿਫ਼ਾਰਿਸ਼ ਕੀਤੇ ਅਨੁਸਾਰ ਪਹੁੰਚਯੋਗ ਮਿਆਰ ਕਾਇਮ ਰੱਖਦੀ ਹੈ। ਚੋਣ ਦਫ਼ਤਰ ਨੇ ਵੋਟਿੰਗ ਤੱਕ ਪਹੁੰਚਯੋਗਤਾ ਅਤੇ ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀਆਂ ਦੇ ਨਾਲ ਆਪਣੇ ਕੰਮ ਰਾਹੀਂ ਵੈੱਬਸਾਈਟ 'ਤੇ ਉਪਭੋਗਤਾ ਦੇ ਤਜ਼ਰਬੇ ਨੂੰ ਵਧਾਉਣ ਲਈ ਸੁਝਾਵਾਂ ਪ੍ਰਤੀ ਆਪਣੀ ਜਵਾਬਦੇਹੀ ਸਾਬਤ ਕੀਤੀ ਹੈ। ਵਿਚਾਰਾਂ ਬਾਰੇ ਕਿਰਿਆਸ਼ੀਲਤਾ ਨਾਲ ਭਾਲ ਕੀਤੀ ਜਾਂਦੀ ਅਤੇ ਉਨ੍ਹਾਂ ਦਾ ਸੁਆਗਤ ਕੀਤਾ ਜਾਂਦਾ ਹੈ। ਸਾਡੀਆਂ ਡਿਜੀਟਲ ਸਮੱਗਰੀਆਂ ਦਾ ਮਤਲਬ ਹਰ ਉਸ ਵਿਅਕਤੀ ਲਈ ਪਹੁੰਚਯੋਗ ਹੈ ਜੋ ਚੋਣਾਂ, ਵੋਟ ਪਾਉਣ ਅਤੇ ਮਤਦਾਤਾ ਦੀ ਚੋਣ ਅਧਿਨਿਯਮ ਬਾਰੇ ਜਾਣਕਾਰੀ ਚਾਹੁੰਦਾ ਹੈ। ਇਸ ਉਦੇਸ਼ ਨੂੰ ਪੂਰਾ ਕਰਨ ਲਈ, Yolo ਕਾਉਂਟੀ ਚੋਣਾਂ ਸਾਦੀ ਭਾਸ਼ਾ ਅਤੇ ਡਿਜ਼ਾਈਨ ਦੀ ਵਰਤੋਂ ਨਾਲ ਸਰਵੋਤਮ ਅਭਿਆਸਾਂ ਨੂੰ ਲਾਗੂ ਕਰਦਾ ਹੈ। ਚੋਣ ਦਫ਼ਤਰ ਦੇ ਸੋਸ਼ਲ ਮੀਡੀਆ ਨੀਤੀ ਦਸਤਾਵੇਜ਼ ਨੂੰ ਅੱਪਡੇਟ ਰੱਖਿਆ ਜਾਂਦਾ ਹੈ, ਅਤੇ ਭਾਈਚਾਰੇ ਦੀ ਪਹੁੰਚਯੋਗਤਾ ਅਤੇ ਵਿਭਿੰਨਤਾ ਦੀ ਸ਼ਮੂਲੀਅਤ ਵਾਲੀ ਨੁਮਾਇੰਦਗੀ ਲਈ ਆਊਟਰੀਚ ਸਮੱਗਰੀਆਂ ਦੇ ਰੰਗਾਂ ਵਿਚਕਾਰ ਭਿੰਨਿਤਾ ਦੇ ਪੱਧਰ ਵਰਗੇ ਮੁੱਦਿਆਂ ਲਈ ਆਊਟਰੀਚ ਕੋਆਰਡੀਨੇਟਰ ਦੁਆਰਾ ਸਾਡੀ ਸੰਬੰਧਿਤ ਸਮੱਗਰੀ ਦੀ ਸਮੀਖਿਆ ਕੀਤੀ ਜਾਂਦੀ ਹੈ। ਸੋਸ਼ਲ ਮੀਡੀਆ ਪੋਸਟਾਂ ਅਤੇ ਵੈੱਬਸਾਈਟ ਸਮੱਗਰੀ ਵਿੱਚ ਇਹ ਸ਼ਾਮਲ ਹੁੰਦੇ ਹਨ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹੋਣਗੇ, ਬੈਲਟ ਡ੍ਰੌਪ-ਔਫ਼ ਟਿਕਾਣਿਆਂ ਅਤੇ ਵੋਟ ਕੇਂਦਰਾਂ ਦੀ ਇੱਕ ਸੂਚੀ ਸ਼ਾਮਲ ਹੁੰਦੀ ਹੈ, ਜਿਸ ਵਿੱਚ ਉਨ੍ਹਾਂ ਦੀਆਂ ਖੁੱਲ੍ਹਣ ਦੀਆਂ ਤਾਰੀਖ਼ਾਂ ਅਤੇ ਕੰਮਕਾਜ ਦੇ ਘੰਟੇ, ਅਤੇ ਨਾਲ ਹੀ ਨਾਲ ਵੋਟ ਕੇਂਦਰਾਂ 'ਤੇ ਉਪਲਬਧ ਸੇਵਾਵਾਂ ਵੀ ਸ਼ਾਮਲ ਹੁੰਦੇ ਹਨ।

## ਭਾਈਚਾਰਕ ਭਾਈਵਾਲ

ਭਾਈਚਾਰਕ ਭਾਈਵਾਲ ਆਸਾਨ ਤਰੀਕਿਆਂ ਨਾਲ ਮਦਦ ਕਰ ਸਕਦੇ ਹਨ ਜਿਵੇਂ ਕਿ ਕਿਸੇ ਦਫ਼ਤਰ ਵਿੱਚ ਫਲਾਇਰ ਲਗਾਉਣਾ, ਜਿਸ ਵਿੱਚ ਕਿਸੇ ਸੰਗਠਨਾਤਮਕ ਨਿਊਜ਼ਲੈਟਰ ਜਾਂ ਵੈੱਬਸਾਈਟ ਵਿੱਚ ਲਿਖਿਆ ਕੋਈ ਲੇਖ ਸ਼ਾਮਲ ਹੈ, ਜਾਂ ਗਾਹਕਾਂ, ਮੈਂਬਰਾਂ ਜਾਂ ਨਿਵਾਸੀਆਂ ਨੂੰ ਵੋਟਰ ਦੇ ਚੋਣ ਅਧਿਨਿਯਮ ਬਾਰੇ ਜਾਣਕਾਰੀ ਪੇਸ਼ ਕਰਨਾ। ਸਿੱਖਿਅਕ ਟੂਲ ਚੋਣ ਦਫ਼ਤਰ ਦੀ ਵੈੱਬਸਾਈਟ (www.yoloelections.org) ਤੋਂ ਡਾਊਨਲੋਡ ਕਰਨ ਲਈ ਉਪਲਬਧ ਹਨ, ਅਤੇ ਭੌਤਿਕ ਕਾਪੀਆਂ Yolo ਕਾਉਂਟੀ ਦੇ ਚੋਣ ਦਫ਼ਤਰ ਵਿਖੇ ਉਪਲਬਧ ਹਨ। ਪੇਸ਼ਕਾਰੀਆਂ ਜਾਂ ਸਮੱਗਰੀਆਂ ਲਈ ਬੇਨਤੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ।

Yolo ਕਾਉਂਟੀ ਚੋਣ ਦਫ਼ਤਰ ਨੇ ਸਥਾਨਕ ਸਕੂਲੀ ਜ਼ਿਲ੍ਹਿਆਂ, ਵੁੱਡਲੈਂਡ ਕਮਿਊਨਿਟੀ ਕਾਲਜ ਅਤੇ ਕੈਲੀਫੋਰਨੀਆ ਯੂਨੀਵਰਸਿਟੀ, Davis ਨਾਲ ਸਕਾਰਾਤਮਕ ਕੰਮਕਾਜੀ ਸੰਬੰਧ ਸਥਾਪਿਤ ਕੀਤੇ ਹਨ। UC Davis ਨਾਲ ਸਾਡਾ ਰਿਸ਼ਤਾ ਖਾਸ ਪ੍ਰੋਜੈਕਟਾਂ ਅਤੇ ਸਫਲ ਆਊਟਰੀਚ ਮੁਹਿੰਮਾਂ ਨੂੰ ਸ਼ਾਮਲ ਕਰਨ ਲਈ ਵਧਿਆ ਅਤੇ ਫੈਲਾਇਆ ਗਿਆ ਹੈ।

ਪ੍ਰਸਤਾਵ 17 (ਪੈਰੋਲ 'ਤੇ ਆਏ ਵਿਅਕਤੀਆਂ ਲਈ ਵੋਟਿੰਗ ਅਧਿਕਾਰਾਂ ਦੀ ਬਹਾਲੀ 2020) ਦੇ ਨਾਲ ਇਕਸਾਰਤਾ ਵਿੱਚ, Yolo ਕਾਉਂਟੀ ਚੋਣ ਦਫ਼ਤਰ ਕਾਉਂਟੀ ਦੇ ਸ਼ੈਰਿਫ ਦਫ਼ਤਰ, ਜ਼ਿਲ੍ਹਾ ਅਟਾਰਨੀ, ਪ੍ਰੋਬੇਸ਼ਨ ਵਿਭਾਗ ਅਤੇ ਪਬਲਿਕ ਡਿਫੈਂਡਰ ਦਫ਼ਤਰ ਨਾਲ ਨੇੜਿਓਂ ਕੰਮ ਕਰਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਯੋਗ ਵੋਟਰ ਇਸ ਵੇਲੇ ਜਾਂ ਪਹਿਲਾਂ ਕੈਦ ਕੀਤੇ ਗਏ ਲੋਕਾਂ ਨੂੰ ਮੌਕਾ ਦਿੱਤਾ ਜਾਂਦਾ ਹੈ ਅਤੇ ਵੋਟ ਪਾਉਣ ਲਈ ਰਜਿਸਟਰ ਕਰਨ ਅਤੇ ਵੋਟ ਪਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

## ਵਿਅਕਤੀਗਤ ਵੋਟਰ ਨੈੱਟਵਰਕ

ਇਕੱਲੇ ਵੋਟਰ ਵੋਟ ਪਾਉਣ ਵਿੱਚ ਰੁਕਾਵਟਾਂ ਬਾਰੇ ਚੋਣ ਦਫ਼ਤਰ ਨੂੰ ਸੁਚੇਤ ਕਰਕੇ ਅਤੇ/ਜਾਂ ਮਤਦਾਤਾ ਦੀ ਚੋਣ ਅਧਿਨਿਯਮ ਵੋਟਿੰਗ ਮਾਡਲ ਬਾਰੇ ਵਿਆਪਕ ਜਾਗਰੂਕਤਾ ਨੂੰ ਯਕੀਨੀ ਬਣਾਉਣ ਲਈ ਹੱਲ ਮੁਹੱਈਆ ਕਰਵਾ ਕੇ ਆਊਟਰੀਚ ਦੀਆਂ ਕੋਸ਼ਿਸ਼ਾਂ ਨੂੰ ਬਿਹਤਰ ਬਣਾਉਣ ਵਿੱਚ ਹਿੱਸਾ ਲੈ ਸਕਦੇ ਹਨ। Yolo ਕਾਉਂਟੀ ਇਸ ਉਦੇਸ਼ ਲਈ "ਸਾਡੇ ਨਾਲ ਸੰਪਰਕ ਕਰੋ" ਵੈੱਬਫਾਰਮ ਦੀ ਵਰਤੋਂ ਕਰਨ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਵੈੱਬ, ਈਮੇਲ ਜਾਂ ਫ਼ੋਨ ਰਾਹੀਂ ਟਿੱਪਣੀਆਂ ਪ੍ਰਾਪਤ ਕਰਨ ਲਈ ਵੋਟ ਕੇਂਦਰਾਂ 'ਤੇ ਸੰਪਰਕ ਜਾਣਕਾਰੀ ਵਾਲੇ ਕਾਰੋਬਾਰੀ ਕਾਰਡ ਵੰਡਦਾ ਹੈ।

## ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ

EC §4005(a)(10)(I)(i)(V)

ਮਤਦਾਤਾ ਦੀ ਚੋਣ ਅਧਿਨਿਯਮ ਦੇ ਅਨੁਸਾਰ, ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਅਤੇ ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਸਥਾਪਨਾ 1 ਅਕਤੂਬਰ, 2021 ਤੋਂ ਪਹਿਲਾਂ ਕੀਤੀ ਗਈ ਸੀ। ਮੀਟਿੰਗ ਦੀਆਂ ਤਾਰੀਖ਼ਾਂ ਅਤੇ ਸਮਿਆਂ ਬਾਰੇ ਜਾਣਕਾਰੀ ਲਈ, ਅੰਤਿਕਾ D ਵਿੱਚ ਵੇਖੋ।

Yolo ਕਾਉਂਟੀ ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੁਆਰਾ ਪ੍ਰਦਾਨ ਕੀਤੇ ਮੌਕਿਆਂ ਅਤੇ ਸੁਝਾਵਾਂ ਦਾ ਅਨੁਸਰਣ ਕਰਨਾ ਜਾਰੀ ਰੱਖੇਗੀ। ਇਹ ਸਿਫ਼ਾਰਸ਼ਾਂ ਪੇਸ਼ਕਾਰੀਆਂ, ਵਰਚੁਅਲ ਮੀਟਿੰਗਾਂ ਅਤੇ/ਜਾਂ ਸੀਮਤ ਅੰਗ੍ਰੇਜ਼ੀ ਮੁਹਾਰਤ ਵਾਲੇ ਵਿਅਕਤੀਆਂ ਦੀ ਸੇਵਾ ਕਰਨ ਵਾਲੀਆਂ ਜਾਂ ਬਣੀਆਂ ਸੰਸਥਾਵਾਂ ਨੂੰ ਵਿਦਿਅਕ ਸਮੱਗਰੀ ਦੀ ਵੰਡ ਦਾ ਕਾਰਨ ਬਣ ਸਕਦੀਆਂ ਹਨ।

ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੁਆਰਾ ਸਾਡੀ ਅਨੁਵਾਦਿਤ ਸਮੱਗਰੀਆਂ ਦੀ ਸਮੀਖਿਆ ਵਿਸ਼ੇਸ਼ ਤੌਰ 'ਤੇ ਮੁੱਲਵਾਨ ਹੋਵੇਗਾ। ਹੋਰ ਵਿਸ਼ਾ ਖੇਤਰ ਵਿੱਚ ਸ਼ਾਮਲ ਹਨ:

- ਸੂਚਨਾਤਮਕ ਸਮੱਗਰੀ ਅਤੇ ਵੈੱਬਸਾਈਟ
- ਵੋਟਰ ਸਿੱਖਿਆ ਅਤੇ ਪਹੁੰਚ ਸਮੱਗਰੀਆਂ
- ਭਾਈਚਾਰਕ ਸਮੂਹ ਦੀ ਸ਼ਮੂਲੀਅਤ
- ਚੋਣ ਕਰਮੀਆਂ ਦੀ ਵਿਵਿਧਤਾ
- ਚੋਣ ਸ਼ਬਦਾਵਲੀ ਅਤੇ ਅਨੁਵਾਦ
- ਨੌਜਵਾਨਾਂ ਦੀ ਸ਼ਮੂਲੀਅਤ
- ਸੰਵੇਦਨਸ਼ੀਲਤਾ ਅਤੇ ਸ਼ਾਮਲ ਹੋਣਾ
- ਵੋਟ ਪਾਉਣ ਵਿੱਚ ਰੁਕਾਵਟਾਂ
- ਚੋਣ ਕਰਮੀਆਂ ਦੀ ਭਰਤੀ ਅਤੇ ਸਿਖਲਾਈ
- ਸੋਸ਼ਲ ਮੀਡੀਆ ਦੀ ਸਭ ਤੋਂ ਵਧੀਆ ਵਰਤੋਂ
- ਮਲਟੀ ਮੀਡੀਆ ਸੋਮੇ
- ਪਹਿਲਕਦਮੀਆਂ ਅਤੇ ਸਮਾਗਮ ਜੋ ਸੀਮਿਤ-ਅੰਗਰੇਜ਼ੀ ਮੁਹਾਰਤ ਵਾਲੇ ਵੋਟਰਾਂ ਨੂੰ ਵੋਟ ਪਾਉਣ ਲਈ ਉਤਸ਼ਾਹਿਤ ਕਰਦੇ ਹਨ
- ਅੰਗਰੇਜ਼ੀ ਵਿੱਚ ਸੀਮਿਤ ਮੁਹਾਰਤ ਵਾਲੇ ਭਾਈਚਾਰਿਆਂ ਵਿੱਚ ਜਾਣਕਾਰੀ ਦਾ ਪ੍ਰਸਾਰ ਕਰਨਾ

ਹਰੇਕ ਵੱਡੀ ਚੋਣ ਤੋਂ ਪਹਿਲਾਂ ਅਤੇ ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਦੇ ਸਹਿਯੋਗ ਨਾਲ, Yolo ਕਾਉਂਟੀ ਇਸ ਬਾਰੇ

ਜਾਣਕਾਰੀ ਪ੍ਰਦਾਨ ਕਰਨ ਲਈ ਦੁਭਾਸ਼ੀ ਵੋਟਰ ਸਿੱਖਿਆ ਵਰਕਸ਼ਾਪਾਂ ਦਾ ਆਯੋਜਨ ਕਰੇਗੀ:

- ਮਤਦਾਤਾ ਦੀ ਚੋਣ ਅਧਿਨਿਯਮ ਵੋਟਿੰਗ ਮਾਡਲ
- ਵੋਟ ਪਾਉਣ ਵਾਲੇ ਉਪਕਰਣ ਦਾ ਪ੍ਰਦਰਸ਼ਨ ਅਤੇ ਪਹੁੰਚਯੋਗਤਾ ਵਿਸ਼ੇਸ਼ਤਾਵਾਂ
- ਵੋਟ ਪਾਉਣ ਸਮੇਂ ਇੱਕ ਸੰਦਰਭ ਦੇ ਤੌਰ 'ਤੇ ਅਨੁਵਾਦਿਤ ਪ੍ਰਤੀਕਿਰਤੀ ਬੈਲਟ ਦੀ ਵਰਤੋਂ ਕਰਨਾ
- ਵੋਟ ਕੇਂਦਰਾਂ 'ਤੇ ਦੁਭਾਸ਼ੀ ਸਹਾਇਤਾ ਜਾਂ ਟੈਲੀਫੋਨ ਦੁਭਾਸ਼ੀਏ
- ਬੈਲਟ ਡ੍ਰੌਪ ਬੌਕਸ ਅਤੇ ਵੋਟ ਕੇਂਦਰ ਦੀ ਜਾਣਕਾਰੀ
- ਸਫਲਤਾਪੂਰਵਕ ਡਾਕ-ਰਾਹੀਂ-ਵੋਟ ਪਾਉਣਾ
- ਲਿਫ਼ਾਫ਼ੇ 'ਤੇ ਸਹੀ ਢੰਗ ਨਾਲ ਦਸਤਖ਼ਤ ਕਰਨਾ
- ਵੋਟਰ ਦਾ "ਨਿਸ਼ਾਨ ਲਾਏ" ਦੀ ਗਵਾਹੀ ਦੇਣਾ
- ਕਿਸੇ ਨੂੰ ਤੁਹਾਡੀ ਬੈਲਟ ਵਾਪਸ ਕਰਨ ਦਾ ਅਧਿਕਾਰ ਦੇਣਾ
- ਦਸਤਖ਼ਤ ਨਾ ਕਰਨ ਜਾਂ ਮੇਲ ਨਾ ਖਾਂਦੇ ਦਸਤਖ਼ਤ ਕਾਰਨ ਚੁਣੌਤੀਸ਼ੁਦਾ ਡਾਕ-ਰਾਹੀਂ-ਵੋਟ ਬੈਲਟ ਨੂੰ "ਠੀਕ" ਕਿਵੇਂ ਕੀਤਾ ਜਾਏ

## ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ

Yolo ਕਾਉਂਟੀ ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੁਆਰਾ ਪ੍ਰਦਾਨ ਕੀਤੇ ਮੌਕਿਆਂ ਅਤੇ ਸੁਝਾਵਾਂ ਦਾ ਅਨੁਸਰਣ ਕਰਨਾ ਜਾਰੀ ਰੱਖੇਗੀ। ਇਹ ਸਿਫ਼ਾਰਿਸ਼ਾਂ ਸੀਮਤ ਅੰਗ੍ਰੇਜ਼ੀ ਮੁਹਾਰਤ ਵਾਲੇ ਵਿਅਕਤੀਆਂ ਦੀ ਸੇਵਾ ਕਰਨ ਵਾਲੀਆਂ ਜਾਂ ਬਣੀਆਂ ਸੰਸਥਾਵਾਂ ਨੂੰ ਪੇਸ਼ਕਾਰੀਆਂ, ਵਰਚੁਅਲ ਮੀਟਿੰਗਾਂ ਅਤੇ/ਜਾਂ ਵਿਦਿਅਕ ਸਮੱਗਰੀ ਦੀ ਵੰਡ ਦਾ ਕਾਰਨ ਬਣ ਸਕਦੀਆਂ ਹਨ। ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੇ ਫਲੋਰ ਪਲਾਨ ਅਤੇ ਵੋਟ ਕੇਂਦਰਾਂ ਦੇ ਭੌਤਿਕ ਖਾਕੇ ਦੀ ਸਮੀਖਿਆ ਵਿਸ਼ੇਸ਼ ਤੌਰ 'ਤੇ ਮਹੱਤਵਪੂਰਣ ਹੋਵੇਗੀ। ਹੋਰ ਵਿਸ਼ਾ ਖੇਤਰ ਵਿੱਚ ਸ਼ਾਮਲ ਹਨ:

- ਜਾਣਕਾਰੀ ਸਮੱਗਰੀ ਅਤੇ ਵੈੱਬਸਾਈਟ
- ਰਿਮੋਟ ਪਹੁੰਚਯੋਗ ਵਾਲਾ ਡਾਕ-ਰਾਹੀਂ-ਵੋਟ ਸਿਸਟਮ
- ਵੋਟਰ ਸਿੱਖਿਆ ਅਤੇ ਪਹੁੰਚ ਸਮੱਗਰੀਆਂ
- ਭਾਈਚਾਰਕ ਸਮੂਹ ਦੀ ਸ਼ਮੂਲੀਅਤ
- ਚੋਣ ਕਰਮੀਆਂ ਦੀ ਵਿਵਿਧਤਾ, ਭਰਤੀ, ਅਤੇ ਸਿਖਲਾਈ
- ਵੋਟ ਪਾਉਣ ਦੇ ਟਿਕਾਣਿਆਂ ਦੀ ADA ਅਨੁਪਾਲਣਾ ਜਾਂ ਉਪਯੋਗਿਤਾ
- ਸੰਵੇਦਨਸ਼ੀਲਤਾ ਅਤੇ ਸ਼ਾਮਲ ਕਰਨਾ
- ਵੋਟ ਪਾਉਣ ਲਈ ਸਰੀਰਕ ਰੁਕਾਵਟਾਂ
- ਵੋਟ ਪਾਉਣ ਵਿੱਚ ਜਾਣਕਾਰੀ ਸੰਬੰਧੀ ਰੁਕਾਵਟਾਂ
- ਸੋਸ਼ਲ ਮੀਡੀਆ ਅਤੇ ਮਲਟੀਮੀਡੀਆ ਸੋਮਿਆਂ ਦੀ ਵਧੀਆ ਵਰਤੋਂ
- ਵੋਟ ਪਾਉਣ ਲਈ ਪਹੁੰਚਯੋਗਤਾ ਪਹਿਲਕਦਮੀਆਂ ਅਤੇ ਸਮਾਗਮਾਂ ਦਾ ਪ੍ਰਚਾਰ
- ਵੋਟ ਪਾਉਣ ਨੂੰ ਉਤਸ਼ਾਹਿਤ ਕਰਨ ਲਈ ਪਹਿਲਕਦਮੀਆਂ ਅਤੇ ਸਮਾਗਮ
- ਸਥਾਨਕ ਭਾਈਚਾਰਿਆਂ ਨੂੰ ਜਾਣਕਾਰੀ ਦਾ ਪ੍ਰਸਾਰ ਕਰਨਾ

ਹਰੇਕ ਵੱਡੀ ਚੋਣ ਤੋਂ ਪਹਿਲਾਂ ਅਤੇ ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੇ ਸਹਿਯੋਗ ਨਾਲ, Yolo ਕਾਉਂਟੀ ਇਨ੍ਹਾਂ

ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਦੁਭਾਸ਼ੀ ਵੋਟਰ ਸਿੱਖਿਆ ਵਰਕਸ਼ਾਪਾਂ ਦਾ ਆਯੋਜਨ ਕਰੇਗੀ:

- ਮਤਦਾਤਾ ਦੀ ਚੋਣ ਅਧਿਨਿਯਮ ਦਾ ਵੋਟਿੰਗ ਮਾਡਲ
- ਵੋਟ ਪਾਉਣ ਦੇ ਉਪਕਰਣਾਂ ਤੱਕ ਪਹੁੰਚ ਅਤੇ ਪ੍ਰਦਰਸ਼ਨ ਕਰਨਾ
- ਰਿਮੋਟ ਪਹੁੰਚਯੋਗ ਵਾਲਾ ਡਾਕ-ਰਾਹੀਂ-ਵੋਟ ਸਿਸਟਮ ਤੱਕ ਇਲੈਕਟ੍ਰਾਨਿਕ ਤਰੀਕੇ ਨਾਲ ਪਹੁੰਚਣਾ ਅਤੇ ਸਿਸਟਮ ਦਾ ਪ੍ਰਦਰਸ਼ਨ ਕਰਨਾ
- ਬੈਲਟ ਡ੍ਰੌਪ ਬੌਕਸ ਅਤੇ ਵੋਟ ਕੇਂਦਰ ਦੀ ਜਾਣਕਾਰੀ
- ਸਫਲਤਾਪੂਰਵਕ ਡਾਕ-ਰਾਹੀਂ-ਵੋਟ ਪਾਉਣਾ
    - ਰਵਾਇਤੀ ਦਸਤਖ਼ਤ ਦੀ ਬਜਾਏ ਇੱਕ ਨਿਸ਼ਾਨ ਲਗਾ ਕੇ ਦਸਤਖ਼ਤ ਕਰਨਾ (ਜਿਸਦੀ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਕਿਸੇ ਵਿਅਕਤੀ ਦੁਆਰਾ ਗਵਾਹੀ ਦਿੱਤੀ ਜਾਂਦੀ ਹੈ)
    - ਕਿਸੇ ਹੋਰ ਵਿਅਕਤੀ ਨੂੰ ਤੁਹਾਡੀ ਬੈਲਟ ਪਹੁੰਚਾਉਣ ਦਾ ਅਧਿਕਾਰ ਦੇਣਾ
    - ਵੋਟਰ ਵਲੋਂ ਮੁੱਖਤਿਆਰੀ ਅਧਿਕਾਰ (ਪਾਵਰ-ਔਫ਼-ਅਟਾਰਨੀ) 'ਤੇ ਦਸਤਖ਼ਤ ਕਰਨਾ ਸਵੀਕਾਰਯੋਗ ਨਹੀਂ ਹੈ ਅਤੇ ਇਸਨੂੰ ਨਹੀਂ ਮੰਨਿਆ ਜਾਂਦਾ ਹੈ
- ਕੰਜ਼ਰਵੇਟਰਸ਼ਿਪ ਅਧੀਨ ਲੋਕਾਂ ਦੇ ਵੋਟਿੰਗ ਅਧਿਕਾਰ
- ਇਹ ਤੱਥ ਕਿ ਪਾਵਰ ਆਫ਼ ਅਟਾਰਨੀ ਹੋਣਾ ਕਿਸੇ ਹੋਰ ਨੂੰ ਵੋਟ ਦੇਣ ਦਾ ਅਧਿਕਾਰ ਨਹੀਂ ਹੈ

ਜਨਤਾ ਦੇ ਮੈਂਬਰ ਜੋ ਇੱਕ ਜਾਂ ਦੋਵੇਂ ਕਮੇਟੀਆਂ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ, elections@yolocounty.org 'ਤੇ ਈਮੇਲ ਰਾਹੀਂ ਸੰਪਰਕ ਕਰ ਸਕਦੇ ਹਨ। ਇਸ ਵੇਲੇ ਸਾਡੀ ਸਲਾਹਕਾਰ ਕਮੇਟੀਆਂ ਦੀ ਅਰਜ਼ੀ ਦੀ ਕੋਈ ਪ੍ਰਕਿਰਿਆ ਨਹੀਂ ਹੈ। ਹੋਰ ਜਾਣਕਾਰੀ ਅੱਗੇ ਦਿੱਤੀਆਂ ਵੈੱਬਸਾਈਟਾਂ 'ਤੇ ਦੇਖੀ ਜਾ ਸਕਦੀ ਹੈ:

- ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ: https://www.yoloelections.org/get-involved/laac
- ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ: https://www.yoloelections.org/get-involved/vaac

## ਭਾਸ਼ਾਈ ਤੌਰ ਤੇ ਘੱਟ ਗਿਣਤੀ ਵਾਲੇ ਭਾਈਚਾਰਿਆਂ ਦੀ ਸਿੱਖਿਆ ਅਤੇ ਪਹੁੰਚ

EC §4005(a)(10)(I)(i)(I) ਅਤੇ EC §4005(a)(10)(I)(i)(VI)(ia)

Yolo ਕਾਉਂਟੀ ਅੰਗਰੇਜ਼ੀ ਨਾ ਬੋਲਣ ਵਾਲੇ ਨਾਗਰਿਕਾਂ ਦੀ ਸੇਵਾ ਕਰਨ ਲਈ ਵਚਨਬੱਧ ਹੈ ਤਾਂ ਜੋ ਉਹ ਵੋਟਰ ਰਜਿਸਟ੍ਰੇਸ਼ਨ ਅਤੇ ਚੋਣ ਪ੍ਰਕਿਰਿਆ ਨੂੰ ਚੰਗੀ ਤਰ੍ਹਾਂ ਸਮਝ ਸਕਣ। ਚੋਣ ਦਫ਼ਤਰ ਵੱਲੋਂ ਰੂਸੀ ਭਾਸ਼ਾ ਵਿੱਚ ਸਮੱਗਰੀਆਂ ਨੂੰ ਸ਼ਾਮਲ ਕਰਨਾ, ਜੋ ਭਾਸ਼ਾ ਦੀ ਪਹੁੰਚ ਨਾਲ ਸੰਬੰਧਿਤ ਕੈਲੀਫੋਰਨੀਆ ਚੋਣ ਕੋਡ ਦੇ ਸੈਕਸ਼ਨ 14201 ਵਿੱਚ ਨਹੀਂ ਦਰਸਾਇਆ ਗਿਆ ਹੈ, ਉਸ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਸਾਰੇ ਰਜਿਸਟਰਡ ਵੋਟਰਾਂ ਨੂੰ ਮਤਦਾਤਾ ਦੀ ਚੋਣ ਅਧਿਨਿਯਮ ਦਾ ਮੇਲਰ ਪ੍ਰਾਪਤ ਹੋਵੇਗਾ, ਜੋ ਉਨ੍ਹਾਂ ਨੂੰ ਕੈਲੀਫੋਰਨੀਆ ਚੋਣ ਕੋਡ ਦੇ ਸੈਕਸ਼ਨ 14201, ਅਤੇ ਸੰਘੀ ਵੋਟ ਪਾਉਣ ਦੇ ਅਧਿਕਾਰ ਅਧਿਨਿਯਮ ਦੇ ਸੈਕਸ਼ਨ 203, ਜਾਂ ਸਥਾਨਕ ਨਿਰਧਾਰਨ ਦੁਆਰਾ ਲੋੜੀਂਦੀਆਂ ਵਿਕਲਪਿਕ ਭਾਸ਼ਾਵਾਂ ਵਿੱਚ ਉਨ੍ਹਾਂ ਦੇ ਅਧਿਕਾਰਤ ਡਾਕ-ਰਾਹੀਂ-ਵੋਟ ਬੈਲਟ ਅਤੇ ਹੋਰ ਚੋਣ ਸਮੱਗਰੀ ਦੇ ਅਨੁਵਾਦਿਤ ਪ੍ਰਤੀਕਿਰਤੀ ਬੈਲਟ ਦੀ ਬੇਨਤੀ ਕਰਨ ਦੇ ਮੌਕੇ ਬਾਰੇ ਸੂਚਿਤ ਕਰਨਾ। (ਚੀਨੀ, ਕੋਰੀਅਨ, ਪੰਜਾਬੀ, ਰੂਸੀ ਅਤੇ ਸਪੈਨਿਸ਼) ਅਨੁਵਾਦਿਤ ਸਮੱਗਰੀ ਤੱਕ ਪਹੁੰਚ ਕਰਨ ਲਈ ਕਾਉਂਟੀ ਵੋਟਰ ਜਾਣਕਾਰੀ ਗਾਈਡ ਅਤੇ Yolo ਕਾਉਂਟੀ ਚੋਣਾਂ ਦੀ ਵੈੱਬਸਾਈਟ 'ਤੇ

ਹਿਦਾਇਤਾਂ ਸ਼ਾਮਲ ਕੀਤੀਆਂ ਜਾਣਗੀਆਂ।

Yolo ਕਾਉਂਟੀ ਚੋਣਾਂ ਇਹ ਨਿਰਧਾਰਿਤ ਕਰੇਗਾ ਕਿ ਕਿਹੜੇ ਵੋਟ ਕੇਂਦਰ ਕਿਸੇ ਖੇਤਰ ਵਿੱਚ ਜਾਂ ਉਸ ਦੇ ਨੇੜੇ ਸਥਿਤ ਹਨ ਜੋ ਵਿਅਕਤੀਗਤ ਭਾਸ਼ਾ ਸਹਾਇਤਾ ਲਈ ਸੰਘੀ ਵੋਟ ਪਾਉਣ ਸੰਬੰਧੀ ਅਧਿਕਾਰਾਂ ਦੇ ਅਧਿਨਿਯਮ (Voting Rights Act, VRA) ਦੇ ਅਧੀਨ ਭਾਸ਼ਾ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ। ਇਸ ਤੋਂ ਇਲਾਵਾ, Yolo ਕਾਉਂਟੀ ਚੋਣਾਂ ਕੈਲੀਫੋਰਨੀਆਂ ਚੋਣ ਕੋਡ (EC) ਅਤੇ ਸੰਘੀ ਵੋਟ ਪਾਉਣ ਸੰਬੰਧੀ ਅਧਿਕਾਰ ਅਧਿਨਿਯਮ (VRA) ਦੇ ਸੈਕਸ਼ਨ 203 ਦੇ ਅਧੀਨ, ਖਾਸ ਭਾਸ਼ਾਵਾਂ ਵਿੱਚ ਮਾਹਰ ਵਿਅਕਤੀਆਂ ਦੁਆਰਾ ਸਟਾਫ਼ਿੰਗ ਲਈ ਕਿਹੜੇ ਵੋਟ ਕੇਂਦਰਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ, ਇਸ ਬਾਰੇ ਜਨਤਕ ਰਾਇ ਦੀ ਮੰਗ ਕਰੇਗਾ। ਇਨ੍ਹਾਂ ਵੋਟ ਕੇਂਦਰਾਂ ਵਿੱਚ ਦੁਭਾਸ਼ੀ ਸਟਾਫ਼ ਮੈਂਬਰਾਂ ਦੀ ਭਰਤੀ ਅਤੇ ਨਿਯੁਕਤੀ ਲਈ ਹਰ ਕੋਸ਼ਿਸ਼ ਕੀਤੀ ਜਾਵੇਗੀ।

ਸਾਰੇ ਵੋਟਰਾਂ ਕੋਲ "ਭਾਸ਼ਾ ਸਹਾਇਤਾ" ਪ੍ਰਾਪਤ ਕਰਨ ਦੇ ਵਿਕਲਪ ਹੋਣਗੇ ਜਿਵੇਂ ਕਿ ਲੋੜੀਂਦੀਆਂ ਭਾਸ਼ਾਵਾਂ ਵਿੱਚ ਅਨੁਵਾਦਿਤ ਲਿਖਤੀ ਸਮੱਗਰੀ ਅਤੇ ਕਈ ਭਾਸ਼ਾਵਾਂ ਵਿੱਚ ਫ਼ੋਨ ਰਾਹੀਂ ਦੁਭਾਸ਼ੀਏ ਦੀ ਸਹਾਇਤਾ।

Yolo ਕਾਉਂਟੀ ਹਰੇਕ ਵੱਡੀ ਚੋਣ ਤੋਂ ਪਹਿਲਾਂ EC §14201 ਅਧੀਨ ਹਰੇਕ ਲੋੜੀਂਦੀ ਭਾਸ਼ਾ ਲਈ ਇੱਕ ਦੁਭਾਸ਼ੀ ਵੋਟਰ ਸਿੱਖਿਆ ਵਰਕਸ਼ਾਪ ਆਯੋਜਿਤ ਕਰੇਗੀ। ਇਨ੍ਹਾਂ ਦੁਭਾਸ਼ੀ ਭਾਈਚਾਰਕ ਮੀਟਿੰਗਾਂ ਵਿੱਚ ਕਵਰ ਕੀਤੀ ਗਈ ਖਾਸ ਜਾਣਕਾਰੀ ਵਿੱਚ ਸ਼ਾਮਲ ਹੋ ਸਕਦੇ ਹਨ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹੈ:

- ਮਤਦਾਤਾ ਦੀ ਚੋਣ ਅਧਿਨਿਯਮ ਵੋਟਿੰਗ ਮਾਡਲ ਬਾਰੇ ਸੰਖੇਪ ਜਾਣਕਾਰੀ
- ਵੋਟ ਪਾਉਣ ਦੇ ਉਪਕਰਣ ਦਾ ਪ੍ਰਦਰਸ਼ਨ
- ਵੋਟ ਪਾਉਣ ਦੇ ਉਪਕਰਣ ਤੱਕ ਪਹੁੰਚ
- ਅਧਿਕਾਰਤ ਬੈਲਟ ਦੀ ਅਨੁਵਾਦਿਤ ਪ੍ਰਤੀਕਿਰਤੀ ਕਿਵੇਂ ਪ੍ਰਾਪਤ ਕਰਨੀ ਹੈ
- ਕਿਸੇ ਵੋਟ ਕੇਂਦਰ 'ਤੇ ਦੁਭਾਸ਼ੀ ਸਹਾਇਤਾ ਜਾਂ ਟੈਲੀਫੋਨ ਦੁਭਾਸ਼ੀਏ ਦੀ ਮੰਗ ਕਿਵੇਂ ਕੀਤੀ ਜਾਏ
- ਬੈਲਟ ਡ੍ਰੌਪ-ਔਫ਼ ਸੰਬੰਧੀ ਜਾਣਕਾਰੀ
- ਡਾਕ-ਰਾਹੀਂ-ਵੋਟ ਦੇ ਵਾਪਸੀ ਪਛਾਣ ਲਿਫ਼ਾਫ਼ਿਆਂ 'ਤੇ ਦਸਤਖ਼ਤ ਕਰਨਾ
- ਦਸਤਖ਼ਤ ਦੀ ਬਜਾਏ ਗਵਾਹੀ ਦੇ ਨਿਸ਼ਾਨ ਨਾਲ ਦਸਤਖ਼ਤ ਕਰਨਾ
- ਡਾਕ-ਰਾਹੀਂ-ਵੋਟ ਦੇ ਵਾਪਸੀ ਪਛਾਣ ਲਿਫ਼ਾਫ਼ਿਆਂ 'ਤੇ ਚੁਣੌਤੀ ਵਾਲੇ ਦਸਤਖ਼ਤਾਂ ਨੂੰ ਠੀਕ ਕਰਨਾ
- ਕੰਜ਼ਰਵੇਟਰਸ਼ਿਪ ਦੇ ਅਧੀਨ ਲੋਕਾਂ ਦੇ ਵੋਟ ਪਾਉਣ ਦਾ ਅਧਿਕਾਰ
- ਇਹ ਤੱਥ ਕਿ ਪਾਵਰ ਔਫ਼ ਅਟਾਰਨੀ ਕਿਸੇ ਹੋਰ ਨੂੰ ਵੋਟ ਦੇਣ ਦਾ ਅਧਿਕਾਰ ਨਹੀਂ ਦਿੰਦੀ ਹੈ

### ਅਪਾਹਜ ਸਮੁਦਾਇਆਂ ਦੀ ਸਿੱਖਿਆ ਅਤੇ ਉਨ੍ਹਾਂ ਤੱਕ ਪਹੁੰਚ

EC §§4005(a)(10)(I)(i)(II) ਅਤੇ 4005(a)(10)(I)(i)(VI)(ib)

Yolo ਕਾਉਂਟੀ ਦੀ ਵੋਟਰ ਰਜਿਸਟ੍ਰੇਸ਼ਨ ਅਤੇ ਵੋਟ ਪਾਉਣ ਸੰਬੰਧੀ ਪਹੁੰਚਯੋਗਤਾ ਵਧਾਉਣ ਲਈ ਅਸਮਰਥਤਾਵਾਂ ਵਾਲੇ ਵੋਟਰਾਂ ਨਾਲ ਕੰਮ ਕਰਨ ਦੀ ਲੰਬੇ ਸਮੇਂ ਤੋਂ ਵਚਨਬੱਧਤਾ ਹੈ। ਸਾਰੇ ਰਜਿਸਟਰਡ ਵੋਟਰਾਂ ਨੂੰ ਇੱਕ ਕਾਉਂਟੀ ਵੋਟਰ ਜਾਣਕਾਰੀ ਗਾਈਡ ਪ੍ਰਾਪਤ ਹੋਵੇਗੀ। ਇਸ ਗਾਈਡ ਵਿੱਚ ਪਹੁੰਚਯੋਗ ਬੈਲਟ 'ਤੇ ਨਿਸ਼ਾਨ ਲਗਾਉਣ ਵਾਲੇ ਡਿਵਾਈਸ ਬਾਰੇ ਜਾਣਕਾਰੀ ਅਤੇ ਰਿਮੋਟ ਪਹੁੰਚਯੋਗ ਵਾਲੇ ਡਾਕ-ਰਾਹੀਂ-ਵੋਟ ਤੱਕ ਪਹੁੰਚ ਅਤੇ ਵਰਤੋਂ ਕਰਨ ਬਾਰੇ ਜਾਣਕਾਰੀ ਸ਼ਾਮਲ ਹੋਵੇਗੀ। ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੇ ਮੈਂਬਰ ਟੀਚੇ ਵਾਲੇ ਦਰਸ਼ਕਾਂ ਨੂੰ ਜਾਣਕਾਰੀ ਪ੍ਰਸਾਰਿਤ ਕਰਨ ਲਈ ਸਮੂਹਾਂ ਨਾਲ ਜੁੜਨ ਵਿੱਚ ਸਹਾਇਤਾ ਕਰਨਗੇ।

Yolo ਕਾਉਂਟੀ ਅਪਾਹਜਤਾ ਵਾਲੇ ਯੋਗ ਵੋਟਰ ਦੀ ਪਹੁੰਚਯੋਗਤਾ ਅਤੇ ਭਾਗੀਦਾਰੀ ਵਿੱਚ ਵਾਧਾ ਕਰਨ ਲਈ ਘੱਟੋ-ਘੱਟ ਇੱਕ ਮਤਦਾਰਾ ਸਿੱਖਿਆ ਵਰਕਸ਼ਾਪ ਦਾ ਆਯੋਜਨ ਕਰੇਗੀ।

ਅਪਾਹਜ ਭਾਈਚਾਰੇ ਨੂੰ ਪ੍ਰਦਾਨ ਕੀਤੀ ਗਈ ਖਾਸ ਜਾਣਕਾਰੀ ਵਿੱਚ ਸ਼ਾਮਲ ਹੋ ਸਕਦੇ ਹਨ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ:

- ਮਤਦਾਤਾ ਦੀ ਚੋਣ ਅਧਿਨਿਯਮ ਵੋਟਿੰਗ ਮਾਡਲ ਬਾਰੇ ਸੰਖੇਪ ਜਾਣਕਾਰੀ
- ਵੋਟ ਪਾਉਣ ਦੇ ਉਪਕਰਣ ਦਾ ਪ੍ਰਦਰਸ਼ਨ
- ਵੋਟ ਪਾਉਣ ਦੇ ਉਪਕਰਣ ਤੱਕ ਪਹੁੰਚ
- ਬੈਲਟ ਡ੍ਰੌਪ-ਔਫ਼ ਸੰਬੰਧੀ ਜਾਣਕਾਰੀ
- ਇਲੈਕਟ੍ਰਾਨਿਕ ਤੌਰ 'ਤੇ ਰਿਮੋਟ ਪਹੁੰਚਯੋਗ ਵਾਲਾ ਡਾਕ-ਰਾਹੀਂ-ਵੋਟ ਬੈਲਟ ਕਿਵੇਂ ਪ੍ਰਾਪਤ ਕੀਤਾ ਜਾਏ
- ਸਕ੍ਰੀਨ ਤੇ ਪੜ੍ਹਨਯੋਗ ਇਲੈਕਟ੍ਰਾਨਿਕ ਫਾਰਮੈਟ ਵਿੱਚ ਅਧਿਕਾਰਤ ਬੈਲਟ ਦੀ ਅਨੁਵਾਦਿਤ ਪ੍ਰਤੀਕਿਰਤੀ ਕਿਵੇਂ ਪ੍ਰਾਪਤ ਕੀਤੀ ਜਾਏ
- ਡਾਕ-ਰਾਹੀਂ-ਵੋਟ ਦੇ ਵਾਪਸੀ ਪਛਾਣ ਲਿਫ਼ਾਫ਼ਿਆਂ 'ਤੇ ਦਸਤਖ਼ਤ ਕਰਨਾ
- ਦਸਤਖ਼ਤ ਦੀ ਬਜਾਏ ਗਵਾਹੀ ਦੇ ਨਿਸ਼ਾਨ ਨਾਲ ਦਸਤਖ਼ਤ ਕਰਨਾ
- ਡਾਕ-ਰਾਹੀਂ-ਵੋਟ ਦੇ ਵਾਪਸੀ ਪਛਾਣ ਲਿਫ਼ਾਫ਼ਿਆਂ 'ਤੇ ਚੁਣੌਤੀ ਵਾਲੇ ਦਸਤਖ਼ਤਾਂ ਨੂੰ ਠੀਕ ਕਰਨਾ
- ਕੰਜ਼ਰਵੇਟਰਸ਼ਿਪ ਦੇ ਅਧੀਨ ਲੋਕਾਂ ਦੇ ਵੋਟ ਪਾਉਣ ਦਾ ਅਧਿਕਾਰ
- ਇਹ ਤੱਥ ਕਿ ਪਾਵਰ ਔਫ਼ ਅਟਾਰਨੀ ਦਾ ਹੋਣਾ ਕਿਸੇ ਹੋਰ ਲਈ ਵੋਟ ਦੇਣ ਦਾ ਅਧਿਕਾਰ ਨਹੀਂ ਦਿੰਦਾ ਹੈ

## ਸਿੱਧੇ ਵੋਟਰ ਨਾਲ ਸੰਪਰਕ

EC §4005(a)(10)(I)(i)(X)

Yolo ਕਾਉਂਟੀ ਚੋਣਾਂ ਸਾਰੇ ਰਜਿਸਟਰਡ ਵੋਟਰਾਂ ਨੂੰ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦੀ ਉਪਲਬਧਤਾ ਅਤੇ ਖਾਸ ਚੋਣ ਨਾਲ ਸੰਬੰਧਿਤ ਮਹੱਤਵਪੂਰਨ ਵੇਰਵਿਆਂ ਅਤੇ ਸਮਾਂ-ਸੀਮਾਵਾਂ ਬਾਰੇ ਸਲਾਹ ਦੇਣ ਲਈ, ਕਾਉਂਟੀ ਦੀ ਵੋਟਰ ਜਾਣਕਾਰੀ ਗਾਈਡ  ਅਤੇ ਡਾਕ-ਰਾਹੀਂ-ਵੋਟ ਬੈਲਟ ਪੈਕੇਜ ਤੋਂ ਇਲਾਵਾ, ਦੋ ਸਿੱਧੇ ਮੇਲਰ ਭੇਜਦੀ ਹੈ। ਇਹ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਸਾਰੇ ਸਾਲ ਕਿਰਿਆਸ਼ੀਲ ਰਹਿੰਦੀ ਹੈ। ਸੁਣਨ ਵਿੱਚ ਕਮਜ਼ੋਰ ਮਤਦਾਤਾਵਾਂ ਦੀ ਸਹਾਇਤਾ ਦਾ ਵਿਕਲਪ ਉਪਲਬਧ ਹੈ ਅਤੇ ਨਾਲ ਹੀ Yolo ਕਾਉਂਟੀ ਦੁਆਰਾ ਸਪਸ਼ਟ ਤੌਰ ਤੇ ਸਮਰਥਿਤ ਭਾਸ਼ਾਵਾਂ ਵਿੱਚ ਸਹਾਇਤਾ ਵੀ ਉਪਲਬਧ ਹੈ। ਇਨ੍ਹਾਂ ਸਿੱਧੇ ਮੇਲਰਾਂ ਨੂੰ ਮਤਦਾਤਾ ਦੀ ਚੋਣ  ਆਊਟਰੀਚ ਨੂੰ ਸੰਚਾਲਿਤ ਕਰਨ ਵਾਲੇ ਕੈਲੀਫੋਰਨੀਆ ਇਲੈਕਸ਼ਨਜ਼ ਕੋਡ ਦੇ ਅਨੁਸਾਰ ਵੋਟਰਾਂ ਨੂੰ ਭੇਜਿਆ ਜਾਂਦਾ ਹੈ।

ਮੇਲਰ ਵੋਟ ਪਾਉਣ ਦੇ ਵਿਕਲਪਾਂ ਦੀ ਵਿਆਖਿਆ ਵੀ ਕਰ ਸਕਦੇ ਹਨ: – ਰਿਮੋਟ ਪਹੁੰਚਯੋਗ ਵਾਲੇ ਡਾਕ-ਰਾਹੀਂ-ਵੋਟ ਸਿਸਟਮ , ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ ਦੇ ਟਿਕਾਣੇ ਅਤੇ ਕੰਮਕਾਜ ਦੇ ਘੰਟੇ – ਅਤੇ ਡਾਕ ਵਿੱਚ ਕਾਉਂਟੀ ਦੀ ਵੋਟਰ ਜਾਣਕਾਰੀ ਗਾਈਡ ਜਾਂ ਡਾਕ-ਰਾਹੀਂ-ਵੋਟ ਬੈਲਟ ਨੂੰ ਪ੍ਰਾਪਤ ਕਰਨ ਦੀ ਉਮੀਦ ਕਦੋਂ ਕੀਤੀ ਜਾਏ।

ਇਹ ਮੇਲਰ ਸਾਦੀ ਭਾਸ਼ਾ ਵਿੱਚ ਸਰਵੋਤਮ ਅਭਿਆਸਾਂ ਅਤੇ ਪ੍ਰਭਾਵਸ਼ਾਲੀ ਵਿਜ਼ੂਅਲ ਡਿਜ਼ਾਈਨ ਦੇ ਪਹੁੰਚਯੋਗ ਤੱਤਾਂ ਦੀ ਵਰਤੋਂ ਕਰਦੇ ਹਨ। 2022 ਵਿੱਚ, ਇਹ ਮੇਲਰ ਪੋਸਟਕਾਰਡ ਸਨ। ਡਿਜ਼ਾਇਨ ਵਿੱਚ ਸੋਧਾਂ, ਜਿਸ ਵਿੱਚ ਮੇਲਰ ਨੂੰ ਇੱਕ ਚਿੱਠੀ ਵਿੱਚ ਤਬਦੀਲ ਕਰਨਾ ਸ਼ਾਮਲ ਹੈ, ਹਾਲੇ ਵਿਚਾਰ ਅਧੀਨ ਹੈ। ਮੇਲਰਾਂ ਦਾ ਆਕਾਰ ਵੱਖ-ਵੱਖ ਹੋ ਸਕਦਾ ਹੈ ਪਰ ਇਨ੍ਹਾਂ ਨੂੰ ਭਰੋਸੇਯੋਗ Yolo ਕਾਉਂਟੀ ਚੋਣਾਂ ਦੀ ਬ੍ਰਾਂਡਿੰਗ ਅਤੇ ਸੰਦੇਸ਼ ਵੱਲ ਵੋਟਰ ਦਾ ਧਿਆਨ ਖਿੱਚਣ ਲਈ ਤਿਆਰ ਕੀਤਾ ਜਾਵੇਗਾ। ਪਿਛਲੀਆਂ ਚੋਣਾਂ ਦੇ ਨਮੂਨੇ ਵੇਖਣ

ਲਈ ਅੰਤਿਕਾ G ਵਿੱਚ ਵੇਖੋ।

## ਗੈਰ-ਪ੍ਰਤੱਖ ਵੋਟਰ ਸੰਪਰਕ

EC §§4005(a)(10)(I)(i)(VIII), 4005(a)(10)(I)(i)(IX), ਅਤੇ 4005(a)(10)(I)(i)(I)

Yolo ਕਾਉਂਟੀ ਚੋਣਾਂ ਦਾ ਵੱਖ-ਵੱਖ ਪਲੇਟਫਾਰਮਾਂ 'ਤੇ ਭਰੋਸੇਯੋਗ ਚੋਣ ਜਾਣਕਾਰੀ ਦਾ ਪ੍ਰਚਾਰ ਕਰਨ ਦਾ ਰਿਕਾਰਡ ਹੈ। ਪਲੇਟਫਾਰਮਾਂ ਵਿੱਚ ਰਵਾਇਤੀ ਅਤੇ ਡਿਜੀਟਲ ਮੀਡੀਆ, ਭੁਗਤਾਨ ਕੀਤੇ ਇਸ਼ਤਿਹਾਰ ਅਤੇ "ਭੁਗਤਾਨ ਨਾ ਕੀਤਾ ਗਿਆ" ਮੀਡੀਆ ਸ਼ਾਮਲ ਹੁੰਦਾ ਹੈ। ਚੋਣਾਂ ਦੀ ਭੁਗਤਾਨ ਨਾ ਕੀਤੀ ਗਈ ਕਵਰੇਜ ਅਕਸਰ ਮੀਡੀਆ ਸਲਾਹਕਾਰ ਜਾਂ ਪ੍ਰੈਸ ਰਿਲੀਜ਼ ਦੇ ਜਵਾਬ ਵਿੱਚ ਆਉਂਦੀ ਹੈ ਜੋ ਕਿਸੇ ਖਾਸ ਚੋਣ ਗਤੀਵਿਧੀ ਦੇ ਸ਼ੁਰੂ ਹੋਣ ਜਾਂ ਕਿਸੇ ਪ੍ਰਚਲਿਤ ਮੁੱਦੇ ਨੂੰ ਹੱਲ ਕਰਨ ਵਾਲੀ ਘੋਸ਼ਣਾ ਕਰਦੀ ਹੈ। ਹਾਲਾਂਕਿ ਇਨ੍ਹਾਂ ਮੌਕਿਆਂ ਬਾਰੇ ਕਦੇ-ਕਦਾਈਂ ਅਨੁਮਾਨ ਨਹੀਂ ਲਗਾਇਆ ਜਾ ਸਕਦਾ, ਬਹੁਤ ਸਾਰੇ ਸਥਾਨਕ ਮੀਡੀਆ ਮੌਜੂਦਾ ਜਨਤਕ ਹਿੱਤਾਂ ਦੇ ਕਾਰਨ ਚੋਣ ਬਾਰੇ ਜਾਣਕਾਰੀ ਪ੍ਰਸਾਰਿਤ ਕਰਨ ਜਾਂ ਪ੍ਰਕਾਸ਼ਿਤ ਕਰਨ ਲਈ ਉਤਸੁਕ ਹਨ।

ਭਾਈਚਾਰਕ ਅਤੇ ਮੀਡੀਆ ਭਾਈਵਾਲਾਂ, ਸਮਾਗਮਾਂ ਅਤੇ ਨਮੂਨਾ ਸਮੱਗਰੀ ਦੀ ਇੱਕ ਖਾਸ ਸੂਚੀ ਲਈ, ਅੰਤਿਕਾ F ਵਿੱਚ ਵੇਖੋ।

*ਸਾਰਣੀ 6 ਗੈਰ-ਪ੍ਰਤੱਖ ਵੋਟਰ ਸੰਪਰਕ ਪਲੇਟਫਾਰਮ*

| ਕਿਸਮ | ਪਲੇਟਫਾਰਮ | ਸੁਨੇਹਾ/ਉਦੇਸ਼ |
|---|---|---|
| ਜਨਤਕ ਸੇਵਾ ਘੋਸ਼ਣਾਵਾਂ (Public Service Announcements, PSA) | ਭਾਈਚਾਰਕ ਪਹੁੰਚ ਸਟੇਸ਼ਨ/ਸ਼ਹਿਰ/ਕੈਂਪਸ | ਮੈਸੇਜਿੰਗ:<br>• ਅੰਗਰੇਜ਼ੀ ਅਤੇ ਅਲਪਸੰਖਿਅਕ ਭਾਸ਼ਾਵਾਂ ਵਿੱਚ ਹੋਵੇਗੀ<br>• ਉਨ੍ਹਾਂ ਵੋਟਰਾਂ ਤੱਕ ਪਹੁੰਚਯੋਗ ਹੋਵੇਗੀ ਜੋ ਬੋਲ਼ੇ ਹਨ ਜਾਂ ਸੁਣ ਨਹੀਂ ਸਕਦੇ ਹਨ<br>• ਉਨ੍ਹਾਂ ਵੋਟਰਾਂ ਲਈ ਪਹੁੰਚਯੋਗ ਹੋਵੇਗੀ ਜੋ ਅੰਨ੍ਹੇ ਜਾਂ ਨੇਤਰਹੀਣ ਹਨ<br>• ਮਤਦਾਤਾ ਦੀ ਚੋਣ ਅਧਿਨਿਯਮ ਵਿੱਚ ਆਏ ਬਦਲਾਵਾਂ ਬਾਰੇ ਜਨਤਾ ਨੂੰ ਜਾਗਰੂਕ ਕਰੇਗੀ<br>• Yolo ਕਾਉਂਟੀ ਚੋਣਾਂ ਦੇ ਟੋਲ-ਫ੍ਰੀ ਵੋਟਰ ਸਹਾਇਤਾ ਫ਼ੋਨ ਨੰਬਰ ਦਾ ਪ੍ਰਸਾਰ ਕਰੇਗੀ<br>• Yolo ਕਾਉਂਟੀ ਚੋਣਾਂ ਦੀ ਵੈੱਬਸਾਈਟ, ਸੋਸ਼ਲ ਮੀਡੀਆ ਅਤੇ ਈਮੇਲ ਪਤਿਆਂ ਦਾ ਪ੍ਰਸਾਰ ਕਰੇਗੀ<br>• ਭਾਈਚਾਰਕ ਦੇ ਸਮੂਹਾਂ ਨਾਲ ਵਰਕਸ਼ਾਪਾਂ ਨੂੰ ਉਤਸ਼ਾਹਿਤ ਕਰੇਗੀ<br>• ਸਮਾਪਤੀ ਦੀਆਂ ਤਾਰੀਖ਼ਾਂ, ਵੋਟ ਪਾਉਣ ਦੇ ਵਿਕਲਪਾਂ, ਮੇਲਿੰਗਾਂ ਦਾ |
| ਭੁਗਤਾਨ ਕੀਤੀ ਗਈ ਇਸ਼ਤਿਹਾਰਬਾਜ਼ੀ | ਬਿਲਬੋਰਡ | |
| | ਅਖਬਾਰ | |
| | ਡਿਜੀਟਲ ਵਿਗਿਆਪਨ | |
| | ਰੇਡੀਓ | |
| | ਥੀਏਟਰ | |
| ਸੋਸ਼ਲ ਮੀਡੀਆ | ਅੰਤਿਕਾ F ਵਿੱਚ ਵੇਖੋ | |
| ਰਵਾਇਤੀ "ਅਰਜਿਤ/ਪ੍ਰਾਪਤ ਕੀਤਾ" ਮੀਡੀਆ | ਅਖਬਾਰ | |
| | ਬ੍ਰਾਡਕਾਸਟ ਟੀਵੀ | |
| | ਰੇਡੀਓ | |

| | | |
|---|---|---|
| | | ਐਲਾਨ ਕਰੇਗੀ<br>• ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ ਵਿਕਲਪਾਂ ਦਾ ਪ੍ਰਸਾਰ ਕਰੇਗੀ |

Yolo ਕਾਉਂਟੀ ਦੀ ਮਜ਼ਬੂਤ ਸੋਸ਼ਲ ਮੀਡੀਆ ਮੌਜੂਦਗੀ ਸਾਲ ਭਰ ਬਣੀ ਰਹਿੰਦੀ ਹੈ। ਮਤਦਾਤਾ ਦੀ ਚੋਣ ਅਧਿਨਿਯਮ ਦਾ ਪ੍ਰਚਾਰ ਕਰਨਾ ਸਾਡੀਆਂ ਪੋਸਟਾਂ ਵਿੱਚ ਇੱਕ ਪ੍ਰਮੁੱਖ ਥ੍ਰੈਡ ਹੈ। ਹਰੇਕ ਪਲੇਟਫਾਰਮ ਦੀਆਂ ਖਾਸ ਸ਼ਕਤੀਆਂ ਹੁੰਦੀਆਂ ਹਨ: Facebook ਅਕਸਰ ਵੋਟਰਾਂ ਨਾਲ ਇੰਟਰਐਕਟਿਵ ਗੱਲਬਾਤ ਦੀ ਸਹੂਲਤ ਦਿੰਦਾ ਹੈ, Twitter ਮਹੱਤਵਪੂਰਨ ਵਿਸ਼ਿਆਂ ਬਾਰੇ ਸਿੱਧੇ ਸੰਦੇਸ਼ਾਂ ਨੂੰ ਫੈਲਾਉਂਦਾ ਹੈ, ਖਾਸ ਤੌਰ 'ਤੇ ਉਨ੍ਹਾਂ ਉਪਭੋਗਤਾਵਾਂ ਨੂੰ ਜੋ ਸਾਡੇ ਸੰਦੇਸ਼ਾਂ ਨੂੰ ਅੱਗੇ ਵਧਾ ਸਕਦੇ ਹਨ, ਅਤੇ Instagram ਸਾਡੀ ਕਹਾਣੀ ਦੱਸਣ ਲਈ ਆਮ ਵਿਜ਼ੂਅਲ ਅਤੇ ਇਨਫੋਗ੍ਰਾਫਿਕਸ ਨੂੰ ਸਾਂਝਾ ਕਰਨ ਦਾ ਮੌਕਾ ਪੇਸ਼ ਕਰਦਾ ਹੈ।

ਅੰਤਿਕਾਵਾਂ

2024 ਦੀ ਚੋਣ ਪ੍ਰਸ਼ਾਸਨ ਯੋਜਨਾ *(EAP)* ਦੇ ਫਾਈਨਲ ਦਾ ਨਵੀਨੀਕਰਨ

# Yolo ਕਾਉਂਟੀ
# ਕੈਲੀਫੋਰਨੀਆ ਮਤਦਾਤਾ ਦੀ ਚੋਣ ਅਧਿਨਿਯਮ
# ਚੋਣ ਪ੍ਰਸ਼ਾਸਨ ਯੋਜਨਾ 2024 - 2028



# ਸੈਕਸ਼ਨ 3: ਅੰਤਿਕਾਵਾਂ

## ਅੰਤਿਕਾ ਲਈ ਵਿਸ਼ਾ-ਸੂਚੀ


ਅੰਤਿਕਾ A | ਭਾਸ਼ਾ ਸੰਬਧੀ ਲੋੜਾਂ ........ 37

ਅੰਤਿਕਾ B | ਪ੍ਰਸਤਾਵਿਤ ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ ........ 39

ਅੰਤਿਕਾ C | ਵੋਟ ਕੇਂਦਰ ਸਹੂਲਤ ਦਾ ਖਾਕਾ ........ 46

ਅੰਤਿਕਾ D | ਵੋਟਿੰਗ ਪਹੁੰਚਯੋਗਤਾ ਅਤੇ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀਆਂ ........ 61

ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ ਦੇ ਮੈਂਬਰ ........ 61

ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ ਦੀ ਮੀਟਿੰਗ ਅਨੁਸੂਚੀ ........ 61

ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ ਦੇ ਮੈਂਬਰ ........ 61

ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ ਦੀ ਮੀਟਿੰਗ ਅਨੁਸੂਚੀ ........ 62

ਅੰਤਿਕਾ E | ਭਾਈਚਾਰਕ ਭਾਈਵਾਲ ਅਤੇ ਸਮਾਗਮ ........ 64

ਅੰਤਿਕਾ F | ਮੀਡੀਆ ਭਾਈਵਾਲ ........ 71

ਅੰਤਿਕਾ G | ਡਾਇਰੈਕਟ-ਟੂ-ਵੋਟਰ ਸੰਪਰਕ ਸਮੱਗਰੀ ........ 74

ਅੰਤਿਕਾ H | ਨਕਸ਼ੇ ਅਤੇ ਸਥਾਨਿਕ ਡੇਟਾ ........ 95

ਅੰਤਿਕਾ I | ਜਨਤਕ ਟਿੱਪਣੀਆਂ ........ 125

ਅੰਤਿਕਾ J | ਨਮੂਨਾ ਐਮਰਜੈਂਸੀ ਰਿਸਪਾਂਸ ਪਲਾਨ ........ 157

ਅੰਤਿਕਾ K | ਆਪਸੀ ਸਹਾਇਤਾ ਸਮਝੌਤਾ ਮੈਮੋਰੈਂਡਮ: ਬੈਕ-ਅੱਪ ਐਮਰਜੈਂਸੀ ਵੋਟ ਗਿਣਨ ਦੀਆਂ ਸੇਵਾਵਾਂ ਲਈ ਸਮਝੌਤਾ . 180

ਅੰਤਿਕਾ L | ਸੰਖੇਪ ਸ਼ਬਦ ਅਤੇ ਸ਼ਬਦਾਵਲੀ ........ 184

ਅੰਤਿਕਾ M | ਵਿਧਾਨ ਅਤੇ ਕੋਡ ਦੇ ਹਵਾਲੇ ........ 201

ਭਾਸ਼ਾ ਸੰਬੰਧੀ ਲੋੜਾਂ

2024 ਦੀ ਚੋਣ ਪ੍ਰਸ਼ਾਸਨ ਯੋਜਨਾ
(EAP) ਦੇ ਫਾਈਨਲ ਦਾ
ਨਵੀਨੀਕਰਨ
ਅੰਤਿਕਾ *A*

# Yolo ਕਾਉਂਟੀ
# ਕੈਲੀਫੋਰਨੀਆ ਮਤਦਾਤਾ ਦੀ ਚੋਣ ਅਧਿਨਿਯਮ
# ਚੋਣ ਪ੍ਰਸ਼ਾਸਨ ਯੋਜਨਾ 2024 - 2028



## ਅੰਤਿਕਾ A | ਭਾਸ਼ਾ ਸੰਬਧੀ ਲੋੜਾਂ

Yolo ਕਾਉਂਟੀ ਵਿੱਚ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਚੋਣ ਸਮੱਗਰੀ ਪ੍ਰਦਾਨ ਕਰਨ ਲਈ ਸੰਘੀ ਵੋਟ ਪਾਉਣ ਅਧਿਕਾਰ ਅਧਿਨਿਯਮ ਦੇ ਸੈਕਸ਼ਨ 203 ਦੇ ਤਹਿਤ ਇਸ ਵੇਲੇ ਕੋਈ ਸੰਘੀ ਹੁਕਮਨਾਮੇ ਨਹੀਂ ਹਨ।

Yolo ਕਾਉਂਟੀ ਹੇਠ ਲਿਖੀਆਂ ਭਾਸ਼ਾਵਾਂ ਵਿੱਚ ਸਮੱਗਰੀ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ:

*ਸਾਰਣੀ 7 ਪੁਰਾਣੀਆਂ ਭਾਸ਼ਾ ਸੰਬੰਧੀ ਲੋੜਾਂ*

| ਭਾਸ਼ਾ | 2022 ਕਾਨੂੰਨੀ ਅਧਿਕਾਰ | ਸੇਵਾਵਾਂ ਅਤੇ ਸਮੱਗਰੀ |
|---|---|---|
| **ਚੀਨੀ** | CA EC §14201 | ਦੁਭਾਸ਼ੀ ਸਹਾਇਤਾ ਅਤੇ ਪ੍ਰਤੀਕਿਰਤੀ ਬੈਲਟ |
| **ਕੋਰੀਆਈ** | CA EC §14201 | ਦੁਭਾਸ਼ੀ ਸਹਾਇਤਾ ਅਤੇ ਪ੍ਰਤੀਕਿਰਤੀ ਬੈਲਟ |
| **ਪੰਜਾਬੀ** | CA EC §14201 | ਦੁਭਾਸ਼ੀ ਸਹਾਇਤਾ ਅਤੇ ਪ੍ਰਤੀਕਿਰਤੀ ਬੈਲਟ |
| **ਰੂਸੀ** | ਸਥਾਨਕ ਨਿਰਧਾਰਨ | ਦੁਭਾਸ਼ੀ ਸਹਾਇਤਾ ਅਤੇ ਪ੍ਰਤੀਕਿਰਤੀ ਬੈਲਟ |
| **ਸਪੈਨਿਸ਼** | ਕੈਲੀਫੋਰਨੀਆ EC §14201 | ਦੁਭਾਸ਼ੀ ਸਹਾਇਤਾ ਅਤੇ ਪ੍ਰਤੀਕਿਰਤੀ ਬੈਲਟ |

ਕਾਨੂੰਨੀ ਤੌਰ ਤੇ ਜ਼ਰੂਰੀ ਨਾ ਹੋਣ ਦੇ ਬਾਵਜੂਦ, Yolo ਕਾਉਂਟੀ ਦਾ ਚੋਣ ਦਫ਼ਤਰ ਸਾਡੇ ਵੋਟਰਾਂ ਲਈ ਵਧੇਰੇ ਨਿੱਜੀ ਅਤੇ ਸੁਤੰਤਰ ਪਹੁੰਚਯੋਗ ਵਿਕਲਪਾਂ ਨੂੰ ਉਤਸ਼ਾਹਿਤ ਕਰਨ ਲਈ ਉਪਰੋਕਤ ਭਾਸ਼ਾਵਾਂ ਵਿੱਚ ਦੁਭਾਸ਼ੀ ਸਹਾਇਤਾ ਅਤੇ ਪ੍ਰਤੀਕਿਰਤੀ ਬੈਲਟ ਪ੍ਰਦਾਨ ਕਰਨਾ ਜਾਰੀ ਰੱਖਦਾ ਹੈ।

## ਪ੍ਰਸਤਾਵਿਤ ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ

2024 ਦੀ ਚੋਣ ਪ੍ਰਸ਼ਾਸਨ ਯੋਜਨਾ (*EAP)* ਦੇ ਫਾਈਨਲ ਦਾ ਨਵੀਨੀਕਰਨ

# Yolo ਕਾਉਂਟੀ
# ਕੈਲੀਫੋਰਨੀਆ ਮਤਦਾਤਾ ਦੀ ਚੋਣ ਅਧਿਨਿਯਮ
# ਚੋਣ ਪ੍ਰਸ਼ਾਸਨ ਯੋਜਨਾ 2024 - 2028



## ਅੰਤਿਕਾ B | ਪ੍ਰਸਤਾਵਿਤ ਵੋਟ ਕੇਂਦਰ ਅਤੇ ਬੈਲਟ ਡ੍ਰੌਪ ਬੌਕਸ

ਵੋਟ ਕੇਂਦਰ, ਮੋਬਾਈਲ ਵੋਟ ਕੇਂਦਰ, ਅਤੇ ਬੈਲਟ ਡ੍ਰੌਪ ਬੌਕਸਾਂ ਦੇ ਟਿਕਾਣੇ ਅਤੇ ਕੰਮਕਾਜ ਦੇ ਘੰਟੇ ਸਥਾਨ ਦੇ ਮੇਜ਼ਬਾਨ ਦੀ ਉਪਲਬਧਤਾ ਦੇ ਆਧਾਰ 'ਤੇ ਬਦਲੇ ਜਾ ਸਕਦੇ ਹਨ।

### ਵੋਟ ਕੇਂਦਰ, ਮੋਬਾਈਲ ਵੋਟ ਕੇਂਦਰ, ਅਤੇ ਬੈਲਟ ਡ੍ਰੌਪ ਬੌਕਸਾਂ ਦੇ ਟਿਕਾਣੇ

EC §§4005(a)(10)(I)(vi)(III) ਅਤੇ 4005(a)(10)(I)(vi)(IV)

*ਸਾਰਣੀ 8 ਅਸਲ ਨਵੰਬਰ 2022 ਵੋਟ ਕੇਂਦਰ – 11 ਦਿਨਾਂ ਲਈ ਖੁੱਲ੍ਹੇ ਹਨ*

| ਵੋਟ ਕੇਂਦਰ<br>11 ਦਿਨਾਂ ਲਈ ਖੁੱਲ੍ਹੇ ਹਨ |
|---|
| **29 ਅਕਤੂਬਰ ਤੋਂ 7 ਨਵੰਬਰ ਤੱਕ, ਸਵੇਰੇ 10:00 ਵਜੇ - ਸ਼ਾਮ 6:00 ਵਜੇ ਤੱਕ ਖੁੱਲ੍ਹੇ ਹਨ।**<br>**8 ਨਵੰਬਰ (ਚੋਣਾਂ ਦਾ ਦਿਨ), ਸਵੇਰੇ 7:00 ਵਜੇ - ਰਾਤ 8:00 ਵਜੇ ਤੱਕ ਖੁੱਲ੍ਹੇ ਹਨ।** |
| **DAVIS** |
| **ਵੈਟਰਨਜ਼ ਮੈਮੋਰੀਅਲ ਸੈਂਟਰ - ਬਹੁ-ਉਦੇਸ਼ੀ ਕਮਰਾ**<br>203 E 14th Street, Davis |
| **WEST SACRAMENTO** |
| **West Sacramento ਸਿਟੀ ਹਾਲ**<br>**Galleria Rooms 157 & 160**<br>1110 W Capitol Avenue, West Sacramento |
| **WOODLAND** |
| **Yolo County ਪ੍ਰਸ਼ਾਸਨਿਕ ਇਮਾਰਤ - ਕਮਰਾ 106**<br>625 Court Street, Woodland |

*ਸਾਰਣੀ 9 ਅਸਲ ਨਵੰਬਰ 2022 ਵੋਟ ਕੇਂਦਰ – ਚਾਰ ਦਿਨਾਂ ਲਈ ਖੁੱਲ੍ਹੇ ਹਨ*

| ਵੋਟ ਕੇਂਦਰ<br>4 ਦਿਨਾਂ ਲਈ ਖੁੱਲ੍ਹੇ ਹਨ |
|---|
| **5 ਨਵੰਬਰ ਤੋਂ 7 ਨਵੰਬਰ ਤੱਕ, ਸਵੇਰੇ 10:00 ਵਜੇ - ਸ਼ਾਮ 6:00 ਵਜੇ ਤੱਕ ਖੁੱਲ੍ਹੇ ਹਨ।**<br>**8 ਨਵੰਬਰ (ਚੋਣਾਂ ਦਾ ਦਿਨ), ਸਵੇਰੇ 7:00 ਵਜੇ - ਰਾਤ 8:00 ਵਜੇ ਤੱਕ ਖੁੱਲ੍ਹੇ ਹਨ।** |
| **DAVIS** |
| **UC Davis ARC - Ballrooms A & B**<br>760 Orchard Road, Davis |
| **Montgomery ਐਲੀਮੇਂਟਰੀ ਸਕੂਲ ਬਹੁ-ਉਦੇਸ਼ੀ ਕਮਰਾ**<br>1441 Danbury Street, Davis |
| **Emerson ਜੂਨਿਅਰ ਹਾਈ ਸਕੂਲ ਬਹੁ-ਉਦੇਸ਼ੀ ਕਮਰਾ**<br>2121 Calaveras Avenue, Davis |
| **ESPARTO** |
| **Esparto ਕਮਿਊਨਿਟੀ ਹਾਲ**<br>17020 Yolo Avenue, Esparto |
| **WEST SACRAMENTO** |
| **Bridgeway Lakes Boathouse**<br>3650 Southport Parkway, West Sacramento |
| **Bryte CCT - Bryte Café - ਬਹੁ-ਉਦੇਸ਼ੀ ਕਮਰਾ**<br>637 Todhunter Avenue, West Sacramento |
| **WINTERS** |
| **ਜਨਤਕ ਸੁਰੱਖਿਆ ਸਹੂਲਤ - EOC ਸਿਖਲਾਈ ਕਮਰਾ**<br>702 W Main Street, Winters |
| **WOODLAND** |
| **Woodland ਹਾਈ ਸਕੂਲ - ਜਿਮਨੇਜ਼ੀਅਮ**<br>21 N West Street, Woodland |
| **Pioneer ਹਾਈ ਸਕੂਲ - ਕੈਫੇਟੇਰੀਆ**<br>1400 Pioneer Avenue, Woodland |

**Woodland ਕਮਿਯੂਨਿਟੀ ਅਤੇ ਸੀਨਿਅਰ ਸੈਂਟਰ**

**ਬਾੱਲਰੂਮ 3**

2001 East Street, Woodland

*ਸਾਰਣੀ 10 ਅਸਲ ਨਵੰਬਰ 2022 ਮੋਬਾਈਲ ਵੋਟ ਕੇਂਦਰ ਦੇ ਟਿਕਾਣੇ*

**ਮੋਬਾਈਲ ਵੋਟ ਕੇਂਦਰ**
**ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ ਖੁੱਲ੍ਹੇ ਹਨ।**

**ਹਰੇਕ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਹਫ਼ਤੇ ਦੇ ਦੌਰਾਨ ਇੱਕ ਦਿਨ ਲਈ ਖੁੱਲ੍ਹਾ ਰਹੇਗਾ।**

**GUINDA**
**ਮੰਗਲਵਾਰ, 1 ਨਵੰਬਰ**

**Guinda ਡਾਕ ਘਰ ਵਿੱਖੇ**

7575 State Highway 16, Guinda

**MADISON**
**ਬੁੱਧਵਾਰ, 2 ਨਵੰਬਰ**

**Guy’s Corner 'ਤੇ**

17776 County Road 89, Madison

**ZAMORA**
**ਵੀਰਵਾਰ, 3 ਨਵੰਬਰ**

**Zamora ਟਾਊਨ ਹਾਲ**
**ਅਤੇ Zamora ਡਾਕ ਘਰ ਦੇ ਵਿਚਕਾਰ**

9810 Blacks Street, Zamora

**YOLO**
**ਸ਼ੁੱਕਰਵਾਰ, 4 ਨਵੰਬਰ**

**Yolo ਡਾਕ ਘਰ ਵਿੱਖੇ**

14138 2nd Street, Yolo

**CLARKSBURG**
**ਸ਼ਨੀਵਾਰ, 5 ਨਵੰਬਰ**

**Delta ਹਾਈ ਸਕੂਲ ਵਿੱਖੇ**

52810 Netherlands Avenue, Clarksburg

**DUNNIGAN**
**ਐਤਵਾਰ, 6 ਨਵੰਬਰ**

**Dunnigan ਫਾਇਰ ਸਟੇਸ਼ਨ ਵਿੱਖੇ**

29145 Main Street

| KNIGHTS LANDING |
| --- |
| ਸੋਮਵਾਰ, 7 ਨਵੰਬਰ |
| **Wayside ਮਾਰਕੀਟ ਵਿੱਖੇ** |
| 9696 Locust Street, Knights Landing |

*ਸਾਰਣੀ 11 ਅਸਲ ਨਵੰਬਰ 2022 ਬੈਲਟ ਡ੍ਰੌਪ ਬੌਕਸ ਦੇ ਟਿਕਾਣੇ – 24/7 ਖੁੱਲ੍ਹੇ ਹਨ*

| ਬੈਲਟ ਡ੍ਰੌਪ ਬੌਕਸ<br>ਬਾਹਰੀ ਥਾਂ 'ਤੇ 24/7 ਖੁੱਲ੍ਹੇ ਹਨ |
| --- |
| **10 ਅਕਤੂਬਤ ਤੋਂ 7 ਨਵੰਬਰ ਤੱਕ ਉਪਲਬਧ ਹਨ<br>8 ਨਵੰਬਰ (ਚੋਣਾਂ ਦਾ ਦਿਨ) ਰਾਤ 8:00 ਵਜੇ ਤੱਕ।** |
| **CLARKSBURG** |
| **Clarksburg ਲਾਈਬ੍ਰੇਰੀ** |
| 52915 Netherlands Avenue, Clarksburg |
| **DAVIS** |
| **Davis ਸਿਟੀ ਹਾਲ** |
| 23 Russell Boulevard, Davis |
| **UC Davis ਕੈਮਪਸ** |
| 282 Tennis Court Lane, Davis |
| **ESPARTO** |
| **Esparto ਖੇਤਰੀ ਲਾਈਬ੍ਰੇਰੀ** |
| 17065 Yolo Avenue, Esparto |
| **KNIGHTS LANDING** |
| **Knights Landing ਲਾਈਬ੍ਰੇਰੀ** |
| 42351 Third Street, Knights Landing |
| **WEST SACRAMENTO** |
| **West Sacramento ਸਿਟੀ ਹਾਲ** |
| 1110 W Capitol Avenue, West Sacramento |
| **WOODLAND** |
| **ਡਾਕ ਘਰ ਦੇ ਪਾਰਕਿੰਗ ਲਾਟ ਵਿੱਚ** |
| 720 Court Street, Woodland |

*ਸਾਰਣੀ 12 ਅਸਲ ਨਵੰਬਰ 2022 ਬੈਲਟ ਡ੍ਰੌਪ ਬੌਕਸ ਦੇ ਟਿਕਾਣੇ – ਖੁੱਲ੍ਹਣ ਦੇ ਕਾਰੋਬਾਰੀ ਘੰਟਿਆਂ ਸੂਚੀਬੱਧ ਹਨ*

| ਬੈਲਟ ਡ੍ਰੌਪ ਬੌਕਸ<br>ਖੁੱਲ੍ਹਣ ਦੇ ਘੰਟੇ ਹੇਠਾਂ ਸੂਚੀਬੱਧ ਹਨ |
| --- |
| **10 ਅਕਤੂਬਤ ਤੋਂ 7 ਨਵੰਬਰ ਤੱਕ ਉਪਲਬਧ ਹਨ (ਘੰਟੇ ਸੂਚੀਬੱਧ ਹਨ)**<br>**8 ਨਵੰਬਰ (ਚੋਣਾਂ ਦਾ ਦਿਨ) ਰਾਤ 8:00 ਵਜੇ ਤੱਕ।** |
| **DAVIS** |
| **Nugget ਮਾਰਕੀਟ**<br>**(ਰੋਜ਼ਾਨਾ ਸਵੇਰੇ 6:00 ਵਜੇ ਤੋਂ ਰਾਤ 10:00 ਵਜੇ)**<br>409 Mace Boulevard, Davis |
| **Nugget ਮਾਰਕੀਟ**<br>**(ਰੋਜ਼ਾਨਾ ਸਵੇਰੇ 6:00 ਵਜੇ ਤੋਂ ਰਾਤ 10:00 ਵਜੇ)**<br>1414 E Covell Boulevard, Davis |
| **WEST SACRAMENTO** |
| **Nugget ਮਾਰਕੀਟ**<br>**(ਰੋਜ਼ਾਨਾ ਸਵੇਰੇ 6:00 ਵਜੇ ਤੋਂ ਰਾਤ 10:00 ਵਜੇ)**<br>2000 Town Center Plaza, West Sacramento |
| **ਸਟੇਟ ਫੂਡ ਸੁਪਰਮਾਰਕਿਟ**<br>**ਪਹਿਲਾਂ Arteaga's Starlite ਸੁਪਰਮਾਰਕੀਟ ਦੇ ਨਾਮ ਤੋਂ ਜਾਣੀ ਜਾਂਦੀ**<br>**(ਰੋਜ਼ਾਨਾ ਸਵੇਰੇ 8:00 ਵਜੇ ਤੋਂ ਰਾਤ 8:00 ਵਜੇ)**<br>940 Sacramento Avenue, West Sacramento |
| **WINTERS** |
| **Lorenzo's ਮਾਰਕੀਟ**<br>**(ਰੋਜ਼ਾਨਾ ਸਵੇਰੇ 7:00 ਵਜੇ ਤੋਂ ਰਾਤ 10:00 ਵਜੇ)**<br>121 E Grant Avenue, Winters |
| **WOODLAND** |
| **La Superior Super Mercados**<br>**(ਰੋਜ਼ਾਨਾ ਸਵੇਰੇ 7:30 ਵਜੇ ਤੋਂ ਰਾਤ 9:00 ਵਜੇ)**<br>34 W Court Street, Woodland |
| **Food 4 Less**<br>**(ਰੋਜ਼ਾਨਾ ਸਵੇਰੇ 6:00 ਵਜੇ ਤੋਂ ਰਾਤ 10:00 ਵਜੇ)**<br>451 Pioneer Avenue, Woodland |
| **Woodland ਕਮਿਊਨਿਟੀ ਕਾਲਜ** |

**Student Services Building 700**

**(ਸੋਮਵਾਰ ਤੋਂ ਵੀਰਵਾਰ, ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ ਤੱਕ)**

2300 E Gibson Road, Woodland

**Yolo County ਕਾਉਂਟੀ ਦਾ ਚੋਣ ਦਫ਼ਤਰ**

**(ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ ਤੱਕ)**

625 Court Street, Suite B-05, Woodland

## ਵੋਟ ਕੇਂਦਰ, ਮੋਬਾਈਲ ਵੋਟ ਕੇਂਦਰ, ਅਤੇ ਬੈਲਟ ਡ੍ਰੌਪ ਬੌਕਸ ਕੰਮਕਾਜ ਦੇ ਘੰਟੇ

EC §§4005(a)(10)(I)(vi)(VI) ਅਤੇ 4005(a)(10)(I)(vi)(VII)

ਵੋਟ ਕੇਂਦਰ ਅਤੇ ਮੋਬਾਈਲ ਵੋਟ ਕੇਂਦਰ ਘੰਟੇ ਪੂਰੀ ਕਾਉਂਟੀ ਵਿੱਚ ਇਕਸਾਰ ਹੋਣਗੇ। 24/7 ਬਾਹਰੀ ਥਾਂ 'ਤੇ ਬਣੇ ਬੈਲਟ ਡ੍ਰੌਪ ਬੌਕਸਾਂ ਤੋਂ ਇਲਾਵਾ, ਕਿਸੇ ਸਹੂਲਤ ਦੇ ਅੰਦਰ ਸਥਿਤ ਬੈਲਟ ਡ੍ਰੌਪ ਬੌਕਸ ਚੁਣੇ ਗਏ ਸਥਾਨ ਦੇ ਕਾਰੋਬਾਰੀ ਘੰਟਿਆਂ ਦੌਰਾਨ ਉਪਲਬਧ ਹੋਣਗੇ। ਸਾਰੇ ਵੋਟ ਕੇਂਦਰ ਅਤੇ ਸਾਰੇ ਬੈਲਟ ਡ੍ਰੌਪ ਬੌਕਸ, ਭਾਵੇਂ ਉਨ੍ਹਾਂ ਦੀ ਥਾਂ ਕੋਈ ਵੀ ਕਿਉਂ ਨਾ ਹੋਵੇ, ਚੋਣਾਂ ਵਾਲੇ ਦਿਨ ਸਵੇਰੇ 7:00 ਵਜੇ ਤੋਂ ਰਾਤ 8:00 ਵਜੇ ਤੱਕ ਖੁੱਲ੍ਹੇ ਰਹਿਣਗੇ।

2022 ਦੀ ਚੋਣ ਸਾਈਕਲ ਤੋਂ ਸੇਵਾ ਟਿਕਾਣਿਆਂ ਦੇ ਸੰਚਾਲਨ ਦੇ ਘੰਟੇ ਪਿਛਲੇ ਭਾਗ ਵਿੱਚ ਦੇਖੇ ਜਾ ਸਕਦੇ ਹਨ। ਕਿਸੇ ਦਿੱਤੀ ਹੋਈ ਚੋਣ ਲਈ ਕੰਮਕਾਜ ਦੇ ਘੰਟੇ ਥੋੜੇ ਵੱਖਰੇ ਹੋ ਸਕਦੇ ਹਨ; ਹਾਲਾਂਕਿ, ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ ਬੌਕਸ ਦੀਆਂ ਤਾਰੀਖ਼ਾਂ ਅਤੇ ਕੰਮ ਦੇ ਘੰਟਿਆਂ ਦੀ ਉਪਲਬਧਤਾ ਦਾ ਹਰ ਚੋਣ ਵੇਲੇ ਵਿਆਪਕ ਤੌਰ 'ਤੇ ਪ੍ਰਚਾਰ ਕੀਤਾ ਜਾਵੇਗਾ।

ਵੋਟ ਕੇਂਦਰ ਸਹੂਲਤ ਦੇ ਖਾਕੇ

2024 ਦੀ ਚੋਣ ਪ੍ਰਸ਼ਾਸਨ ਯੋਜਨਾ *(EAP)* ਦੇ ਫਾਈਨਲ ਦਾ

# Yolo ਕਾਉਂਟੀ
# ਕੈਲੀਫੋਰਨੀਆ ਮਤਦਾਤਾ ਦੀ ਚੋਣ ਅਧਿਨਿਯਮ
# ਚੋਣ ਪ੍ਰਸ਼ਾਸਨ ਯੋਜਨਾ 2024 - 2028




## ਅੰਤਿਕਾ C | ਵੋਟ ਕੇਂਦਰ ਸਹੂਲਤ ਦਾ ਖਾਕਾ


EC §4005(a)(10)(I)(vi)(XI)

Yolo ਕਾਉਂਟੀ ਚੋਣ ਦਫ਼ਤਰ ਸਰਵੇਖਣ ਅਤੇ ਪਲਾਟ ਹਰੇਕ ਵੋਟ ਕੇਂਦਰ ਲਈ ਇੱਕ ਆਦਰਸ਼ ਫਲੋਰ ਪਲਾਨ ਤਿਆਰ ਕਰਦੇ ਹਨ। 2022 ਦੀ ਚੋਣ ਸਾਈਕਲ ਤੋਂ ਵੋਟ ਕੇਂਦਰਾਂ ਦੇ ਕਮਰੇ ਦਾ ਖਾਕਾ ਹੇਠਾਂ ਦਿੱਤਾ ਗਿਆ ਹੈ। ਅਸੀਂ ਅਗਲੀਆਂ ਚੋਣਾਂ ਲਈ ਇਨ੍ਹਾਂ ਕਮਰਿਆਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਹੇ ਹਾਂ; ਹਾਲਾਂਕਿ, ਸਥਾਨ ਦੇ ਮੇਜ਼ਬਾਨ ਦੀ ਉਪਲਬਧਤਾ ਦੇ ਆਧਾਰ 'ਤੇ ਇਹ ਟਿਕਾਣੇ ਬਦਲੇ ਜਾ ਸਕਦੇ ਹਨ। ਕਈ ਸਹੂਲਤਾਂ ਦੇ ਫਲੋਰ ਪਲਾਨ 2024 ਦੀ ਚੋਣ ਸਾਈਕਲ ਤੋਂ ਪਹਿਲਾਂ ਅੱਪਡੇਟ ਕੀਤੇ ਜਾਣੇ ਹਨ। ਇੱਕ ਤਾਰੇ (*) ਨਾਲ ਚਿੰਨ੍ਹਿਤ ਟਿਕਾਣਿਆਂ ਨੂੰ 2024 ਦੀ ਚੋਣ ਸਾਈਕਲ ਵਿੱਚ ਬਦਲਣ ਜਾਂ ਅੱਪਡੇਟ ਕੀਤੇ ਜਾਣ ਲਈ ਨਿਰਧਾਰਿਤ ਕੀਤਾ ਗਿਆ ਹੈ।


## UC Davis - ARC ਬਾੱਲਰੂਮ A&B (2022)




## ਵੈਟਰਨਜ਼ ਮੈਮੋਰੀਅਲ ਸੈਂਟਰ - ਬਹੁ-ਉਦੇਸ਼ੀ ਕਮਰਾ (2022) *




## Montgomery ਐਲੀਮੇਂਟਰੀ ਸਕੂਲ - ਬਹੁ-ਉਦੇਸ਼ੀ ਕਮਰਾ (2022)



## Emerson ਜੂਨਿਅਰ ਹਾਈ ਸਕੂਲ - ਇਨਡੋਰ Commons (ਬਹੁ-ਉਦੇਸ਼ੀ) (2022)




## Esparto ਕਮਿਊਨਿਟੀ ਹਾਲ (2022)





Esparto Community Hall (1:10)

**Bridgeway Lakes ਬੋਟਹਾਊਸ (2022)**




**Bridgeway Lakes Boathouse (1:10)**


## West Sacramento ਸਿਟੀ ਹਾਲ ਗੈਲੇਰਿਆ - ਕਮਰੇ 157 ਅਤੇ 160 (2022) *




West Sacramento City Hall (1:10)
Galleria Rooms 157 & 160


## Bryte CCT - Bryte Café (2022) ਬ੍ਰਾਇਟ CCT (ਕੈਰੀਅਰ ਅਤੇ ਕਾਲਜ ਸਿਖਲਾਈ) ਕੇਂਦਰ ਦਾ

### Bryte Café





Bryte CCT - Bryte Cafe (1:10)

## Winters ਜਨਤਕ ਸੁਰੱਖਿਆ ਸਹੂਲਤ - EOC ਸਿਖਲਾਈ ਕਮਰਾ (2022) *





Winters Public Safety Facility (1:10)
EOC Training Room

## Woodland ਹਾਈ ਸਕੂਲ - ਜਿਮਨੇਜ਼ੀਅਮ (2022)





Woodland HS Gym (1:12)

## Pioneer ਹਾਈ ਸਕੂਲ - ਕੈਫੇਟੇਰੀਆ (2022) *




## Woodland ਕਮਿਊਨਿਟੀ ਅਤੇ ਸੀਨਿਅਰ ਸੈਂਟਰ - ਬਾੱਲਰੂਮ 3 (2022)




Woodland Community Senior Center (1:10)

# ਮੋਬਾਈਲ ਵੋਟ ਕੇਂਦਰ (2022)



ਸਲਾਹਕਾਰ ਕਮੇਟੀਆਂ

2024 ਦੀ ਚੋਣ ਪ੍ਰਸ਼ਾਸਨ ਯੋਜਨਾ *(EAP)* ਦੇ ਫਾਈਨਲ ਦਾ ਨਵੀਨੀਕਰਨ

ਅੰਤਿਕਾ *D*

# Yolo ਕਾਉਂਟੀ
# ਕੈਲੀਫੋਰਨੀਆ ਮਤਦਾਤਾ ਦੀ ਚੋਣ ਅਧਿਨਿਯਮ
# ਚੋਣ ਪ੍ਰਸ਼ਾਸਨ ਯੋਜਨਾ 2024 - 2028



# ਅੰਤਿਕਾ D | ਸਲਾਹਕਾਰ ਕਮੇਟੀਆਂ

## ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦਾ ਗਠਨ

ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਸ਼ੁਰੂਆਤੀ ਮੀਟਿੰਗਾਂ ਵਿੱਚ, ਅਪਾਹਜਤਾ ਵਾਲੇ ਭਾਈਚਾਰੇ ਦੇ ਹਿੱਸੇ ਵਜੋਂ ਪਛਾਣੇ ਗਏ ਮੈਂਬਰ, ਕਿਸੇ ਅਪਾਹਜ ਵਿਅਕਤੀ ਦੇ ਪਰਿਵਾਰਕ ਮੈਂਬਰ, ਪੱਖ-ਸਮਰਥਕ, ਰੁਜ਼ਗਾਰ ਪ੍ਰਾਪਤ ਵਿਅਕਤੀ, ਜਾਂ ਅਸਮਰਥਤਾਵਾਂ ਵਾਲੇ ਲੋਕਾਂ ਦੀ ਸੇਵਾ ਕਰਨ ਵਾਲੀ ਸਮਰੱਥਾ ਵਿੱਚ ਵਾਲੰਟੀਅਰ। ਮੌਜੂਦਾ ਆਊਟਰੀਚ ਗਤੀਵਿਧੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਵਿਅਕਤੀਆਂ ਦੀ ਹੋਰ ਵਿਭਿੰਨਤਾ ਦੇ ਨਾਲ ਹੋਰ ਮੈਂਬਰਾਂ ਨੂੰ ਸਥਾਪਤ ਕਰਨਗੇ। ਜਨਤਾ ਦੇ ਮੈਂਬਰ ਜੋ ਇੱਕ ਜਾਂ ਦੋਵੇਂ ਕਮੇਟੀਆਂ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ, elections@yolocounty.org 'ਤੇ ਈਮੇਲ ਰਾਹੀਂ ਸੰਪਰਕ ਕਰ ਸਕਦੇ ਹਨ।

## ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਮੀਟਿੰਗ ਦੀ ਸਮਾਂ-ਸਾਰਣੀ

ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਮੀਟਿੰਗ ਵੀਰਵਾਰ, 26 ਅਗਸਤ, 2021 ਨੂੰ ਪਹਿਲੀ ਵਾਰ ਬੁਲਾਈ ਗਈ। ਜਦੋਂ ਤੱਕ ਹੋਰ ਨਿਰਧਾਰਿਤ ਨਹੀਂ ਕੀਤਾ ਜਾਂਦਾ, ਕਮੇਟੀ ਮਹੀਨੇ ਦੇ ਤੀਜੇ ਬੁੱਧਵਾਰ ਨੂੰ ਮੀਟਿੰਗ ਕਰਦੀ ਹੈ। ਕਮੇਟੀ 2024 ਦੀ ਚੋਣ ਸਾਈਕਲ ਦੀ ਤਿਆਰੀ ਲਈ ਹੋਰ ਵਾਰ ਮੀਟਿੰਗ ਕਰ ਸਕਦੀ ਹੈ।

*ਸਾਰਣੀ 13 ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਮੀਟਿੰਗ ਦੀ ਸਮਾਂ-ਸਾਰਣੀ*

| ਮੀਟਿੰਗ ਦੀ ਤਾਰੀਖ਼ | ਸਮਾਂ | ਹਾਜ਼ਰ ਵਿਅਕਤੀਆਂ ਦੀ ਸੰਖਿਆ |
|---|---|---|
| ਵੀਰਵਾਰ, 17 ਮਾਰਚ, 2022 | ਸ਼ਾਮ 6:30 ਵਜੇ ਤੋਂ ਸ਼ਾਮ 7:30 ਵਜੇ ਤੱਕ | 6 |
| ਵੀਰਵਾਰ, 21 ਅਪ੍ਰੈਲ, 2022 | ਸ਼ਾਮ 6:30 ਵਜੇ ਤੋਂ ਸ਼ਾਮ 7:30 ਵਜੇ ਤੱਕ | ਜਾਣਕਾਰੀ ਉਪਲਬਧ ਨਹੀਂ ਹੈ |
| ਵੀਰਵਾਰ, 19 ਮਈ, 2022 | ਸ਼ਾਮ 6:30 ਵਜੇ ਤੋਂ ਸ਼ਾਮ 7:30 ਵਜੇ ਤੱਕ | 6 |
| ਜੂਨ ਦੀ ਮੀਟਿੰਗ ਰੱਦ ਕਰ ਦਿੱਤੀ ਗਈ | ਲਾਗੂ ਨਹੀਂ ਹੁੰਦਾ | ਲਾਗੂ ਨਹੀਂ ਹੁੰਦਾ |
| ਵੀਰਵਾਰ, 21 ਜੁਲਾਈ, 2022 | ਸ਼ਾਮ 6:30 ਵਜੇ ਤੋਂ ਸ਼ਾਮ 7:30 ਵਜੇ ਤੱਕ | 7 |
| ਵੀਰਵਾਰ, 18 ਅਗਸਤ, 2022 | ਸ਼ਾਮ 6:30 ਵਜੇ ਤੋਂ ਸ਼ਾਮ 7:30 ਵਜੇ ਤੱਕ | 7 |
| ਵੀਰਵਾਰ, 15 ਸਤੰਬਰ, 2022 | ਸ਼ਾਮ 6:30 ਵਜੇ ਤੋਂ ਸ਼ਾਮ 7:30 ਵਜੇ ਤੱਕ | 2 |
| ਬੁੱਧਵਾਰ, 19 ਅਕਤੂਬਰ, 2022 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 5 |
| ਬੁੱਧਵਾਰ, 16 ਨਵੰਬਰ, 2022 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 7 |

| | | |
|---|---|---|
| ਬੁੱਧਵਾਰ, 21 ਦਸੰਬਰ, 2022 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 6 |
| ਬੁੱਧਵਾਰ, 18 ਜਨਵਰੀ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 6 |
| ਬੁੱਧਵਾਰ, 15 ਫਰਵਰੀ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 6 |
| ਬੁੱਧਵਾਰ, 15 ਮਾਰਚ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 6 |
| ਬੁੱਧਵਾਰ, 19 ਅਪ੍ਰੈਲ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 5 |
| ਬੁੱਧਵਾਰ, 17 ਮਈ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 4 |
| ਜੂਨ ਦੀ ਮੀਟਿੰਗ ਕੈਂਸਿਲ ਕਰ ਦਿੱਤੀ ਗਈ | ਲਾਗੂ ਨਹੀਂ ਹੁੰਦਾ | ਲਾਗੂ ਨਹੀਂ ਹੁੰਦਾ |
| ਬੁੱਧਵਾਰ, 26 ਜੁਲਾਈ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 4 |
| | | |

ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦਾ ਗਠਨ

ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਸ਼ੁਰੂਆਤੀ ਮੀਟਿੰਗਾਂ ਵਿੱਚ ਇਨ੍ਹਾਂ ਭਾਸ਼ਾਵਾਂ ਦੀ ਨੁਮਾਇੰਦਗੀ ਕੀਤੀ ਗਈ ਸੀ: ASL, ਇਤਾਲਵੀ, ਕੋਰੀਅਨ, ਪੁਰਤਗਾਲੀ, ਅਤੇ ਸਪੈਨਿਸ਼। ਮੌਜੂਦਾ ਆਊਟਰੀਚ ਗਤੀਵਿਧੀਆਂ ਨਾਲ ਦ੍ਰਿਸ਼ਟੀਕੋਣਾਂ ਅਤੇ ਭਾਸ਼ਾਵਾਂ ਦੀ ਇੱਕ ਹੋਰ ਵਿਆਪਕ ਵਿਭਿੰਨਤਾ ਵਾਲੇ ਹੋਰ ਮੈਂਬਰਾਂ ਦੇ ਨਾਲ ਜੁੜਣ ਦੀ ਉਮੀਦ ਹੈ। ਜਨਤਾ ਦੇ ਮੈਂਬਰ ਜੋ ਇੱਕ ਜਾਂ ਦੋਵੇਂ ਕਮੇਟੀਆਂ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ, elections@yolocounty.org 'ਤੇ ਈਮੇਲ ਰਾਹੀਂ ਸੰਪਰਕ ਕਰ ਸਕਦੇ ਹਨ।

## ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਮੀਟਿੰਗ ਦੀ ਸਮਾਂ-ਸਾਰਣੀ

ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਮੀਟਿੰਗ ਵੀਰਵਾਰ, 26 ਅਗਸਤ, 2021 ਨੂੰ ਪਹਿਲੀ ਵਾਰ ਬੁਲਾਈ ਗਈ ਸੀ। ਕਮੇਟੀ ਮਹੀਨੇ ਦੇ ਤੀਜੇ ਵੀਰਵਾਰ ਨੂੰ ਮੀਟਿੰਗ ਕਰਦੀ ਹੈ ਜਦੋਂ ਤੱਕ ਕਿ ਕੁਝ ਹੋਰ ਨਿਰਧਾਰਿਤ ਨਾ ਕੀਤਾ ਗਿਆ ਹੋਵੇ। ਕਮੇਟੀ 2024 ਦੀ ਚੋਣ ਸਾਈਕਲ ਦੀ ਤਿਆਰੀ ਲਈ ਹੋਰ ਵਾਰ ਮੀਟਿੰਗ ਕਰ ਸਕਦੀ ਹੈ।

*ਸਾਰਣੀ 14 ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਮੀਟਿੰਗ ਦੀ ਸਮਾਂ-ਸਾਰਣੀ*

| ਮੀਟਿੰਗ ਦੀ ਤਾਰੀਖ਼ | ਸਮਾਂ | ਹਾਜ਼ਰ ਵਿਅਕਤੀਆਂ ਦੀ ਸੰਖਿਆ |
|---|---|---|
| ਵੀਰਵਾਰ, 17 ਮਾਰਚ, 2022 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 3 |
| ਵੀਰਵਾਰ, 21 ਅਪ੍ਰੈਲ, 2022 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 5 |
| ਵੀਰਵਾਰ, 19 ਮਈ, 2022 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 4 |
| ਜੂਨ ਦੀ ਮੀਟਿੰਗ ਕੈਂਸਿਲ ਕਰ ਦਿੱਤੀ ਗਈ | ਲਾਗੂ ਨਹੀਂ ਹੁੰਦਾ | ਲਾਗੂ ਨਹੀਂ ਹੁੰਦਾ |
| ਵੀਰਵਾਰ, 21 ਜੁਲਾਈ, 2022 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 3 |
| ਵੀਰਵਾਰ, 18 ਅਗਸਤ, 2022 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 5 |
| ਵੀਰਵਾਰ, 15 ਸਤੰਬਰ, 2022 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 2 |
| ਵੀਰਵਾਰ, 20 ਅਕਤੂਬਰ, 2022 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 2 |
| ਵੀਰਵਾਰ, 17 ਨਵੰਬਰ, 2022 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 1 |
| ਦਸੰਬਰ ਦੀ ਮੀਟਿੰਗ ਕੈਂਸਿਲ ਕਰ ਦਿੱਤੀ ਗਈ | ਲਾਗੂ ਨਹੀਂ ਹੁੰਦਾ | ਲਾਗੂ ਨਹੀਂ ਹੁੰਦਾ |
| ਵੀਰਵਾਰ, 19 ਜਨਵਰੀ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 2 |

| | | |
|---|---|---|
| ਵੀਰਵਾਰ, 16 ਫਰਵਰੀ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 1 |
| ਵੀਰਵਾਰ, 16 ਮਾਰਚ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 1 |
| ਵੀਰਵਾਰ, 20 ਅਪ੍ਰੈਲ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 2 |
| ਵੀਰਵਾਰ, 18 ਮਈ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 1 |
| ਜੂਨ ਦੀ ਮੀਟਿੰਗ ਕੈਂਸਿਲ ਕਰ ਦਿੱਤੀ ਗਈ | ਲਾਗੂ ਨਹੀਂ ਹੁੰਦਾ | ਲਾਗੂ ਨਹੀਂ ਹੁੰਦਾ |
| ਵੀਰਵਾਰ, 20 ਜੁਲਾਈ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | |
| ਵੀਰਵਾਰ, 17 ਅਗਸਤ, 2023 | ਸ਼ਾਮ 5:30 ਵਜੇ ਤੋਂ ਸ਼ਾਮ 6:30 ਵਜੇ ਤੱਕ | 1 |

ਭਾਈਚਾਰਕ ਭਾਈਵਾਲ ਅਤੇ ਸਮਾਗਮ

2024 ਦੀ ਚੋਣ ਪ੍ਰਸ਼ਾਸਨ ਯੋਜਨਾ (*EAP*) ਦੇ ਫਾਈਨਲ ਦਾ ਨਵੀਨੀਕਰਨ

ਅੰਤਿਕਾ *E*

# Yolo ਕਾਉਂਟੀ
# ਕੈਲੀਫੋਰਨੀਆ ਮਤਦਾਤਾ ਦੀ ਚੋਣ ਅਧਿਨਿਯਮ
# ਚੋਣ ਪਸ਼ਾਸਨ ਯੋਜਨਾ 2024 - 2028



## ਅੰਤਿਕਾ E | ਭਾਈਚਾਰਕ ਭਾਈਵਾਲ ਅਤੇ ਸਮਾਗਮ

*ਸਾਰਣੀ 15 ਵੋਟ ਕੇਂਦਰਾਂ ਦੀ ਸਥਾਪਨਾ ਕਰਨ ਵਾਲੇ ਭਾਈਵਾਲ ਅਤੇ ਬੈਲਟ ਡ੍ਰੌਪ ਬੌਕਸ*

| ਵੋਟ ਕੇਂਦਰਾਂ ਵਿੱਚ ਬੈਠਣ ਵਾਲੇ ਭਾਈਵਾਲ ਅਤੇ ਬੈਲਟ ਡ੍ਰੌਪ ਬੌਕਸ | ਸ਼ਹਿਰ |
|---|---|
| Yolo ਕਾਉਂਟੀ ਜਨਤਕ ਲਾਇਬ੍ਰੇਰੀ | Clarksburg, Esparto, & Knights Landing |
| Nugget Markets | Davis & WEST SACRAMENTO |
| ਸਿਟੀ ਔਫ਼ Davis ਸਿਟੀ ਕਲਰਕ | Davis |
| Davis ਜੁਆਇੰਟ ਯੂਨੀਫਾਇਡ ਸਕੂਲ ਡਿਸਟ੍ਰਿਕਟ | Davis |
| ਕੈਲੀਫੋਰਨੀਆ ਯੂਨੀਵਰਸਿਟੀ | Davis |
| Esparto ਕਮਿਊਨਿਟੀ ਹਾਲ | Esparto |
| Bridgeway ਲੇਕਸ ਬੋਟਹਾਊਸ | WEST SACRAMENTO |
| ਸਿਟੀ ਔਫ਼ West Sacramento ਸਿਟੀ ਕਲਰਕ | WEST SACRAMENTO |
| ਸਟੇਟ ਫੂਡ ਸੁਪਰਮਾਰਕੀਟ | WEST SACRAMENTO |
| Washington ਯੂਨੀਫਾਈਡ ਸਕੂਲ ਜ਼ਿਲ੍ਹਾ | WEST SACRAMENTO |
| Winters ਜਨਤਕ ਸੁਰੱਖਿਆ ਸਹੂਲਤ | Winters |
| ਸਿਟੀ ਔਫ਼ Winters ਸਿਟੀ ਕਲਰਕ | Winters |
| Lorenzo's ਮਾਰਕੀਟ | Winters |
| ਸਿਟੀ ਔਫ਼ Woodland ਸਿਟੀ ਕਲਰਕ | Woodland |
| Food 4 Less | Woodland |
ਜੇਕਰ ਕੋਈ ਐਮਰਜੈਂਸੀ ਦੀ ਸਥਿਤੀ ਹੁੰਦੀ ਹੈ ਜੋ ਵੋਟ ਸੈਂਟਰ ਜਾਂ ਬੈਲਟ ਡ੍ਰੌਪ ਬੌਕਸ ਦੇ ਸੰਚਾਲਨ ਨੂੰ ਪ੍ਰਭਾਵਿਤ ਕਰਦੀ ਹੈ, ਤਾਂ ਸੰਚਾਰ ਪ੍ਰਬੰਧਕ ਮੀਡੀਆ ਲਈ ਇੱਕ ਬਿਆਨ ਤਿਆਰ ਕਰਨ ਲਈ ਰਜਿਸਟਰਾਰ ਨਾਲ ਕੰਮ ਕਰੇਗਾ ਅਤੇ ਨਾਲ ਹੀ ਸੁਪਰਵਾਈਜ਼ਰਾਂ ਦੇ ਬੋਰਡ ਨੂੰ ਭੇਜੀ ਜਾਣ ਵਾਲੀ ਇੱਕ ਜਾਣਕਾਰੀ ਚੇਤਾਵਨੀ, ਕਾਉਂਟੀ ਪ੍ਰਸ਼ਾਸਨ ਦੇ ਦਫ਼ਤਰ, ਐਮਰਜੈਂਸੀ ਸੇਵਾਵਾਂ ਦੇ ਦਫ਼ਤਰ, ਅਤੇ ਸੇਕ੍ਰੇਟਰੀ ਔਫ਼ ਸਟੇਟ ਦੇ ਦਫ਼ਤਰ ਨੂੰ ਭੇਜੇਗਾ।

## ਇੱਕ ਤੋਂ ਵੱਧ ਵੋਟ ਪਾਉਣ ਟਿਕਾਣਿਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਐਮਰਜੈਂਸੀਆਂ

ਇੱਕ ਜਾਂ ਇਸ ਤੋਂ ਵਧੇਰੇ ਵੋਟ ਕੇਂਦਰਾਂ ਨੂੰ ਪ੍ਰਭਾਵਿਤ ਕਰਨ ਵਾਲੀ ਐਮਰਜੈਂਸੀ ਹੋਣ ਦੀ ਸਥਿਤੀ ਵਿੱਚ, ਵੋਟ ਕੇਂਦਰਾਂ ਨੂੰ ਬਦਲਣ ਅਤੇ/ਜਾਂ ਏਕੀਕਰਨ ਦੀ ਲੋੜ ਹੋ ਸਕਦੀ ਹੈ। ਅਜਿਹੀਆਂ ਸਥਿਤੀਆਂ ਵਿੱਚ, ਪੋਲ ਕਰਮੀਆਂ, ਵੋਟ ਕੇਂਦਰ ਦੇ ਸੁਪਰਵਾਈਜ਼ਰ ਅਤੇ/ਜਾਂ ਰੋਵਰਜ਼ ਨੂੰ ਹੇਠਾਂ ਲਿਖਿਆ ਦਾ ਨਿਰੀਖਣ ਕਰਨਾ ਲਾਜ਼ਮੀ ਹੈ:

- ਵੋਟਰਾਂ ਨੂੰ ਨਵੇਂ ਵੋਟ ਕੇਂਦਰ ਦੀਆਂ ਸਾਈਟਾਂ ਅਤੇ ਬੈਲਟ ਡ੍ਰੌਪ-ਔਫ਼ ਬੌਕਸ ਵੱਲ ਨਿਰਦੇਸ਼ਿਤ ਕਰਦੇ ਹੋਏ ਨਵੀਂ ਥਾਂ ਬਾਰੇ ਸਲਾਹ ਦੇਣ ਵਾਲੇ ਸਾਈਨੇਜ ਲਗਾਉਣਾ।
- ਸਾਰੇ ਵੋਟ ਕੀਤੇ ਹੋਏ ਬੈਲਟ ਇਕੱਠੇ ਕਰਨਾ ਅਤੇ ਉਨ੍ਹਾਂ ਨੂੰ ਟ੍ਰਾਂਸਪੋਰਟ ਬੈਗ ਅਤੇ ਨੀਲੇ ਡਾਕ ਰਾਹੀਂ ਬੈਲਟ ਅਤੇ ਜੇ ਸੰਭਵ ਹੋਵੇ ਤਾਂ ਪੀਲੇ ਸ਼ਰਤੀਆ ਵੋਟਰ ਰਜਿਸਟ੍ਰੇਸ਼ਨ/ਆਰਜ਼ੀ ਬੈਲਟ ਬੌਕਸ ਵਿੱਚ ਸੁਰੱਖਿਅਤ ਕਰਨਾ।
- ਬੈਲਟ ਬੌਕਸ, ਅਣਵਰਤੇ ਬੈਲਟ ਸਟੌਕ, ਅਤੇ ਵੋਟ ਪਾਉਣ ਵਾਲੇ ਸਿਸਟਮ ਨੂੰ ਇਕੱਠਾ ਕਰਨਾ ਅਤੇ ਨਵੀਂ ਥਾਂ 'ਤੇ ਪਹੁੰਚਾਉਣਾ।
- ਘੱਟੋ-ਘੱਟ ਦੋ ਚੋਣ ਕਰਮੀਆਂ, ਵੋਟ ਕੇਂਦਰ ਸੁਪਰਵਾਈਜ਼ਰ, ਜਾਂ ਰੋਵਰਜ਼ ਦਾ ਹਮੇਸ਼ਾ ਹਰੇਕ ਵੋਟਿੰਗ ਸਥਾਨ ਤੋਂ ਬੈਲਟ ਨਾਲ ਰਹਿਣਾ ਲਾਜ਼ਮੀ ਹੈ, ਅਤੇ ਨਿਗਰਾਨੀ ਕਰਨਾ ਲਾਜ਼ਮੀ ਹੈ ਕਿ ਬੈਲਟ ਸੁਰੱਖਿਅਤ ਢੰਗ ਨਾਲ ਨਵੇਂ ਵੋਟਿੰਗ ਟਿਕਾਣਿਆਂ 'ਤੇ ਟ੍ਰਾਂਸਫਰ ਕੀਤੇ ਗਏ ਹਨ।
- ਚੋਣ ਅਧਿਕਾਰੀ ਦਾ ਦਫ਼ਤਰ ਕਿਸੇ ਵੀ ਨਵੀਂ ਸੀਲ ਜਾਂ ਹੋਰ ਲੋੜੀਂਦੀਆਂ ਸਪਲਾਈਆਂ ਨੂੰ ਡਿਲੀਵਰ ਕਰਨ ਲਈ ਸਟਾਫ਼ ਨੂੰ ਨਿਯੁਕਤ ਕਰੇਗਾ।

## ਵੋਟ ਕੇਂਦਰ

ਹਰ ਵਾਰ ਚੋਣਾਂ ਤੋਂ ਪਹਿਲਾਂ, ਸਾਡਾ ਦਫ਼ਤਰ ਵਿਕਲਪਿਕ ਵੋਟ ਕੇਂਦਰਾਂ ਜਾਂ ਮੌਜੂਦਾ ਵੋਟ ਕੇਂਦਰਾਂ ਦੀ ਪਛਾਣ ਕਰੇਗਾ, ਜੋ ਲੋੜ ਪੈਣ ਤੇ ਹੋਰ ਵੋਟਰਾਂ ਦੀ ਸੰਭਾਲ ਕਰ ਸਕਦੇ ਹਨ। ਇਹ ਵਿਕਲਪਿਕ ਸਾਈਟਾਂ ਦੀ ਵਰਤੋਂ ਉਨ੍ਹਾਂ ਵੋਟਰਾਂ ਨਾਲ ਕੀਤੀ ਜਾਏਗੀ ਜਿੰਨਾਂ ਨੂੰ ਖਾਲ੍ਹੀ ਕਰਾਏ ਗਏ ਵੋਟ ਕੇਂਦਰ ਤੋਂ ਪੁਨਰ ਨਿਰਦੇਸ਼ਿਤ ਕਰਨ ਦੀ ਲੋੜ ਪੈ ਸਕਦੀ ਹੈ। ਸਾਡੀਆਂ ਤਿਆਰੀਆਂ ਵਿੱਚ ਸ਼ਾਮਲ ਹਨ:

- ਇੱਕ ਸੰਪਰਕ ਵਿਅਕਤੀ ਅਤੇ ਉਨ੍ਹਾਂ ਦੇ ਟੈਲੀਫੋਨ ਨੰਬਰ ਦੇ ਨਾਲ, ਅਧਿਕਾਰ ਖੇਤਰ ਦੇ ਅੰਦਰ ਕਿਸੇ ਵੀ ਉਪਲਬਧ ਵੋਟ ਕੇਂਦਰਾਂ ਦੀ ਸੂਚੀ ਬਣਾਈ ਰੱਖਣਾ।
- ਇਹ ਯਕੀਨੀ ਬਣਾਉਣ ਲਈ ਕਿ ਕਿਸੇ ਐਮਰਜੈਂਸੀ ਦੀ ਸਥਿਤੀ ਵਿੱਚ ਉਚਿਤ ਅਥਾਰਟੀਆਂ ਨਾਲ ਸੰਪਰਕ ਕੀਤਾ ਜਾਂਦਾ ਹੈ, ਉਸ ਅਧਿਕਾਰ ਖੇਤਰ ਨੂੰ ਨੋਟ ਕਰਨਾ ਜਿੱਥੇ ਹਰੇਕ ਵੋਟ ਕੇਂਦਰ ਸਥਿਤ ਹੈ (ਉਦਾਹਰਨ ਲਈ, ਸ਼ਹਿਰ ਦੇ ਅੰਦਰ ਇੱਕ ਵੋਟ ਕੇਂਦਰ ਲਈ ਸ਼ਹਿਰੀ ਪੁਲਿਸ)।
- ਵਾਧੂ ਪਾਰਕਿੰਗ ਅਤੇ ਟ੍ਰੈਫਿਕ ਨਿਯੰਤਰਣ ਦੀ ਜ਼ਰੂਰਤ ਦਾ ਮੁਲਾਂਕਣ ਕਰਨਾ।
- ਵੋਟਰਾਂ ਨੂੰ ਨਵੇਂ ਟਿਕਾਣੇ ਬਾਰੇ ਸੂਚਿਤ ਕਰਨ ਲਈ ਪੁਰਾਣੇ ਸਥਾਨ 'ਤੇ ਨੋਟਿਸ ਲਗਾਉਣਾ ਜੇਕਰ ਆਖਰੀ ਸਮੇਂ 'ਤੇ ਵੋਟ ਕੇਂਦਰਾਂ ਨੂੰ ਤਬਦੀਲ ਕੀਤਾ ਜਾਣਾ ਜ਼ਰੂਰੀ ਹੈ।
- ਮੀਡੀਆ ਨੂੰ ਕਿਸੇ ਵੀ ਵੋਟ ਕੇਂਦਰ ਤਬਦੀਲੀਆਂ ਬਾਰੇ ਸੂਚਿਤ ਕਰਨਾ; ਇਸ ਜਾਣਕਾਰੀ ਨੂੰ ਚੋਣ ਅਧਿਕਾਰੀ ਦੀ ਵੈੱਬਸਾਈਟ ਅਤੇ ਸੋਸ਼ਲ ਮੀਡੀਆ 'ਤੇ ਪੋਸਟ ਕਰਨਾ, ਅਤੇ ਸੇਕ੍ਰੇਟਰੀ ਔਫ਼ ਸਟੇਟ ਦੇ ਦਫ਼ਤਰ ਨਾਲ ਸੰਪਰਕ ਕਰਨਾ।

- ਐਮਰਜੈਂਸੀ ਵੋਟ ਕੇਂਦਰ ਸਾਈਨ ਉਪਲਬਧ ਰੱਖਣਾ ਜੇ ਆਖਰੀ ਸਮੇਂ ਤੇ ਵੋਟ ਕੇਂਦਰਾਂ ਨੂੰ ਬਦਲਣਾ ਜ਼ਰੂਰੀ ਹੋਵੇ

Yolo ਕਾਉਂਟੀ ਦਾ ਚੋਣ ਦਫ਼ਤਰ ਐਮਰਜੈਂਸੀ ਦੀ ਤਿਆਰੀ ਲਈ ਹਰੇਕ ਸ਼ਹਿਰ ਵਿੱਚ ਬੈਕਅੱਪ ਵੋਟ ਕੇਂਦਰਾਂ ਦੀ ਪਛਾਣ ਕਰਦਾ ਹੈ:

- Davis
- West Sacramento
- Winters
- Woodland

ਖਾਸ ਚੋਣਾਂ ਲਈ ਟਿਕਾਣੇ [redacted]।

## ਕਲੈਕਸ਼ਨ ਰੂਟਾਂ ਜਾਂ ਫੀਲਡ ਸਟਾਫ਼ ਨੂੰ ਪ੍ਰਭਾਵਿਤ ਕਰਨ ਵਾਲੀਆਂ ਐਮਰਜੈਂਸੀਆਂ

Yolo ਕਾਉਂਟੀ ਦਾ ਚੋਣ ਦਫ਼ਤਰ ਸਟਾਫ਼ ਕਰੇਗਾ:

- Yolo ਕਾਉਂਟੀ ਸ਼ੈਰਿਫ ਦੇ ਦਫ਼ਤਰ ਨਾਲ ਸੰਪਰਕ ਕਰੋ ਜੇਕਰ ਇਕੱਠਾ ਕਰਨ ਦਾ ਰਸਤਾ ਵੋਟ ਕੇਂਦਰ ਦੇ ਟਿਕਾਣਿਆਂ ਨੂੰ ਬਦਲਣ ਦੁਆਰਾ ਪ੍ਰਭਾਵਿਤ ਹੁੰਦਾ ਹੈ। ਜੇ ਜ਼ਰੂਰੀ ਹੋਵੇ, ਰੱਖਿਅਕਾਂ ਲਈ ਬੇਨਤੀ ਕਰੇਗਾ; ਹਾਲਾਂਕਿ, ਕਿਸੇ ਵੀ ਸਮੇਂ ਵੋਟਿੰਗ ਸਮੱਗਰੀ ਚੋਣਾਂ ਨਾਲ ਨਾ ਸੰਬੰਧਿਤ ਦਫ਼ਤਰ ਦੇ ਕਿਸੇ ਕਰਮਚਾਰੀ ਦੇ ਕਬਜ਼ੇ ਵਿੱਚ ਨਹੀਂ ਹੋਵੇਗੀ। Yolo ਕਾਉਂਟੀ ਸ਼ੈਰਿਫ ਦੇ ਦਫ਼ਤਰ ਦੇ ਕਰਮਚਾਰੀ ਚੋਣ ਦਫ਼ਤਰ ਦੇ ਕਰਮਚਾਰੀ ਨਹੀਂ ਹੁੰਦੇ ਹਨ।
- ਖੇਤਰ ਵਿੱਚ ਰੋਵਰਜ਼ ਨੂੰ ਸਾਈਟ ਦੀ ਸਥਿਤੀ ਅਤੇ ਬੈਲਟ ਇਕੱਠਾ ਕਰਨ ਵਿੱਚ ਸਹਾਇਤਾ ਕਰਨ ਲਈ ਕਿਸੇ ਨਵੇਂ ਅਧਿਕਾਰਤ ਸਟਾਫ਼ ਦੀ ਪਛਾਣ ਬਾਰੇ ਸੂਚਿਤ ਕਰੇਗਾ। ਐਮਰਜੈਂਸੀਆਂ ਦੌਰਾਨ ਚੇਨ ਔਫ਼ ਕਸਟੱਡੀ ਅਤੇ ਚੇਨ ਔਫ਼ ਕਮਾਂਡ ਬਣਾਈ ਰੱਖੀ ਜਾਏਗੀ।

## ਟੈਲੀਫੋਨ ਸਿਸਟਮ ਡਾਊਨ (ਖਰਾਬ) ਹੋਣਾ

- ਜੇਕਰ Yolo ਕਾਉਂਟੀ ਦੇ ਚੋਣ ਦਫ਼ਤਰ ਵਿਖੇ ਫ਼ੋਨ ਸਿਸਟਮ ਖਰਾਬ ਹੁੰਦੇ ਹਨ, ਤਾਂ Yolo ਕਾਉਂਟੀ ਦੇ ਚੋਣ ਦਫ਼ਤਰ ਦਾ ਸਟਾਫ਼ ਆਵਿਸ਼ਕਾਰ ਅਤੇ ਤਕਨਾਲੋਜੀ ਸੇਵਾਵਾਂ ਵਿਭਾਗ ਦੇ ਦੂਰਸੰਚਾਰ ਵਿਭਾਗ ਨਾਲ ਟਿਕਟ ਖੋਲ੍ਹਣ ਲਈ (530) 406-5090 'ਤੇ ਸੈੱਲ ਫ਼ੋਨ ਰਾਹੀਂ ਕਾੱਲ ਕਰੇਗਾ।
- ਚੋਣ ਦਫ਼ਤਰ ਦੇ ਫੋਨ ਵੌਇਸ ਓਵਰ ਇੰਟਰਨੈੱਟ ਪ੍ਰੋਟੋਕੋਲ (Voice Over Internet Protocol, VoIP) ਹੁੰਦੇ ਹਨ, ਅਤੇ ਬਿਜਲੀ ਚਲੇ ਜਾਣ ਜਾਂ ਇੰਟਰਨੈੱਟ/ਨੈੱਟਵਰਕ ਆਊਟੇਜ ਦੌਰਾਨ ਬਾਹਰ ਕੀਤੀਆਂ ਜਾਣ ਵਾਲੀਆਂ ਕਾੱਲਾਂ ਲਈ ਉਪਲਬਧ ਨਹੀਂ ਹੋਣਗੇ; ਹਾਲਾਂਕਿ, ਉਨ੍ਹਾਂ ਨੂੰ ਕੀਤੀਆਂ ਜਾਣ ਵਾਲੀਆਂ ਕਾੱਲਾਂ ਰਾਹੀਂ ਜੁੜਿਆ ਰਹੇਗਾ ਅਤੇ ਸਟਾਫ਼ ਜਨਤਾ ਦੀ ਸੇਵਾ ਕਰਨ ਦੇ ਯੋਗ ਹੋਵੇਗਾ। ਜਦੋਂ ਵੋਟਰ ਖਾਸ ਰਜਿਸਟ੍ਰੇਸ਼ਨ ਜਾਂ ਡਾਕ-ਰਾਹੀਂ-ਵੋਟ ਨਾਲ ਸੰਬੰਧਿਤ ਸਵਾਲਾਂ ਬਾਰੇ ਕਾੱਲ ਕਰਦੇ ਹਨ ਜਿਨ੍ਹਾਂ ਲਈ ਨੈੱਟਵਰਕ ਕਨੈਕਸ਼ਨ ਦੀ ਲੋੜ ਹੁੰਦੀ ਹੈ, ਤਾਂ ਸਟਾਫ਼ ਵੋਟਰ ਤੋਂ ਸਾਰੀ ਲੋੜੀਂਦੀ ਜਾਣਕਾਰੀ ਲਿਖ ਦੇਵੇਗਾ ਅਤੇ ਸਿਸਟਮ ਉਪਲਬਧ ਹੋਣ 'ਤੇ ਵਾਪਸੀ ਕਾੱਲ ਕਰੇਗਾ।

## ਪਾਵਰ ਜਾਂ ਤਕਨਾਲੋਜੀ ਦਾ ਖਰਾਬ ਹੋਣਾ

ਬਿਜਲੀ ਚਲੇ ਜਾਣਾ ਜਾਂ ਤਕਨਾਲੋਜੀ ਨਾਲ ਸੰਬੰਧਿਤ ਸਮੱਸਿਆਵਾਂ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੁੰਦਾ ਹੈ। ਇਸ ਤਰ੍ਹਾਂ ਦੀਆਂ ਸਥਿਤੀਆਂ ਲਈ ਪਹਿਲਾਂ ਤੋਂ ਤਿਆਰ ਰਹਿਣ ਦੀ ਯੋਜਨਾ ਬਣਾਉਣਾ, ਸੰਗਠਨਾਂ ਨਾਲ ਸੰਬੰਧਾਂ ਦਾ ਨਿਰਮਾਣ ਕਰਨਾ, ਅਤੇ ਪ੍ਰਕਿਰਿਆਵਾਂ ਦੀ ਇੱਕ ਹਾਰਡ ਕਾਪੀ ਹੋਣਾ ਤੇਜ਼ੀ ਨਾਲ ਪ੍ਰਤੀਕਿਰਿਆ ਕਰਨ ਅਤੇ ਪੁਨਰ ਬਹਾਲੀ ਕਰਨ ਲਈ ਮਹੱਤਵਪੂਰਨ ਹੁੰਦੀ ਹੈ।

- Yolo ਕਾਉਂਟੀ ਇਹ ਨਿਰਧਾਰਿਤ ਕਰਨ ਲਈ ਸਾਡੀ ਸਥਾਨਕ ਊਰਜਾ ਕੰਪਨੀ ਅਤੇ ਸੇਕ੍ਰੇਟਰੀ ਔਫ਼ ਸਟੇਟ ਦੇ ਦਫ਼ਤਰ ਨਾਲ ਮਿਲਕੇ ਕੰਮ ਕਰਦੀ ਹੈ ਕਿ ਕੀ ਕਿਸੇ ਵੀ ਮਹਤੱਵਪੂਰਨ ਚੋਣਾਂ ਦੀ ਮਿਆਦ ਦੌਰਾਨ ਕੋਈ ਜਨਤਕ ਸੁਰੱਖਿਆ ਲਈ ਬਿਜਲੀ ਬੰਦ ਕਰਨ (Public Safety Power Shutoff, PSPS) ਦੇ ਨਿਰਧਾਰਿਤ ਪ੍ਰੋਗਰਾਮ ਬਣਾਏ ਜਾ ਰਹੇ ਹਨ।



- ਸਥਾਨਕ ਪਾਵਰ ਕੰਪਨੀ PSPS ਜਾਂ ਹੋਰ ਬਿਜਲੀ ਚਲੇ ਜਾਣ ਦੀਆਂ ਘਟਨਾਵਾਂ ਲਈ ਵੋਟ ਪਾਉਣ ਦੀ ਮਿਆਦ ਦੇ ਦੌਰਾਨ ਨਿਗਰਾਨੀ ਕਰਨ ਲਈ ਵੋਟ ਕੇਂਦਰ ਦੇ ਟਿਕਾਣਿਆਂ ਦੀ ਸੂਚੀ ਪ੍ਰਾਪਤ ਕਰਦੀ ਹੈ।
- ਬਿਜਲੀ ਚਲੇ ਜਾਣ ਦੀ ਸਥਿਤੀ ਵਿੱਚ, ਨੁਕਸਾਨ, ਹਾਨੀ ਜਾਂ ਚੋਰੀ ਨੂੰ ਰੋਕਣ ਲਈ ਸਾਰੀਆਂ ਚੋਣ ਸਮੱਗਰੀਆਂ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਸੁਰੱਖਿਅਤ ਕੀਤਾ ਜਾਣਾ ਲਾਜ਼ਮੀ ਹੈ।
- ਐਮਰਜੈਂਸੀ ਵੇਲੇ ਲਈ ਲਾਈਟਾਂ (ਫਲੈਸ਼ਲਾਈਟਾਂ, ਬੈਟਰੀ ਨਾਲ ਚੱਲਣ ਵਾਲੀਆਂ ਲਾਈਟਾਂ) ਉਪਲਬਧ ਹੁੰਦੀਆਂ ਹਨ।
- ਚੋਣ ਅਧਿਕਾਰੀ ਦੇ ਮੁੱਖ ਦਫ਼ਤਰ ਅਤੇ ਹੋਰ ਸਾਰੇ ਵੋਟ ਕੇਂਦਰਾਂ 'ਤੇ ਬਿਜਲੀ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਇੱਕ ਜਨਰੇਟਰ ਮੌਜੂਦ ਰਹੇਗਾ। ਚੋਣ ਦਫ਼ਤਰ ਜਨਰੇਟਰ ਸਥਾਪਤ ਕਰਨ ਦੀ ਪ੍ਰਕਿਰਿਆ ਤੋਂ ਜਾਣੂ ਹੈ ਅਤੇ ਇਹ ਯਕੀਨੀ ਬਣਾਉਣ ਲਈ ਟੈਸਟ ਕੀਤੇ ਜਾਂਦੇ ਹਨ ਕਿ ਇਹ ਚੋਣਾਂ ਤੋਂ ਪਹਿਲਾਂ ਸਹੀ ਤਰੀਕੇ ਨਾਲ ਕੰਮ ਕਰ ਰਿਹਾ ਹੈ।
- ਹਰ ਚੋਣਾਂ ਤੋਂ ਪਹਿਲਾਂ ਵੋਟ ਪਾਉਣ ਵਾਲੇ ਸਿਸਟਮ ਦੀਆਂ ਬੈਕਅੱਪ ਬੈਟਰੀਆਂ ਦੀ ਜਾਂਚ ਕੀਤੀ ਜਾਂਦੀ ਹੈ।
- ਸਾਰੀ ਇਲੈਕਟ੍ਰਾਨਿਕ ਜਾਣਕਾਰੀ ਜਿਵੇਂ ਕਿ ਵੋਟਰ ਰਜਿਸਟ੍ਰੇਸ਼ਨ ਡੇਟਾ ਅਤੇ ਚੋਣ ਸਿਸਟਮ ਡੇਟਾ ਨੂੰ [redacted] ਇਹ ਔਫ਼-ਸਾਈਟ ਟਿਕਾਣਾ ਵੀ ਬੈਕਅੱਪ ਜਨਰੇਟਰ ਨਾਲ ਪੂਰੀ ਤਰ੍ਹਾਂ ਜੁੜਿਆ ਹੁੰਦਾ ਹੈ।
- Yolo ਕਾਉਂਟੀ ਦੇ ਚੀਫ਼ ਔਫ਼ ਟੈਕਨਾਲੋਜੀ ਨਾਲ ਨਿਯਮਿਤ ਤੌਰ 'ਤੇ ਤਾਲਮੇਲ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਡੇਟਾ ਦਾ ਬੈਕਅੱਪ ਲਿਆ ਗਿਆ ਹੈ ਅਤੇ ਇਹ ਕਿ ਚੋਣ ਅਧਿਕਾਰੀ ਦੇ ਮੁੱਖ ਦਫ਼ਤਰ ਵਿੱਚ ਬਿਜਲੀ ਚਲੇ ਜਾਣ 'ਤੇ ਇਹ ਉਪਲਬਧ ਹੋਵੇਗਾ।
- ਗੁਆਂਢ ਦੀ Solano ਕਾਉਂਟੀ ਨਾਲ ਸਮਝੌਤੇ ਦੇ ਮੈਮੋਰੈਂਡਮ ਦੀ ਵਰਤੋਂ ਨੂੰ ਕਿਰਿਆਸ਼ੀਲ ਕਰਨਾ। Solano ਸਾਡੇ ਹਾਰ ਹੀ ਵੋਟਿੰਗ ਸਾਜ਼ੋ-ਸਾਮਾਨ ਦੀ ਵਰਤੋਂ ਕਰਦਾ ਹੈ, ਅਤੇ ਜੇਕਰ ਬੈਕਅੱਪ ਸਾਜ਼ੋ-ਸਾਮਾਨ ਅਤੇ/ਜਾਂ ਕਾਉਂਟੀ ਤੋਂ ਬਾਹਰ ਕਿਸੇ ਸਥਾਨ ਦੀ ਲੋੜ ਪੈਂਦੀ ਹੈ, ਤਾਂ ਇੱਕ ਸਮਝੌਤੇ ਦਾ ਮੈਮੋਰੈਂਡਮ (Memorandum of Understanding, MOU) ਪਹਿਲਾਂ ਹੀ ਮੌਜੂਦ ਹੈ।

## ਕਰਮਚਾਰੀਆਂ ਜਾਂ ਪੋਲ ਕਰਮੀਆਂ ਦੀ ਕਮੀ ਹੋਣਾ

ਕਰਮਚਾਰੀਆਂ ਜਾਂ ਚੋਣ ਕਰਮੀਆਂ ਦੀ ਕਮੀ ਸ਼ੁਰੂਆਤੀ ਵੋਟਿੰਗ ਦੇ ਦਿਨਾਂ ਜਾਂ ਚੋਣਾਂ ਵਾਲੇ ਦਿਨ ਦਫ਼ਤਰ ਜਾਂ ਵੋਟ ਕੇਂਦਰਾਂ ਵਿੱਚ ਕਾਰੋਬਾਰ ਦੇ ਆਮ ਕੰਮਕਾਜ ਨੂੰ ਪ੍ਰਭਾਵਿਤ ਕਰ ਸਕਦੀ ਹੈ। ਹੇਠ ਲਿਖੀਆਂ ਉਹ ਯੋਜਨਾਵਾਂ ਹਨ ਕਿ ਚੋਣ ਦਫ਼ਤਰ ਸਟਾਫ਼ ਦੀ ਕਮੀ ਨਾਲ ਜੁੜੇ ਸੰਭਾਵੀ ਮੁੱਦਿਆਂ ਨਾਲ ਕਿਵੇਂ ਨਿਪਟੇਗਾ:

- ਮੌਸਮੀ ਗੈਰਹਾਜ਼ਰੀ ਦੀ ਨਿਗਰਾਨੀ ਕਰਨਾ ਅਤੇ ਇਸ ਬਾਰੇ ਜਾਣੂ ਰਹਿਣਾ। ਗੈਰਹਾਜ਼ਰੀ ਦੇ ਥ੍ਰੈਸ਼ਹੋਲਡ ਦਾ ਪਤਾ ਲਗਾਉਣਾ ਜੋ ਆਮ ਕੰਮਕਾਜਾਂ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦੇ ਹਨ ਜਾਂ ਰੁਕਾਵਟ ਪਾ ਸਕਦੇ ਹਨ।

- ਜੇਕਰ ਗੈਰਹਾਜ਼ਰੀ ਉਨ੍ਹਾਂ ਥ੍ਰੈੱਸ਼ਹੋਲਡਾਂ ਤੱਕ ਪਹੁੰਚ ਜਾਂਦੀ ਹੈ ਤਾਂ ਪ੍ਰਤੀਕਿਰਿਆ ਕਰਨ ਲਈ ਕਰਮਚਾਰੀ ਦੀ ਬਦਲੀ ਅਤੇ ਅਚਨਚੇਤੀ ਯੋਜਨਾ ਬਣਾਉਣਾ।

- ਬੈਕਅੱਪ ਦਫ਼ਤਰ ਦੇ ਸਟਾਫ਼ ਦੀ ਇੱਕ ਸੂਚੀ ਸਥਾਪਤ ਕਰਨਾ। ਇਹ ਸੁਨਿਸ਼ਚਿਤ ਕਰਨਾ ਕਿ ਚੋਣ ਸਟਾਫ਼ ਪੋਲ ਕਰਮੀਆਂ ਦੀ ਬਦਲੀ ਦੀਆਂ ਪ੍ਰਕਿਰਿਆਵਾਂ ਨੂੰ ਸਮਝਦਾ ਹੈ।

- ਚੋਣ ਕਰਮੀਆਂ ਦੀ ਭਰਤੀ ਦੇ ਹਿੱਸੇ ਵਜੋਂ, ਚੋਣ ਕਰਮੀਆਂ ਦੀ ਇੱਕ ਖਾਸ ਪ੍ਰਤੀਸ਼ਤਤਾ ਨੂੰ "ਸਟੈਂਡ ਬਾਇ" ਸਥਿਤੀ ਲਈ ਨਿਰਧਾਰਿਤ ਕਰਨਾ। ਇਹ ਜ਼ਰੂਰੀ ਬਣਾਉਣਾ ਕਿ ਇਹ ਚੋਣ ਕਰਮੀ ਚੋਣ ਦੀ ਸਵੇਰ ਨੂੰ ਕਿਸੇ ਨਿਰਧਾਰਿਤ ਵੋਟ ਕੇਂਦਰ ਟਿਕਾਣੇ ਦੀ ਬਜਾਏ ਮੁੱਖ ਚੋਣ ਦਫ਼ਤਰ ਨੂੰ ਫ਼ੋਨ ਰਾਹੀਂ ਰਿਪੋਰਟ ਕਰਨ। ਇਨ੍ਹਾਂ ਕਰਮੀਆਂ ਨੂੰ ਕਿਸੇ ਵੀ ਗੈਰਹਾਜ਼ਰੀ ਦੀ ਸਥਿਤੀ ਵਿੱਚ ਕਾਉਂਟੀ ਵਿੱਚ ਕਿਸੇ ਵੀ ਵੋਟ ਕੇਂਦਰ ਵਿੱਚ ਤੈਨਾਤ ਕੀਤਾ ਜਾ ਸਕਦਾ ਹੈ।
- ਹਰੇਕ ਵੋਟ ਕੇਂਦਰ ਵਿੱਚ ਦੋ ਵੋਟ ਕੇਂਦਰ ਸੁਪਰਵਾਈਜ਼ਰ ਅਤੇ ਛੇ ਤੋਂ ਅੱਠ ਜੱਜ ਨਿਯੁਕਤ ਕੀਤੇ ਜਾਂਦੇ ਹਨ। ਬਿਲਟ-ਇਨ ਸਮਰੂਪਤਾ ਮਿਆਰੀ ਓਪਰੇਸ਼ਨਾਂ ਦਾ ਹਿੱਸਾ ਹੈ; ਹਾਲਾਂਕਿ, ਇਹ ਇੱਕ ਸੰਪੱਤੀ ਹੁੰਦੀ ਹੈ ਜੇਕਰ ਚੋਣ ਦਫ਼ਤਰ ਨੂੰ ਬਿਨਾਂ ਕਿਸੇ ਰੁਕਾਵਟ ਦੇ ਕਿਸੇ ਨਾ ਆਏ ਇੰਸਪੈਕਟਰ ਦੀ ਥਾਂ ਬਦਲੀ ਕਰਨ ਦੀ ਲੋੜ ਪੈਂਦੀ ਹੈ।



- ਵੋਟ ਕੇਂਦਰ ਪ੍ਰਕਿਰਿਆਵਾਂ ਦੇ ਹਿੱਸੇ ਵਜੋਂ, ਜੇਕਰ ਵੋਟ ਕੇਂਦਰ ਨੂੰ ਸੁਰੱਖਿਅਤ ਅਤੇ ਕਾਨੂੰਨੀ ਤੌਰ 'ਤੇ ਚਲਾਉਣ ਲਈ ਲੋੜੀਂਦੇ ਚੋਣ ਕਰਮੀ ਮੌਜੂਦ ਨਹੀਂ ਹਨ, ਤਾਂ ਚੋਣ ਕਰਮਚਾਰੀਆਂ ਨੂੰ ਉਦੋਂ ਤੱਕ ਕਿਸੇ ਵੋਟਰ ਨੂੰ ਭਰਤੀ ਕਰਨ ਦੇ ਨਿਰਦੇਸ਼ ਦਿੱਤੇ ਜਾਂਦੇ ਹਨ ਜਦੋਂ ਤੱਕ ਕਿ Yolo ਕਾਉਂਟੀ ਦਾ ਚੋਣ ਦਫ਼ਤਰ ਵੋਟ ਕੇਂਦਰ 'ਤੇ ਕਿਸੇ ਸਟੈਂਡ-ਬਾਇ ਚੋਣ ਕਰਮੀ ਨੂੰ ਨਹੀਂ ਭੇਜਦਾ।

- ਮਹਾਂਮਾਰੀ ਆਉਣ ਦੀ ਸਥਿਤੀ ਵਿੱਚ, Yolo ਕਾਉਂਟੀ ਚੋਣ ਕਰਮਚਾਰੀਆਂ ਦੇ ਜ਼ਰੂਰੀ ਕੰਮ ਕਰਨ ਲਈ ਚੋਣ ਦਫ਼ਤਰ ਦੇ ਬਾਹਰ ਕਾਉਂਟੀ ਦੇ ਕਰਮਚਾਰੀਆਂ ਨੂੰ ਆਪਦਾ ਸੇਵਾ ਕਰਮੀਆਂ (Disaster Service Workers, DSW) ਵਜੋਂ ਨਿਯੁਕਤ ਕਰਨ ਦਾ ਅਧਿਕਾਰ ਰਾਖਵਾਂ ਰੱਖਦੀ ਹੈ ਜਦੋਂ ਤੱਕ ਕਿ ਇਹ ਰਾਜ ਅਤੇ/ਜਾਂ ਕਾਉਂਟੀ ਦੀਆਂ ਘੋਸ਼ਣਾਵਾਂ ਦੁਆਰਾ ਨਿਰਦੇਸ਼ਿਤ ਹੁੰਦਾ ਹੈ।

## ਚੋਣਾਂ ਤੋਂ ਬਾਅਦ ਦੇ ਪ੍ਰਚਾਰ ਦੀ ਮਿਆਦ

ਚੋਣ ਪ੍ਰਚਾਰ ਦੌਰਾਨ ਕਿਸੇ ਕੁਦਰਤੀ ਆਫ਼ਤ ਆਉਣ ਜਾਂ ਹੋਰ ਐਮਰਜੈਂਸੀ ਹੋਣ ਦੀ ਸਥਿਤੀ ਵਿੱਚ ਚੋਣ ਅਧਿਕਾਰੀ ਦੇ ਦਫ਼ਤਰ ਨੂੰ ਫੌਰਨ ਸੁਰੱਖਿਅਤ ਕੀਤਾ ਜਾਵੇਗਾ।

ਸਾਰੇ ਵੋਟ ਪਾਏ ਹੋਏ ਬੈਲਟ ਸੰਭਵ ਤੌਰ ਤੇ ਜਲਦੀ ਤੋਂ ਜਲਦੀ ਅਤੇ ਸੁਰੱਖਿਅਤ ਢੰਗ ਨਾਲ ਪ੍ਰਾਪਤ ਕੀਤੇ ਜਾਣਗੇ ਅਤੇ ਸੁਰੱਖਿਅਤ ਕੀਤੇ ਜਾਣਗੇ। ਜੇਕਰ ਸਮਾਂ ਇਜਾਜ਼ਤ ਦਿੰਦਾ ਹੈ, ਤਾਂ ਬੈਲਟ ਸੁਰੱਖਿਅਤ ਬੈਕਅੱਪ ਟਿਕਾਣੇ 'ਤੇ ਲਿਜਾਏ ਜਾਣਗੇ।

ਸਾਰੇ ਕੰਪਿਊਟਰ, ਭਾਰੀ ਮਸ਼ੀਨਰੀ ਅਤੇ ਵੋਟ ਪ੍ਰੋਸੈਸਿੰਗ ਉਪਕਰਨ ਸੁਰੱਖਿਅਤ ਕੀਤੇ ਜਾਣਗੇ।

ਜੇਕਰ ਸੰਭਵ ਹੋਵੇ, ਤਾਂ ਰਜਿਸਟ੍ਰੇਸ਼ਨ ਦਾ ਕੋਈ ਵੀ ਹਲਫ਼ਨਾਮਾ, ਸ਼ਰਤੀਆ ਬੈਲਟ ਅਤੇ/ਜਾਂ ਆਰਜ਼ੀ ਬੈਲਟ ਜਿਨ੍ਹਾਂ 'ਤੇ ਕਾਰਵਾਈ ਨਹੀਂ ਕੀਤੀ ਗਈ ਅਤੇ/ਜਾਂ ਸਕੈਨ ਨਹੀਂ ਕੀਤਾ ਗਿਆ, ਨੂੰ ਵੀ ਮੁੜ ਪ੍ਰਾਪਤ ਕੀਤਾ ਜਾਵੇਗਾ।

ਚੋਣ ਦਫ਼ਤਰ ਸੈਕ੍ਰੇਟਰੀ ਔਫ਼ ਸਟੇਟ ਅਤੇ ਚੋਣ ਵਿਕਰੇਤਾ ਨਾਲ ਫੌਰਨ ਸੰਪਰਕ ਕਰੇਗਾ।

ਪ੍ਰਬੰਧਨ ਦੁਆਰਾ ਡਾਕ-ਰਾਹੀਂ-ਵੋਟ ਬੈਲਟ ਸੁਰੱਖਿਅਤ ਕੀਤੇ ਜਾਣਗੇ। ਪ੍ਰਬੰਧਨ ਟੀਮ ਹੇਠ ਲਿਖੇ ਕੰਮ ਕਰੇਗੀ:

- ਸਾਰੇ ਬੈਲਟ ਇੱਕ ਵਿਵਸਥਿਤ ਤਰੀਕੇ ਨਾਲ ਸੁਰੱਖਿਅਤ ਕੀਤੇ ਜਾਂਦੇ ਹਨ ਅਤੇ ਸਾਰੇ ਕੰਟੇਨਰਾਂ ਨੂੰ ਚੰਗੀ ਤਰ੍ਹਾਂ ਲੇਬਲ ਅਤੇ ਸੂਚੀਬੱਧ ਕੀਤਾ ਜਾਂਦਾ ਹੈ।
- ਬੈਲਟ ਖੇਤਰਾਂ ਦੀ ਗੁਪਤ ਬੈਲਟ, ਵਰਦੀਧਾਰੀ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਲਈ ਗੈਰਹਾਜ਼ਰੀ ਦਾ ਵੋਟਰ ਅਧਿਨਿਯਮ (Uniformed and Overseas Citizens Absentee Voting Act, UOCAVA) ਅਧੀਨ ਫੈਕਸ ਕੀਤੇ ਗਏ ਬੈਲਟ, ਆਰਜ਼ੀ ਬੈਲਟ, ਅਤੇ ਕਿਸੇ ਵੀ ਹੋਰ ਵਾਪਸੀ ਬੈਲਟ ਲਈ ਜਾਂਚ ਕੀਤੀ ਜਾਂਦੀ ਹੈ ਜਿਨ੍ਹਾਂ 'ਤੇ ਕਾਰਵਾਈ ਨਹੀਂ ਕੀਤੀ ਗਈ ਹੈ।
- ਸਾਰੇ ਵੋਟ ਕੀਤੇ ਬੈਲਟ ਦੀ ਪੂਰੀ ਸੂਚੀ ਲਈ ਜਾਂਦੀ ਹੈ।

## ਮੈਨੁਅਲ ਸਿਸਟਮ ਨਾਲ ਚੋਣ ਕਰਵਾਉਣਾ

ਕਿਸੇ ਵੀ ਘਾਤਕ ਘਟਨਾ ਹੋਣ ਦੀ ਸਥਿਤੀ ਵਿੱਚ, Yolo ਕਾਉਂਟੀ ਚੋਣ ਦਫ਼ਤਰ ਹੱਥੀਂ ਸਹੀ ਅਤੇ ਪਾਰਦਰਸ਼ੀ ਚੋਣਾਂ ਕਰਵਾਉਣ ਦੇ ਯੋਗ ਹੋਵੇਗਾ। ਵੋਟਰ ਸ਼ਰਤੀਆ/ਅਸਥਾਈ ਪ੍ਰਕਿਰਿਆਵਾਂ ਦੀ ਵਰਤੋਂ ਕਰਕੇ ਕਾਗਜ਼ੀ ਬੈਲਟ 'ਤੇ ਵੋਟ ਪਾਉਣ ਦੇ ਯੋਗ ਹੋਣਗੇ। ਵੋਟਰ ਦੀ ਯੋਗਤਾ ਦੀ ਤਸਦੀਕ, ਵੋਟਾਂ ਦੀ ਗਿਣਤੀ, ਚੋਣ ਤੋਂ ਬਾਅਦ ਦਾ ਆਡਿਟ, ਅਤੇ ਹੋਰ ਗਤੀਵਿਧੀਆਂ ਵਿਅਕਤੀਗਤ ਤੌਰ 'ਤੇ/ਹੱਥੀਂ ਕੀਤੀਆਂ ਜਾਣਗੀਆਂ।

ਬੈਲਟ ਦੀ ਹੱਥੀਂ ਗਿਣਤੀ ਦੀ ਸਥਿਤੀ ਵਿੱਚ, ਚੋਣ ਦਫ਼ਤਰ ਕਾਉਂਟੀ ਪ੍ਰਸ਼ਾਸਨ ਦੀ ਇਮਾਰਤ ਵਿੱਚ ਸੁਵਿਧਾ ਪ੍ਰਬੰਧਕਾਂ ਦੇ ਨਾਲ ਇੱਕ ਢੁਕਵੀਂ ਵੱਡੀ ਕੰਮ ਦੀ ਥਾਂ ਸਥਾਪਤ ਕਰਨ ਲਈ ਕੰਮ ਕਰੇਗਾ, ਜਿਵੇਂ ਕਿ ਐਟ੍ਰੀਅਮ (Atrium) ਨੂੰ ਸੁਰੱਖਿਅਤ ਕਰਨਾ। ਵਿਕਲਪਿਕ ਤੌਰ 'ਤੇ, ਚੋਣ ਦਫ਼ਤਰ ਹੱਥੀ ਕਾਰਵਾਈ ਕਰਨ ਨਾਲ ਆਉਣ ਵਾਲੀਆਂ ਥਾਂ ਸੰਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਭਾਈਵਾਲਾਂ ਨਾਲ ਮਿਲ ਕੇ ਕੰਮ ਕਰੇਗਾ।

ਚੋਣ ਸਮੱਗਰੀ ਦੀ ਸੁਰੱਖਿਆ ਅਤੇ ਅਖੰਡਤਾ ਨੂੰ ਬਰਕਰਾਰ ਰੱਖਦੇ ਹੋਏ ਸਾਰੀਆਂ ਗਤੀਵਿਧੀਆਂ ਜਨਤਾ ਵਾਸਤੇ ਦੇਖਣ ਲਈ ਖੁੱਲ੍ਹੀਆਂ ਹੋਣਗੀਆਂ। Yolo ਕਾਉਂਟੀ ਦਾ ਚੋਣ ਦਫ਼ਤਰ ਐਮਰਜੈਂਸੀ ਵੇਲੇ ਵੱਖ-ਵੱਖ ਸੰਚਾਰ ਦੇ ਤਰੀਕਿਆਂ ਦੀ ਵਰਤੋਂ ਕਰਕੇ ਹਰੇਕ ਗਤੀਵਿਧੀ ਦੇ ਸਮੇਂ ਅਤੇ ਟਿਕਾਣੇ ਬਾਰੇ ਜਨਤਾ ਨੂੰ ਸੂਚਿਤ ਕਰੇਗਾ।

## ਐਮਰਜੈਂਸੀ ਵੇਲੇ ਸੰਚਾਰ-ਵਿਵਸਥਾ ਦੀ ਯੋਜਨਾ

ਕਿਸੇ ਵੀ ਐਮਰਜੈਂਸੀ ਜਾਂ ਵੋਟਿੰਗ ਵਿੱਚ ਰੁਕਾਵਟ ਆਉਣ ਦੀ ਸਥਿਤੀ ਵਿੱਚ, ਮੁਲਾਂਕਣਕਰਤਾ/ਕਲਰਕ-ਰਿਕਾਰਡਰ/ਚੋਣ ਵਿਭਾਗ (ACE) ਦੀ ਪ੍ਰਸ਼ਾਸਨ ਟੀਮ ਅਤੇ Yolo ਕਾਉਂਟੀ ਚੋਣ ਦਫ਼ਤਰ ਜਨਤਾ ਨੂੰ ਸਮੇਂ ਸਿਰ, ਸਹੀ ਅਤੇ ਉਪਯੋਗੀ ਜਾਣਕਾਰੀ ਪ੍ਰਦਾਨ ਕਰੇਗਾ। ਪਾਰਦਰਸ਼ਤਾ ਅਤੇ ਅਖੰਡਤਾ ਸਾਡੇ ਮਾਰਗਦਰਸ਼ਕ ਸਿਧਾਂਤ ਹਨ।

ACE ਜਨਤਕ ਸੂਚਨਾ ਅਧਿਕਾਰੀ (Public Information Officer, PIO) ਇਸ ਉਦੇਸ਼ ਲਈ ਮਹਤੱਵਪੂਰਨ ਸਟਾਫ਼ ਲਈ ਇੱਕ ਸੰਪਰਕ ਸੂਚੀ ਪ੍ਰਦਾਨ ਕਰਦਾ ਹੈ ਅਤੇ ਇਸਨੂੰ ਸਟਾਫ਼, ਵੋਟ ਕੇਂਦਰ ਦੇ ਸੁਪਰਵਾਈਜ਼ਰਾਂ/ਇੰਸਪੈਕਟਰਾਂ, ਅਤੇ ਕਿਸੇ ਹੋਰ ਜ਼ਰੂਰੀ ਪਾਰਟੀਆਂ ਲਈ ਉਪਲਬਧ ਕਰਵਾਉਂਦਾ ਹੈ। ਇਸ ਸੰਪਰਕ ਸੂਚੀ ਵਿੱਚ ਮੁਲਾਂਕਣਕਰਤਾ/ਕਲਰਕ-ਰਿਕਾਰਡਰ/ਚੋਣ ਵਿਭਾਗ ਦੇ ਡਿਪਾਰਟਮੈਂਟ ਮੁੱਖੀ (ACE DH), ਆਈਟੀ ਸਹਾਇਤਾ, ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ, ਉਪਯੋਗਿਤਾ ਕੰਪਨੀਆਂ, ਆਵਾਜਾਈ ਦੇ ਸਾਧਨਾਂ ਦੇ ਅਧਿਕਾਰੀ, ਸੁਵਿਧਾਵਾਂ ਦੇ ਨੁਮਾਇੰਦੇ (ਬੈਕਅੱਪ ਸੁਵਿਧਾਵਾਂ ਸਮੇਤ), ਅਤੇ ਕੋਈ ਹੋਰ ਮੁੱਖ ਅਧਿਕਾਰੀ ਸ਼ਾਮਲ ਹੋਣਗੇ ਜਿਨ੍ਹਾਂ ਨਾਲ ਐਮਰਜੈਂਸੀ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ।

PIO ਕੇਂਦਰੀ ਮੀਡੀਆ ਸੰਪਰਕ ਵਿਅਕਤੀ ਦੇ ਤੌਰ ਤੇ ਮਨੋਨੀਤ ਚੋਣ ਸਟਾਫ਼ ਮੈਂਬਰ ਹੁੰਦਾ ਹੈ ਅਤੇ ਸਾਰੇ ਕਰਮਚਾਰੀਆਂ ਨੂੰ ਮੀਡੀਆ ਤੋਂ ਪ੍ਰਾਪਤ ਹੋਣ ਵਾਲੇ ਸਾਰੇ ਸਵਾਲ ਇਸ ਚੋਣ ਸਟਾਫ਼ ਮੈਂਬਰ ਨੂੰ ਭੇਜੇ ਜਾਣੇ ਚਾਹੀਦੇ ਹਨ। ਇਹ ਸਟਾਫ਼ ਮੈਂਬਰ ਸਾਰੇ ਸਥਾਨਕ ਮੀਡੀਆ ਲਈ ਸੰਪਰਕ ਸੂਚੀ ਬਣਾਈ ਰੱਖਦਾ ਹੈ। ਚੋਣਾਂ ਦੇ ਸਮੇਂ ਵਿੱਚ ਤਬਦੀਲੀਆਂ, ਵੋਟ ਕੇਂਦਰਾਂ, ਚੋਣ ਨਤੀਜਿਆਂ ਦੀ ਸੰਭਾਵਿਤ ਰਿਲੀਜ਼ ਵਗੈਰਾ ਬਾਰੇ ਪ੍ਰੈਸ ਰਿਲੀਜ਼ਾਂ ਨੂੰ ਤੇਜ਼ੀ ਨਾਲ ਵਿਕਸਿਤ ਅਤੇ ਪ੍ਰਸਾਰਿਤ ਕੀਤਾ ਜਾਣਾ ਹੈ।

ACE ਜਨਤਕ ਸੂਚਨਾ ਅਧਿਕਾਰੀ ਜਾਂ ACE ਡਿਪਾਰਟਮੈਂਟ ਮੁੱਖੀ ਇੱਕ ਜਨਤਕ ਸੇਵਾ ਸੰਦੇਸ਼ ਜਾਰੀ ਕਰ ਸਕਦਾ ਹੈ:

- ਸੋਸ਼ਲ ਮੀਡੀਆ (Twitter, Instagram, Facebook, TikTok, YouTube)
- ਵੈੱਬਸਾਈਟ (yolocounty.org ਅਤੇ yoloelections.org)
- ਰੇਡੀਓ
- ਸਥਾਨਕ ਪ੍ਰਿੰਟ ਮੀਡੀਆ
- ਸਥਾਨਕ ਟੀਵੀ ਸਟੇਸ਼ਨ
- ਹਾਈ ਸਕੂਲਾਂ ਜਾਂ ਹੋਰ ਕਾਰੋਬਾਰਾਂ 'ਤੇ ਇਲੈਕਟ੍ਰਾਨਿਕ ਬੁਲੇਟਿਨ ਬੋਰਡ
- ਐਮਰਜੈਂਸੀ ਸੇਵਾਵਾਂ ਦਾ ਦਫ਼ਤਰ
- ਗੁਆਂਢੀ ਅਧਿਕਾਰ ਖੇਤਰ

## ਵਿਕਲਪਕ ਸੰਚਾਰ

ਜੇਕਰ ਇੰਟਰਨੈੱਟ, ਵੌਇਸ ਓਵਰ ਆਈਪੀ (Voice Over IP, VOIP) ਫ਼ੋਨ ਅਤੇ/ਜਾਂ ਮੋਬਾਈਲ ਫ਼ੋਨ ਉਪਲਬਧ ਨਹੀਂ ਹਨ ਤਾਂ ਇੱਕ ਵਿਕਲਪਿਕ ਸੰਚਾਰ ਸਿਸਟਮ ਦੀ ਵਰਤੋਂ ਕੀਤੀ ਜਾਵੇਗੀ। ਇੱਕ ਸਿਸਟਮ ਦੇ ਤੌਰ ਤੇ ਇੱਕ ਉਦਾਹਰਨ ਚੋਣ ਦਫ਼ਤਰ ਦੀ ਫੈਕਸੀਮਿਲ ਟ੍ਰਾਂਸਮਿਸ਼ਨ ਮਸ਼ੀਨ (ਫੈਕਸ) ਹੁੰਦੀ ਹੈ: ਫੈਕਸ ਮਸ਼ੀਨ ਇੰਟਰਨੈਟ ਕਨੈਕਸ਼ਨ ਤੋਂ ਬਿਨਾਂ ਆਉਣ ਵਾਲੇ ਫੈਕਸ ਨੂੰ ਸਵੀਕਾਰ ਕਰਦੀ ਹੈ।

ਚੋਣ ਦਫ਼ਤਰ ਨੇ ਸਾਡੇ ਸਥਾਨਕ ਲੈਂਡਲਾਈਨ ਟੈਲੀਫ਼ੋਨ ਪ੍ਰਦਾਤਾ ਦੇ ਨਾਲ-ਨਾਲ ਕਾਉਂਟੀ ਦੇ ਮੋਬਾਈਲ ਟੈਲੀਫ਼ੋਨ ਸੇਵਾ ਪ੍ਰਦਾਤਾਵਾਂ ਨਾਲ ਸੰਪਰਕ ਕੀਤਾ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਸੇਵਾ ਦੇ ਵਿੱਚ ਰੁਕਾਵਟ ਆਉਣ ਦੀ ਸਥਿਤੀ ਵਿੱਚ ਇਹ ਵਿਕਲਪ ਉਪਲਬਧ ਹਨ।



## ਰਿਕਾਰਡਾਂ ਦੀ ਸੁਰੱਖਿਆ ਅਤੇ ਪੁਨਰ-ਬਹਾਲੀ

ਹੇਠਾਂ ਦਿੱਤੀਆਂ ਆਈਟਮਾਂ ਨੂੰ ਮਹੱਤਵਪੂਰਣ ਅਤੇ ਜ਼ਰੂਰੀ ਰਿਕਾਰਡ ਮੰਨਿਆ ਜਾਂਦਾ ਹੈ ਅਤੇ ਐਮਰਜੈਂਸੀ ਦੀ ਪ੍ਰਕਿਰਤੀ ਅਤੇ ਦਾਇਰੇ ਦੇ ਆਧਾਰ 'ਤੇ, ਜੇ ਸੰਭਵ ਹੋਵੇ ਤਾਂ ਇਮਾਰਤ ਤੋਂ ਬਾਹਰ ਲੈ ਜਾਏ ਜਾਣੇ ਚਾਹੀਦੇ ਹਨ।

- ਗਿਣੇ ਹੋਏ ਅਤੇ ਬਿਨਾਂ ਗਿਣੇ ਹੋਏ ਬੈਲਟ
- ਵੋਟਿੰਗ ਸਿਸਟਮ ਦੇ ਸਾਰੇ ਹਿੱਸੇ
- ਹੋਰ ਇਲੈਕਟ੍ਰਾਨਿਕ ਡੇਟਾ ਸਟੋਰੇਜ਼
- ਕਾਊਂਟਰ ਕੈਸ਼ ਡ੍ਰਾਅਰ ਵਿੱਚ ਪਈ ਨਕਦੀ ਅਤੇ ਚੈੱਕ
- ਚੁਣੇ ਹੋਏ ਅਧਿਕਾਰੀਆਂ ਦੀਆਂ ਸਹੁੰਆਂ ਸਮੇਤ ਸਹੁੰਆਂ

## ਗਿਣੇ ਗਏ ਅਤੇ ਬਿਨਾਂ ਗਿਣੇ ਹੋਏ ਬੈਲਟ

ਆਮ ਤੌਰ 'ਤੇ, ਡਾਕ-ਰਾਹੀਂ-ਵੋਟ ਬੈਲਟ ਦੁਆਰਾ ਵੋਟ ਪਾਏ ਗਏ ਬੈਲਟ ਉਨ੍ਹਾਂ ਦੇ ਸੰਬੰਧਿਤ ਖੇਤਰਾਂ ਵਿੱਚ ਛਾਂਟੇ ਜਾਂਦੇ ਹਨ।

- ਨਾ ਗਿਣੇ ਗਏ ਡਾਕ-ਰਾਹੀਂ-ਵੋਟ ਬੈਲਟ: ਛਾਂਟੇ ਨਾ ਗਏ, ਦਸਤਖ਼ਤ ਦੀ ਜਾਂਚ ਨਾ ਕੀਤੇ ਗਏ ਬੈਲਟ; ਸੁਰੱਖਿਅਤ ਕਮਰੇ ਵਿੱਚ ਸਟੋਰ ਕੀਤੇ ਜਾਂਦੇ ਹਨ
- ਨਾ ਗਿਣੇ ਗਏ ਡਾਕ-ਰਾਹੀਂ-ਵੋਟ ਬੈਲਟ: ਹਾਲੇ ਵੀ ਇੱਕ ਲਿਫ਼ਾਫ਼ੇ ਵਿੱਚ ਹਨ, ਖੇਤਰਾਂ ਵਿੱਚ ਵੰਡੇ ਗਏ ਹਨ, ਦਸਤਖ਼ਤ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ; ਇੱਕ ਸੁਰੱਖਿਅਤ ਕਮਰੇ ਵਿੱਚ ਸਟੋਰ ਕੀਤੇ ਜਾਂਦੇ ਹਨ
- ਉਹ ਬੈਲਟ ਜੋ ਸਕੈਨ ਕੀਤੇ ਜਾਣੇ ਬਾਕੀ ਹਨ: ਲਿਫ਼ਾਫ਼ੇ ਤੋਂ ਬਾਹਰ ਲੇਕਿਨ ਬੈਚ ਨੰਬਰ ਦੇ ਨਾਲ ਸੀਲ ਕੀਤੇ ਹੋਏ ਬੈਗਾਂ ਵਿੱਚ; ਇੱਕ ਸੁਰੱਖਿਅਤ ਕਮਰੇ ਵਿੱਚ ਸਟੋਰ ਕੀਤੇ ਜਾਂਦੇ ਹਨ
- ਸਕੈਨ ਕੀਤੇ ਹੋਏ ਬੈਲਟ: ਸਾਫ਼ ਦਿਖਾਈ ਦੇਣ ਵਾਲੇ ਪਲਾਸਟਿਕ ਬੈਗਾਂ, ਬੌਕਸਾਂ ਵਿੱਚ, ਸਕੈਨ ਕੀਤੇ ਹੋਏ ਬੈਚ ਵਿੱਚ ਛਾਂਟੇ ਗਏ; ਬੌਕਸਾਂ ਨੂੰ ਇੱਕ ਲੌਕ ਅਤੇ ਸੀਲ ਕੀਤੇ ਹੋਏ ਪਿੰਜਰੇ ਵਿੱਚ ਰੱਖਿਆ ਜਾਂਦਾ ਹੈ
- ਉਹ ਬੈਲਟ ਜੋ ਡੁਪਲੀਕੇਟ ਕੀਤੇ ਜਾਣੇ ਬਾਕੀ ਹਨ: ਲਿਫ਼ਾਫ਼ੇ ਤੋਂ ਬਾਹਰ ਲੇਕਿਨ ਖੇਤਰ ਨੰਬਰ ਦੇ ਨਾਲ ਸੀਲ ਕੀਤੇ ਹੋਏ ਬੈਗਾਂ ਵਿੱਚ; ਇੱਕ ਸੁਰੱਖਿਅਤ ਕਮਰੇ ਵਿੱਚ ਸਟੋਰ ਕੀਤੇ ਜਾਂਦੇ ਹਨ

- ਡਾਕ-ਰਾਹੀਂ-ਵੋਟ ਬੈਲਟ ਜਿੰਨਾਂ 'ਤੇ ਚੁਣੌਤੀ ਕੀਤੀ ਗਈ ਹੈ, ਉਨ੍ਹਾਂ ਨੂੰ ਸੁਰੱਖਿਅਤ ਕਮਰੇ ਵਿੱਚ ਅਸਥਾਈ ਤੌਰ ਤੇ ਰੱਖਿਆ ਜਾ ਸਕਦਾ ਹੈ ਜਾਂ ਚੋਣਾਂ ਦੇ ਡਿਪਟੀ ਦੇ ਦਫ਼ਤਰ ਵਿੱਚ ਸਟੋਰ ਕੀਤਾ ਜਾਣਾ ਚਾਹੀਦਾ ਹੈ।
- ਨਾ ਪਹੁੰਚਾਏ ਜਾ ਸਕੇ ਡਾਕ-ਰਾਹੀਂ-ਵੋਟ ਬੈਲਟਾਂ ਨੂੰ ਵੀ ਅਸਥਾਈ ਤੌਰ ਤੇ ਚੋਣਾਂ ਦੇ ਡਿਪਟੀ ਦੇ ਦਫ਼ਤਰ ਵਿੱਚ ਸਟੋਰ ਕੀਤਾ ਜਾ ਸਕਦਾ ਹੈ

ਜੇਕਰ ਕੋਈ ਐਮਰਜੈਂਸੀ ਵਾਪਰਦੀ ਹੈ ਜਿਸ ਲਈ ਸਟਾਫ਼ ਨੂੰ ਇਮਾਰਤ ਵਿੱਚੋਂ ਵੋਟ ਵਾਲੇ ਬੈਲਟ ਹਟਾਉਣ ਦੀ ਲੋੜ ਹੁੰਦੀ ਹੈ, ਤਾਂ ਸਟਾਫ਼ ਬੈਗਾਂ/ਬੌਕਸਾਂ ਨੂੰ ਸੀਲ ਕਰੇਗਾ ਅਤੇ ਉਨ੍ਹਾਂ ਨੂੰ ਨਵੀਂ ਥਾਂ 'ਤੇ ਲੈ ਜਾਵੇਗਾ।

ਜੇ ਉਨ੍ਹਾਂ ਨੂੰ ਇਮਾਰਤ ਤੋਂ ਨਹੀਂ ਲਿਜਾਇਆ ਜਾ ਸਕਦਾ, ਤਾਂ ਬੈਲਟ ਸੁਰੱਖਿਅਤ ਪਿੰਜਰਿਆਂ ਵਿੱਚੋਂ ਇੱਕ ਵਿੱਚ ਰੱਖੇ ਜਾਣਗੇ।

ਖਾੱਲ੍ਹੀ ਜਾਂ ਅਣਵਰਤੇ ਬੈਲਟ ਪਿੱਛੇ ਛੱਡ ਦਿੱਤੇ ਜਾਣੇ ਚਾਹੀਦੇ ਹਨ ਜੇਕਰ ਉਨ੍ਹਾਂ ਨੂੰ ਹਟਾਉਣ ਦਾ ਸਮਾਂ ਨਹੀਂ ਹੈ। ਜੇ ਸਮਾਂ ਹੈ ਤਾਂ ACE ਡਿਪਾਰਟਮੈਂਟ ਮੁੱਖੀ ਜਾਂ ਮਨੋਨੀਤ ਵਿਅਕਤੀ ਸਟਾਫ਼ ਨੂੰ ਸਲਾਹ ਦੇਵੇਗਾ ਕਿ ਖਾੱਲ੍ਹੀ ਜਾਂ ਅਣਵਰਤੇ ਬੈਲਟਾਂ ਬਾਰੇ ਕੀ ਕੀਤਾ ਜਾਣਾ ਚਾਹੀਦਾ ਹੈ।

Yolo ਕਾਉਂਟੀ-Solano ਕਾਉਂਟੀ
ਆਪਸੀ ਸਹਾਇਤਾ ਸਮਝੌਤੇ ਦਾ
ਮੈਮੋਰੈਂਡਮ (Memorandum of
Understanding, MOU)

2024 ਦੀ ਚੋਣ ਪ੍ਰਸ਼ਾਸਨ ਯੋਜਨਾ

# Yolo ਕਾਉਂਟੀ
# ਕੈਲੀਫੋਰਨੀਆ ਮਤਦਾਤਾ ਦੀ ਚੋਣ ਅਧਿਨਿਯਮ
# ਚੋਣ ਪ੍ਰਸ਼ਾਸਨ ਯੋਜਨਾ 2024 - 2028



ਕਾਉਂਟੀ ਔਫ਼ YOLO

ਚੋਣ ਦਫ਼ਤਰ

625 Court Street, Room B-05, Woodland CA

95695 (p) 530.666.8133 (f) 530.666.8123

## ਅੰਤਿਕਾ K | ਆਪਸੀ ਸਹਾਇਤਾ ਸਮਝੌਤਾ ਮੈਮੋਰੈਂਡਮ: ਬੈਕ-ਅੱਪ ਐਮਰਜੈਂਸੀ ਵੋਟ ਗਿਣਨ ਦੀਆਂ ਸੇਵਾਵਾਂ ਲਈ ਸਮਝੌਤਾ

**ਇਹ ਸਮਝੌਤਾ __19ਵੇਂ**____________________________________ਦਿਨ **_ਨਵੰਬਰ**__2019 ਨੂੰ ਕਾਉਂਟੀ ਔਫ਼ Solano ("Solano") ਅਤੇ ਕਾਉਂਟੀ ਔਫ਼ Yolo (“Yolo") ਦੇ ਵਿਚਕਾਰ ਕੀਤਾ ਗਿਆ ਸੀ ਅਤੇ ਦੋਵੇਂ ਪਾਰਟੀਆਂ ਇਸ ਵਿੱਚ ਦਾਖਲ ਹੋਈਆਂ। Solano ਅਤੇ Yolo ਦਾ ਕਈ ਵਾਰ ਇੱਥੇ ਇਕੱਲੇ ਤੌਰ 'ਤੇ (ਪਾਰਟੀ ") ਅਤੇ ਸਮੂਹਿਕ ਤੌਰ ਤੇ (" ਪਾਰਟੀਆਂ ") ਦੇ ਤੌਰ ਤੇ ਇਥੇ ਦਾ ਹਵਾਲਾ ਦਿੱਤਾ ਗਿਆ ਹੈ।

ਵੇਰਵੇ

**ਜਦੋਂ ਕਿ**, ਦੋਵੇਂ ਪਾਰਟੀਆਂ ਆਪਣੀਆਂ ਸੰਬੰਧਿਤ ਕਾਉਂਟੀਆਂ ਵਿੱਚ ਚੋਣਾਂ ਕਰਵਾਉਣ ਲਈ ਪਹੁੰਚ ਦੇ ਨਾਲ ਹਾਰਟ ਇੰਟਰਸਿਵਿਕ ਵੈਰਿਟੀ ਟੱਚ ਰਾਈਟਰ, ਪ੍ਰਿੰਟ, ਬਿਲਡ, ਕਾਉਂਟ ਅਤੇ ਸੈਂਟਰਲ ਵੋਟਿੰਗ ਸਿਸਟਮ ਦੀ ਵਰਤੋਂ ਕਰਦੀਆਂ ਹਨ; ਅਤੇ,

**ਜਦੋਂ ਕਿ**, ਪਾਰਟੀਆਂ ਇੱਕ ਦੂਜੇ ਨੂੰ ਐਮਰਜੈਂਸੀ ਬੈਕ-ਅੱਪ ਵੋਟ ਕਾਉਂਟਿੰਗ ਸੇਵਾਵਾਂ ("ਵੋਟ ਗਿਣਨ ਦੀਆਂ ਸੇਵਾਵਾਂ") ਪ੍ਰਦਾਨ ਕਰਨਾ ਚਾਹੁੰਦੀਆਂ ਹਨ; ਅਤੇ,

**ਜਦੋਂ ਕਿ**, ਪਾਰਟੀਆਂ ਇਸ ਤੋਂ ਬਾਅਦ ਨਿਰਧਾਰਿਤ ਨਿਯਮਾਂ ਅਤੇ ਸ਼ਰਤਾਂ ਅਧੀਨ ਇੱਕ ਦੂਜੇ ਨੂੰ ਵੋਟ ਗਿਣਤੀ ਸੇਵਾਵਾਂ ਪ੍ਰਦਾਨ ਕਰਨ ਲਈ ਤਿਆਰ ਹਨ।

**ਹੁਣ**, **ਇਸ ਲਈ**, ਉਪਰੋਕਤ ਵੇਰਵਿਆਂ ਅਤੇ ਇੱਥੇ ਸ਼ਾਮਲ ਆਪਸੀ ਇਕਰਾਰਨਾਮਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਪਾਰਟੀਆਂ ਇੱਥੇ ਹੇਠ ਲਿਖੀਆਂ ਗੱਲਾਂ ਨਾਲ ਸਹਿਮਤ ਹਨ:

**ਵੇਰਵੇ।** ਉੱਪਰ ਦੱਸੇ ਗਏ ਵੇਰਵਿਆਂ ਨੂੰ ਹਵਾਲੇ ਦੁਆਰਾ ਸ਼ਾਮਲ ਕੀਤਾ ਗਿਆ ਹੈ।

**ਬੈਲਟ ਕਾਉਂਟਿੰਗ ਸੇਵਾਵਾਂ ਦੀ ਵਿਵਸਥਾ।** ਅਜਿਹੀ ਸਥਿਤੀ ਵਿੱਚ ਜਦੋਂ ਕਿਸੇ ਵੀ ਧਿਰ ਨੂੰ ਆਪਣੀ ਵੋਟ ਗਿਣਤੀ ਸਿਸਟਮ ਦੀ ਅੰਸ਼ਕ ਜਾਂ ਪੂਰੀ ਤਰ੍ਹਾਂ ਫੇਲ ਹੋਣ ਦੀ ਸਥਿਤੀ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਅਜਿਹੀ ਅਸਫਲਤਾ ਦਾ ਸਾਹਮਣਾ ਕਰ ਰਹੀ ਕਾਉਂਟੀ (“ਬੇਨਤੀ ਕਰਨ ਵਾਲੀ ਕਾਉਂਟੀ”) ਦੂਜੀ ਧਿਰ (“ਜਵਾਬ ਦੇਣ ਵਾਲੀ ਕਾਉਂਟੀ”) ਤੋਂ ਵੋਟ ਗਿਣਤੀ ਦੀਆਂ ਸੇਵਾਵਾਂ ਦੇ ਪ੍ਰਬੰਧ ਲਈ ਬੇਨਤੀ ਕਰ ਸਕਦੀ ਹੈ। ਇਹ ਬੇਨਤੀ ਵੋਟਰਾਂ ਦੇ ਇੱਕ ਰਜਿਸਟਰਾਰ ਜਾਂ ਉਨ੍ਹਾਂ ਦੇ ਨਾਮਜ਼ਦ ਵਿਅਕਤੀ ਤੋਂ ਦੂਜੇ ਨੂੰ ਟੈਲੀਫੋਨ ਰਾਹੀਂ ਬੇਨਤੀ ਦਾ ਰੂਪ ਲੈ ਸਕਦੀ ਹੈ। ਜੇਕਰ ਅਜਿਹੀ ਕੋਈ ਬੇਨਤੀ ਕੀਤੀ ਜਾਂਦੀ ਹੈ, ਤਾਂ ਜਵਾਬ ਦੇਣ ਵਾਲੀ ਕਾਉਂਟੀ ਆਪਣੀ ਵੋਟ ਗਿਣਤੀ ਸੇਵਾਵਾਂ ਨੂੰ ਬੇਨਤੀ ਕਰਨ ਵਾਲੀ ਕਾਉਂਟੀ ਨੂੰ ਉਸ ਹੱਦ ਤੱਕ ਉਪਲਬਧ ਕਰਵਾਏਗੀ ਜੋ ਜਵਾਬ ਦੇਣ ਵਾਲੀ ਕਾਉਂਟੀ ਦੀ ਵੋਟ ਗਿਣਤੀ ਵਿੱਚ ਬੇਲੋੜੀ ਦਖਲਅੰਦਾਜ਼ੀ ਕੀਤੇ ਬਿਨਾਂ ਅਜਿਹਾ ਕਰਨ ਦੇ ਯੋਗ ਹੈ।

ਜਵਾਬ ਦੇਣ ਵਾਲੀ ਕਾਉਂਟੀ ਦੀ ਵੋਟ ਗਿਣਤੀ ਵਿੱਚ ਬੇਲੋੜੀ ਦਖਲਅੰਦਾਜ਼ੀ ਕੀਤੇ ਬਿਨਾਂ ਬੇਨਤੀ ਕਰਨ ਵਾਲੀ ਕਾਉਂਟੀ ਨੂੰ ਕਿਹੜੀਆਂ ਵੋਟਾਂ ਦੀ ਗਿਣਤੀ ਸੇਵਾਵਾਂ ਉਪਲਬਧ ਕਰਵਾਈਆਂ ਜਾ ਸਕਦੀਆਂ ਹਨ, ਇਸ ਬਾਰੇ ਨਿਰਧਾਰਨ ਜਵਾਬ ਦੇਣ ਵਾਲੀ ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ ਦੇ ਇਕੱਲੇ ਅਤੇ ਪੂਰਨ ਵਿਵੇਕ ਅਨੁਸਾਰ ਕੀਤਾ ਜਾਵੇਗਾ।

**<u>ਪਾਰਟੀਆਂ ਦੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ।</u>** ਇਸ ਸਮਝੌਤੇ ਦੇ ਅਨੁਸਾਰ ਪ੍ਰਦਾਨ ਕੀਤੀਆਂ ਗਈਆਂ ਵੋਟਾਂ ਦੀ ਗਿਣਤੀ ਸੰਬੰਧੀ ਸੇਵਾਵਾਂ ਦੇ ਸੰਬੰਧ ਵਿੱਚ ਪਾਰਟੀਆਂ ਦੀਆਂ ਨਿਮਨਲਿਖਤ ਪ੍ਰਬੰਧਕੀ ਜ਼ਿੰਮੇਵਾਰੀਆਂ ਹੋਣਗੀਆਂ

ਪਾਰਟੀਆਂ ਇਸ ਇਕਰਾਰਨਾਮੇ ਦੀ ਪ੍ਰਭਾਵੀ ਤਾਰੀਖ਼ ਤੋਂ ਬਾਅਦ ਅਮਲੀ ਤੌਰ 'ਤੇ ਜਲਦੀ ਹੀ ਆਪਣੇ ਸੰਬੰਧਿਤ ਬੈਲਟ ਟੇਬਲਿਊਸ਼ਨ ਪ੍ਰਕਿਰਿਆਵਾਂ ਦਾ ਆਦਾਨ-ਪ੍ਰਦਾਨ ਕਰਨਗੀਆਂ ਅਤੇ ਫਿਰ ਦੂਜੀ ਧਿਰ ਨੂੰ ਉਨ੍ਹਾਂ ਦੀਆਂ ਸੰਬੰਧਿਤ ਪ੍ਰਕਿਰਿਆਵਾਂ ਵਿੱਚ ਕਿਸੇ ਵੀ ਤਬਦੀਲੀ ਦੀ ਸਮੇਂ ਸਿਰ ਸੂਚਨਾ ਪ੍ਰਦਾਨ ਕਰਨਗੀਆਂ।

ਪਾਰਟੀਆਂ ਇਹ ਤਸਦੀਕ ਕਰਨਗੀਆਂ ਕਿ ਉਨ੍ਹਾਂ ਕੋਲ ਅਨੁਕੂਲ ਵੋਟ ਗਿਣਤੀ ਕਰਨ ਯੋਗ ਸਿਸਟਮ ਮੌਜੂਦ ਹੈ।

ਪਾਰਟੀਆਂ ਇਹ ਤਸਦੀਕ ਕਰਨਗੀਆਂ ਕਿ ਉਨ੍ਹਾਂ ਕੋਲ ਇੱਕੋ ਜਿਹੇ ਹਾਰਟ ਇੰਟਰਸਿਵਿਕ ਵੈਰਿਟੀ ਸੰਸਕਰਨ ਹਨ।

ਪਾਰਟੀਆਂ ਵਿੱਚ ਦੋਵਾਂ ਵਿੱਚੋਂ ਹਰੇਕ ਕੋਲ ਇੱਕ ਐਕਸਟਰਨਲ ਹਾਰਡ ਡ੍ਰਾਈਵ ਹੋਵੇਗੀ ਜਿਸ 'ਤੇ PDF ਬੈਲਟ ਅਤੇ PDF ਨਮੂਨਾ ਬੈਲਟ ਦੀ ਇੱਕ ਕਾਪੀ ਲੋਡ ਹੋਵੇਗੀ।

ਜੇਕਰ ਲੋੜ ਹੋਵੇ, ਤਾਂ ਬੇਨਤੀ ਕਰਨ ਵਾਲੀ ਕਾਉਂਟੀ ਕੇਂਦਰੀ ਟੇਬੂਲੇਸ਼ਨ ਪ੍ਰਕਿਰਿਆ ਦਾ ਸਮਰਥਨ ਕਰਨ ਲਈ ਜ਼ਰੂਰੀ ਬਾਹਰੀ ਹਾਰਡ ਡਰਾਈਵ ਕੀਜ਼ ਨੂੰ ਜਵਾਬ ਦੇਣ ਵਾਲੀ ਕਾਉਂਟੀ ਨੂੰ ਉਪਲਬਧ ਕਰਵਾਏਗੀ।

ਹਰੇਕ ਪਾਰਟੀ ਇਹ ਨਿਰਧਾਰਿਤ ਕਰੇਗੀ ਕਿ ਕੀ ਇਸ ਸਮਝੌਤੇ ਦੀ ਪ੍ਰਭਾਵੀ ਤਾਰੀਖ਼ ਤੋਂ ਬਾਅਦ ਵਿਹਾਰਕ ਤੌਰ 'ਤੇ ਟੇਬੂਲੇਸ਼ਨਪ੍ਰਕਿਰਿਆ ਲਈ ਇਸ ਕੋਲ ਇੱਕ ਵਾਧੂ ਸਿਸਟਮ ਉਪਲਬਧ ਹੈ ਜਾਂ ਨਹੀਂ ਅਤੇ ਲਿਖਤੀ ਪੁਸ਼ਟੀ ਪ੍ਰਦਾਨ ਕਰੇਗੀ।

ਜੇਕਰ ਕੋਈ ਪਾਰਟੀ ਇਹ ਨਿਰਧਾਰਿਤ ਕਰਦੀ ਹੈ ਕਿ ਇੱਕ ਵਾਧੂ ਸਿਸਟਮ ਉਪਲਬਧ ਨਹੀਂ ਹੈ, ਤਾਂ ਇਹ ਦੂਜੀ ਪਾਰਟੀ ਨੂੰ ਇੱਕ ਬਾਹਰੀ ਹਾਰਡ ਡ੍ਰਾਈਵ ਪ੍ਰਦਾਨ ਕਰੇਗੀ ਅਤੇ ਟ੍ਰਾਂਸਪੋਰਟ ਕਰੇਗੀ ਜੋ ਉਚਿਤ ਚੋਣ ਡੇਟਾ ਅਤੇ ਸੌਫਟਵੇਅਰ ਨਾਲ ਲੋਡ ਕੀਤੀ ਗਈ ਹੋਵੇਗੀ।

**<u>ਇਤਫਾਕਨ ਲਾਗਤਾਂ।</u>** ਬੇਨਤੀ ਕਰਨ ਵਾਲੀ ਕਾਉਂਟੀ ਜਵਾਬ ਦੇਣ ਵਾਲੀ ਕਾਉਂਟੀ ਨੂੰ ਇਸ ਇਕਰਾਰਨਾਮੇ ਦੇ ਅਨੁਸਾਰ ਮੁਹੱਈਆ ਕਰਵਾਈਆਂ ਗਈਆਂ ਵੋਟਾਂ ਦੀ ਗਿਣਤੀ ਸੇਵਾਵਾਂ ਲਈ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਕੀਤੇ ਗਏ ਸਿੱਧੇ ਅਤੇ ਅਸਿੱਧੇ ਲਾਗਤਾਂ ਲਈ ਅਦਾਇਗੀ ਕਰੇਗੀ। ਬੇਨਤੀ ਕਰਨ ਵਾਲੀ ਕਾਉਂਟੀ ਚੋਣਾਂ ਦੇ 60 ਦਿਨਾਂ ਦੇ ਅੰਦਰ-ਅੰਦਰ ਕਿਸੇ ਵੀ ਅਜਿਹੀ ਸੰਭਾਵੀ ਲਾਗਤ ਲਈ ਬੇਨਤੀ ਕਰਨ ਵਾਲੀ ਕਾਉਂਟੀ ਨੂੰ ਇਨਵੌਇਸ ਭੇਜੇਗੀ ਅਤੇ ਬੇਨਤੀ ਕਰਨ ਵਾਲੀ ਕਾਉਂਟੀ ਪ੍ਰਾਪਤੀ ਦੇ ਤੀਹ (30) ਦਿਨਾਂ ਦੇ ਅੰਦਰ-ਅੰਦਰ ਇਨਵੌਇਸ ਦਾ ਭੁਗਤਾਨ ਕਰੇਗੀ।

**<u>ਮੁਆਵਜ਼ਾ।</u>** ਦੋਵੇਂ ਪੱਖ ਸਹਿਮਤ ਹਨ ਕਿ ਇਸ ਇਕਰਾਰਨਾਮੇ ਦੇ ਅਨੁਸਾਰ ਪ੍ਰਦਾਨ ਕੀਤੀਆਂ ਗਈਆਂ ਵੋਟ ਗਿਣਤੀ ਸੇਵਾਵਾਂ ਤੋਂ ਪੈਦਾ ਹੋਣ ਵਾਲੀਆਂ ਜਾਂ ਉਨ੍ਹਾਂ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੇ ਕਿਸੇ ਵੀ ਅਤੇ ਸਾਰੇ ਦਾਅਵਿਆਂ, ਮੰਗਾਂ, ਕਾਰਵਾਈਆਂ, ਨੁਕਸਾਨ, ਦੇਣਦਾਰੀਆਂ, ਹਰਜਾਨੇ,

ਅਤੇ ਲਾਗਤਾਂ, ਜਿਸ ਵਿੱਚ ਉਚਿਤ ਅਟਾਰਨੀ ਫੀਸਾਂ ਵੀ ਸ਼ਾਮਲ ਹਨ, ਤੋਂ ਦੂਜੇ ਪੱਖ ਨੂੰ, ਉਸਦੇ ਸੁਪਰਵਾਈਜ਼ਰਾਂ ਦੇ ਬੋਰਡ, ਅਧਿਕਾਰੀਆਂ, ਏਜੰਟਾਂ, ਕਰਮਚਾਰੀਆਂ ਅਤੇ ਵਾਲੰਟੀਅਰਾਂ ਨੂੰ ਮੁਆਵਜ਼ਾ ਦੇਣ, ਬਚਾਅ ਕਰਨਾ ਅਤੇ ਨੁਕਸਾਨ ਰਹਿਤ ਰੱਖਣ ਲਈ ਸਹਿਮਤ ਹਨ।

**ਨੋਟਿਸ।** ਕੋਈ ਵੀ ਨੋਟਿਸ, ਮੰਗ, ਬੇਨਤੀ, ਸਹਿਮਤੀ, ਜਾਂ ਮਨਜ਼ੂਰੀ ਜੋ ਕਿ ਕਿਸੇ ਵੀ ਧਿਰ ਨੂੰ ਇਸ ਸਮਝੌਤੇ ਦੇ ਅਨੁਸਾਰ ਕਿਸੇ ਹੋਰ ਨੂੰ ਦੇਣ ਦੀ ਲੋੜ ਹੈ ਉਹ ਲਿਖਤੀ ਰੂਪ ਵਿੱਚ ਹੋਵੇਗੀ, ਸਿਵਾਏ ਉਪਰੋਕਤ ਪੈਰਾ 2 ਵਿੱਚ ਦਿੱਤੇ ਅਨੁਸਾਰ ਅਤੇ ਜਾਂ ਤਾਂ ਨਿੱਜੀ ਤੌਰ 'ਤੇ ਡਿਲੀਵਰ ਕੀਤੀ ਜਾਵੇਗੀ ਜਾਂ ਡਾਕ ਦੁਆਰਾ ਭੇਜੀ ਜਾਵੇਗੀ, ਇਸ ਨੂੰ ਹੇਠ ਲਿਖੇ ਅਨੁਸਾਰ ਸੰਬੋਧਿਤ ਕੀਤਾ ਗਿਆ ਹੈ:

| | |
|---|---|
| SOLANO ਨੂੰ: | YOLO ਨੂੰ: |
| Tim Flanagan | Jesse Salinas |
| ਵੋਟਰਾਂ ਦੇ ਰਜਿਸਟਰਾਰ/ਮੁੱਖ ਸੂਚਨਾ ਅਧਿਕਾਰੀ | ਮੁਲਾਂਕਣਕਰਤਾ/ਕਲਰਕ-ਰਿਕਾਰਡਰ/ਵੋਟਰਾਂ ਦੇ ਰਜਿਸਟਰਾਰ |
| 675 Texas Street, Suite 2600 | 625 Court Street, Suite B-05 |
| Fairfield, CA 94533 | Woodland, CA 95695 |
| ਟੇਲੀਫ਼ੋਨ: 707-784-6675 | ਟੇਲੀਫ਼ੋਨ: 530-666-8133 |

ਅਜਿਹੀ ਨਿੱਜੀ ਡਿਲੀਵਰੀ ਜਾਂ ਅਜਿਹੇ ਤਰੀਕੇ ਨਾਲ ਡਾਕ ਭੇਜਣਾ ਅਜਿਹੇ ਸਾਰੇ ਮਾਮਲਿਆਂ ਵਿੱਚ ਇੱਕ ਚੰਗੀ, ਕਾਫ਼ੀ ਅਤੇ ਕਾਨੂੰਨੀ ਨੋਟਿਸ ਅਤੇ ਸੇਵਾ ਦਾ ਗਠਨ ਕਰੇਗਾ। ਅਜਿਹੇ ਸੰਚਾਰਾਂ ਨੂੰ ਡਿਲੀਵਰੀ ਹੋਣ 'ਤੇ ਪ੍ਰਾਪਤ ਕੀਤਾ ਹੋਇਆ ਮੰਨਿਆ ਜਾਵੇਗਾ, ਜੇਕਰ ਨਿੱਜੀ ਤੌਰ 'ਤੇ ਡਿਲੀਵਰ ਕੀਤਾ ਗਿਆ ਹੈ ਜਾਂ ਸੰਯੁਕਤ ਰਾਜ ਅਮਰੀਕਾ ਦੀ ਮੇਲ ਵਿੱਚ ਜਮ੍ਹਾ ਹੋਣ 'ਤੇ ਜੇ ਡਾਕ ਰਾਹੀਂ ਭੇਜਿਆ ਗਿਆ ਹੈ। ਕਿਸੇ ਵੀ ਧਿਰ ਦਾ ਪਤਾ ਬਦਲ ਸਕਦਾ ਹੈ, ਜਿਸ ਲਈ ਦੂਜੀ ਧਿਰ ਨੂੰ ਪਤੇ ਦੀ ਤਬਦੀਲੀ ਦਾ ਇੱਕ ਲਿਖਿਤ ਨੋਟਿਸ ਭੇਜਿਆ ਜਾਂਦਾ ਹੈ, ਜਿਸ 'ਤੇ ਬਾਅਦ ਵਾਲੇ ਨੋਟਿਸ ਅਤੇ/ਜਾਂ ਹੋਰ ਸੰਚਾਰ ਭੇਜਿਆ ਜਾ ਸਕਦਾ ਹੈ, ਜੋ ਕਿ ਪ੍ਰਾਪਤ ਹੋਣ ਤੋਂ ਪ੍ਰਭਾਵੀ ਹੋਵੇਗਾ।

**ਪੂਰੀ ਸਮਝ।** ਇਹ ਇਕਰਾਰਨਾਮਾ ਇੱਥੇ ਸ਼ਾਮਲ ਮਾਮਲਿਆਂ ਬਾਰੇ ਪਾਰਟੀਆਂ ਦੀ ਪੂਰੀ ਸਮਝ ਨੂੰ ਦਰਸਾਉਂਦਾ ਹੈ। ਕੋਈ ਵੀ ਪੂਰਵ ਜ਼ੁਬਾਨੀ ਜਾਂ ਲਿਖਤੀ ਸਮਝ ਇੱਥੇ ਹੇਠਾਂ ਦਿੱਤੇ ਗਏ ਮਾਮਲਿਆਂ ਦੇ ਸੰਬੰਧ ਵਿੱਚ ਕਿਸੇ ਸ਼ਕਤੀ ਦੇ ਤੌਰ ਤੇ ਨਹੀਂ ਮੰਨੀ ਜਾਵੇਗੀ ਜਾਂਪ੍ਰਭਾਵੀ ਨਹੀਂ ਹੋਵੇਗੀ।

**ਸੋਧ ਅਤੇ ਛੋਟ।** ਜਿਵੇਂ ਕਿ ਇੱਥੇ ਪ੍ਰਦਾਨ ਕੀਤਾ ਗਿਆ ਹੈ, ਇਸ ਸਮਝੌਤੇ ਦੀਆਂ ਸ਼ਰਤਾਂ ਵਿੱਚ ਕੋਈ ਤਬਦੀਲੀ, ਸੋਧ, ਪਰਿਵਰਤਨ, ਜਾਂ ਛੋਟ ਜਾਇਜ਼ ਨਹੀਂ ਹੋਵੇਗੀ ਜਦੋਂ ਤੱਕ ਕਿ ਲਿਖਤੀ ਰੂਪ ਵਿੱਚ ਨਹੀਂ ਕੀਤੀ ਜਾਂਦੀ ਅਤੇ ਦੋਵਾਂ ਧਿਰਾਂ ਦੁਆਰਾ ਦਸਤਖ਼ਤ ਨਹੀਂ ਕੀਤੇ ਜਾਂਦੇ। ਕਿਸੇ ਵੀ ਪੂਰਵ-ਨਿਰਧਾਰਿਤ, ਉਲੰਘਣਾ ਜਾਂ ਪੂਰਵ ਸਥਿਤੀ ਦੇ ਕਿਸੇ ਵੀ ਧਿਰ ਦੁਆਰਾ ਛੋਟ ਨੂੰ ਕਿਸੇ ਹੋਰ ਡਿਫਾਲਟ, ਉਲੰਘਣਾ ਜਾਂ ਸ਼ਰਤ ਪੂਰਵ, ਜਾਂ ਇੱਥੇ ਕਿਸੇ ਹੋਰ ਅਧਿਕਾਰ ਦੀ ਛੋਟ ਵਜੋਂ ਨਹੀਂ ਸਮਝਿਆ ਜਾਵੇਗਾ। ਇਸ ਇਕਰਾਰਨਾਮੇ ਦੇ ਕਿਸੇ ਵੀ ਉਪਬੰਧ ਦੀ ਕੋਈ ਵਿਆਖਿਆ ਕਿਸੇ ਵੀ ਧਿਰ 'ਤੇ ਪਾਬੰਦ ਨਹੀਂ ਹੋਵੇਗੀ ਜਦੋਂ ਤੱਕ ਕਿ ਹਰੇਕ ਧਿਰ ਅਤੇ ਉਨ੍ਹਾਂ ਦੀ ਸੰਬੰਧਤ ਕਾਉਂਟੀ

ਸਲਾਹਕਾਰਾਂ ਦੁਆਰਾ ਲਿਖਤੀ ਰੂਪ ਵਿੱਚ ਸਹਿਮਤੀ ਨਹੀਂ ਦਿੱਤੀ ਜਾਂਦੀ।

**ਹਮਰੁਤਬਾ।** ਇਹ ਇਕਰਾਰਨਾਮਾ ਹਮਰੁਤਬਿਆਂ ਵਿੱਚ ਲਾਗੂ ਕੀਤਾ ਜਾ ਸਕਦਾ ਹੈ, ਜਿਨ੍ਹਾਂ ਵਿੱਚੋਂ ਹਰੇਕ ਨੂੰ ਅਸਲੀ ਮੰਨਿਆ ਜਾਵੇਗਾ, ਪਰ ਜੋ ਇਕੱਠੇ ਇੱਕ ਦਸਤਾਵੇਜ਼ ਦਾ ਗਠਨ ਕਰੇਗਾ।

**ਵਿਆਖਿਆ।** ਇਹ ਸਮਝੌਤਾ ਦੋਵਾਂ ਧਿਰਾਂ ਦੁਆਰਾ ਬਰਾਬਰ ਤਿਆਰ ਕੀਤਾ ਗਿਆ ਮੰਨਿਆ ਜਾਵੇਗਾ, ਅਤੇ ਸਮਝੌਤਾ ਅਤੇ ਇਸਦੇ ਵਿਅਕਤੀਗਤ ਪ੍ਰਾਵਧਾਨਾਂ ਨੂੰ ਇੱਕ ਧਿਰ ਲਈ ਇਸ ਅਧਾਰ 'ਤੇ ਵਧੇਰੇ ਅਨੁਕੂਲ ਜਾਂ ਵਿਆਖਿਆ ਨਹੀਂ ਕੀਤੀ ਜਾਵੇਗਾ ਕਿ ਦੂਜੀ ਧਿਰ ਦੁਆਰਾ ਇਸਨੂੰ ਤਿਆਰ ਕੀਤਾ ਗਿਆ ਹੈ।

**ਗਵਾਹੀ ਵਿੱਚ**, ਪਾਰਟੀਆਂ ਦੇ ਅਧਿਕਾਰਤ ਨੁਮਾਇੰਦਿਆਂ ਨੇ ਇਸ ਇਕਰਾਰਨਾਮੇ ਨੂੰ ਅਤੇ ਇਸ ਨਾਲ ਜੁੜੀਆਂ ਸਾਰੀਆਂ ਨੱਥੀ ਦਸਤਾਵੇਜ਼ਾਂ ਨੂੰ ਪ੍ਰਭਾਵੀ ਹੋਣ ਵਾਲੀ ਤਾਰੀਖ਼ ਤੋਂ ਲਾਗੂ ਕੀਤਾ ਹੈ।

| | |
|---|---|
| Solano ਕਾਉਂਟੀ | Yolo ਕਾਉਂਟੀ |
| ਦੁਆਰਾ: | ਦੁਆਰਾ: |
| ਨਾਮ: | ਨਾਮ: |
| ਪੱਦ: | ਪੱਦ: |
| ਤਾਰੀਖ਼: | ਤਾਰੀਖ਼: |
| ਫਾਰਮ ਦੇ ਤੌਰ 'ਤੇ ਮਨਜ਼ੂਰ: | ਫਾਰਮ ਦੇ ਤੌਰ 'ਤੇ ਮਨਜ਼ੂਰ: |
| Bernadette S. Curry, ਕਾਉਂਟੀ ਸਲਾਹਕਾਰ | Philip J. Pogledich, ਕਾਉਂਟੀ ਸਲਾਹਕਾਰ |
| ਦੁਆਰਾ:_______________________________ | ਦੁਆਰਾ:_________________________________ |
| Solano ਕਾਉਂਟੀ ਸਲਾਹਕਾਰ | Hope P. Welton, ਸੀਨੀਅਰ ਡਿਪਟੀ |

# ਸੰਖੇਪ ਸ਼ਬਦ ਅਤੇ ਸ਼ਬਦਾਵਲੀ

2024 ਦੀ ਚੋਣ ਪ੍ਰਸ਼ਾਸਨ ਯੋਜਨਾ (*EAP*) ਦੇ ਫਾਈਨਲ ਦਾ ਨਵੀਨੀਕਰਨ

# Yolo ਕਾਉਂਟੀ
# ਕੈਲੀਫੋਰਨੀਆ ਮਤਦਾਤਾ ਦੀ ਚੋਣ ਅਧਿਨਿਯਮ
# ਚੋਣ ਪਸ਼ਾਸਨ ਯੋਜਨਾ 2024 - 2028



## ਅੰਤਿਕਾ L | ਸੰਖੇਪ ਸ਼ਬਦ ਅਤੇ ਸ਼ਬਦਾਵਲੀ

ਇਸ ਸ਼ਬਦਾਵਲੀ ਦਾ ਉਦੇਸ਼ ਚੋਣ ਪ੍ਰਸ਼ਾਸਨ ਯੋਜਨਾ ਦੇ ਪਾਠਕ ਨੂੰ ਚੋਣ ਪ੍ਰਕਿਰਿਆ ਦੀ ਬਿਹਤਰ ਸਮਝ ਪ੍ਰਦਾਨ ਕਰਨਾ ਅਤੇ ਦਸਤਾਵੇਜ਼ ਦੇ ਅੰਦਰ ਵਰਤੇ ਗਏ ਕੁਝ ਸ਼ਬਦਾਂ ਨੂੰ ਪਰਿਭਾਸ਼ਿਤ ਕਰਨਾ ਹੈ। ਕੁਝ ਸ਼ਰਤਾਂ ਨਾਲ ਸੰਬੰਧਿਤ ਸੂਖਮ ਲੋੜਾਂ ਦੇ ਸਪਸ਼ਟੀਕਰਨ ਅਤੇ ਸਮਝ ਲਈ, ਚੋਣ ਪ੍ਰਸ਼ਾਸਨ ਯੋਜਨਾ ਦੇ ਖਾਸ ਤੱਥਾਂ ਨੂੰ ਵੇਖੋ।

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| ਗੈਰਹਾਜ਼ਰ ਵਿਅਕਤੀ ਦਾ ਬੈਲਟ | | ਡਾਕ-ਰਾਹੀਂ-ਵੋਟ (Vote-by-Mail, VBM) ਵੇਖੋ |
| ACE | Yolo ਕਾਉਂਟੀ **ਮੁ**ਲਾਂਕਣਕਰਤਾ/**ਕ**ਲਰਕ-ਰਿਕਾਰਡਰ/**ਚੋ**ਣ ਵਿਭਾਗ | ਚੋਣ ਦਫ਼ਤਰ ਮੁਲਾਂਕਣਕਰਤਾ/ਕਲਰਕ-ਰਿਕਾਰਡਰ/ਵੋਟਰਾਂ ਦੇ ਰਜਿਸਟਰਾਰ (ਚੋਣ ਵਿਭਾਗ) ਵਿਭਾਗ ਦੇ ਅੰਦਰ ਇੱਕ ਸ਼ਾਖਾ ਹੁੰਦੀ ਹੈ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| ADA | ਅਪਾਹਜ ਅਮਰੀਕਾ ਵਾਸੀਆਂ ਲਈ ਬਣਿਆ ਅਧਿਨਿਯਮ | ਅਪਾਹਜ ਅਮਰੀਕਾ ਵਾਸੀਆਂ ਲਈ ਬਣਿਆ ਅਧਿਨਿਯਮ (Americans with Disabilities Act, ADA) 1990 ਵਿੱਚ ਕਾਨੂੰਨ ਬਣ ਗਿਆ ਸੀ। ਅਪਾਹਜ ਅਮਰੀਕਾ ਵਾਸੀਆਂ ਲਈ ਬਣਿਆ ਅਧਿਨਿਯਮ ਇੱਕ ਨਾਗਰਿਕ ਅਧਿਕਾਰ ਕਾਨੂੰਨ ਹੈ ਜੋ ਨੌਕਰੀਆਂ, ਸਕੂਲਾਂ, ਆਵਾਜਾਈ ਦੇ ਸਾਧਨਾਂ, ਅਤੇ ਆਮ ਲੋਕਾਂ ਲਈ ਖੁੱਲ੍ਹੀਆਂ ਸਾਰੀਆਂ ਜਨਤਕ ਅਤੇ ਨਿੱਜੀ ਥਾਂਵਾਂ ਸਮੇਤ ਜਨਤਕ ਜਿੰਦਗੀ ਦੇ ਸਾਰੇ ਖੇਤਰਾਂ ਵਿੱਚ ਅਸਮਰਥਤਾਵਾਂ ਵਾਲੇ ਲੋਕਾਂ ਨਾਲ ਵਿਤਕਰਾ ਕੀਤੇ ਜਾਣ ਨੂੰ ਵਰਜਿਤ ਕਰਦਾ ਹੈ। ਇਸ ਕਾਨੂੰਨ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਅਸਮਰਥਤਾਵਾਂ ਵਾਲੇ ਲੋਕਾਂ ਨੂੰ ਹਰ ਕਿਸੇ ਦੇ ਬਰਾਬਰ ਅਧਿਕਾਰ ਅਤੇ ਮੌਕੇ ਮਿਲਣ। ਅਪਾਹਜ ਅਮਰੀਕਾ ਵਾਸੀਆਂ ਲਈ ਬਣਿਆ ਅਧਿਨਿਯਮ ਨਸਲ, ਰੰਗ, ਲਿੰਗ, ਰਾਸ਼ਟਰੀ ਮੂਲ, ਉਮਰ ਅਤੇ ਧਰਮ ਦੇ ਅਧਾਰ ਤੇ ਆਮ ਲੋਕਾਂ ਨੂੰ ਦਿੱਤੇ ਜਾਣ ਵਾਲੇ ਨਾਗਰਿਕ ਅਧਿਕਾਰਾਂ ਦੀ ਸੁਰੱਖਿਆ ਨੂੰ ਅਸਮਰਥਤਾਵਾਂ ਵਾਲੇ ਲੋਕਾਂ ਨੂੰ ਵੀ ਦਿੱਤੇ ਜਾਣ ਨੂੰ ਲੋੜੀਂਦਾ ਬਣਾਉਂਦਾ ਹੈ। ਇਹ ਜਨਤਕ ਰਿਹਾਇਸ਼ਾਂ, ਰੁਜ਼ਗਾਰ, ਆਵਾਜਾਈ ਦੇ ਸਾਧਨਾਂ, ਰਾਜ ਅਤੇ ਸਥਾਨਕ ਸਰਕਾਰੀ ਸੇਵਾਵਾਂ, ਅਤੇ ਦੂਰਸੰਚਾਰ ਵਿੱਚ ਅਸਮਰਥਤਾਵਾਂ ਵਾਲੇ ਲੋਕਾਂ ਲਈ ਬਰਾਬਰੀ ਦੇ ਮੌਕੇ ਪ੍ਰਦਾਨ ਕਰਨ ਦੀ ਗਾਰੰਟੀ ਦਿੰਦਾ ਹੈ।<br><br>ਮਤਦਾਤਾ ਦੀ ਚੋਣ ਅਧਿਨਿਯਮ: [ਚੋਣ ਕੋਡ 4005(a)(2)-(4)]<br><br>ਇੱਕ ਅਜਿਹਾ ਸਥਾਨ, ਜਿੱਥੇ ਕਾਉਂਟੀ ਵਿੱਚ ਰਹਿਣ ਵਾਲਾ ਕੋਈ ਵੋਟਰ ਆਪਣਾ ਵੋਟ ਪਾਇਆ ਹੋਇਆ ਡਾਕ-ਰਾਹੀਂ-ਵੋਟ ਬੈਲਟ ਵਾਪਸ ਕਰ ਸਕਦਾ ਹੈ, ਜਾਂ ਵੋਟ ਪਾ ਸਕਦਾ ਹੈ ਅਤੇ ਵਾਪਸ ਕਰ ਸਕਦਾ ਹੈ; ਵੋਟ ਪਾਉਣ ਲਈ ਰਜਿਸਟਰ ਕਰ ਸਕਦਾ ਹੈ; ਇੱਕ ਆਰਜ਼ੀ ਬੈਲਟ ਪ੍ਰਾਪਤ ਕਰਕੇ ਵੋਟ ਪਾ ਸਕਦਾ ਹੈ ਅਤੇ ਇੱਕ ਬਦਲੀ ਬੈਲਟ ਪ੍ਰਾਪਤ ਕਰ ਸਕਦਾ ਹੈ ਅਤੇ ਉਸ 'ਤੇ ਵੋਟ ਪਾ ਸਕਦਾ ਹੈ; ਪਹੁੰਚਯੋਗ ਵੋਟਿੰਗ ਉਪਕਰਨ ਦੀ ਵਰਤੋਂ ਕਰਦੇ ਹੋਏ ਕਿਸੇ ਵੀ ਤਰ੍ਹਾਂ ਦੇ ਬੈਲਟ 'ਤੇ ਵੋਟ ਪਾ ਸਕਦਾ ਹੈ। |
| ਅਗਲੀਸ (Agilis) | ਡਾਕ-ਰਾਹੀਂ-ਵੋਟ ਦੇ ਵਾਪਸੀ ਲਿਫ਼ਾਫ਼ਿਆਂ ਦੀ ਛਾਂਟ ਕਰਨ ਵਾਲੀ ਮਸ਼ੀਨ | Yolo ਕਾਉਂਟੀ ਲਿਫ਼ਾਫ਼ਿਆਂ ਦੀ ਛਾਂਟ ਕਰਨ ਲਈ ਅਗਲੀਸ ਇਲੈਕਟ੍ਰਾਨਿਕ ਮੇਲ ਛਾਂਟਾਈ ਅਤੇ ਪ੍ਰੋਸੈਸਿੰਗ ਸਿਸਟਮ (ਵਿਕਰੇਤਾ: Runbeck) ਦੀ ਵਰਤੋਂ ਕਰਦੀ ਹੈ। ਅਗਲੀਸ ਨੂੰ ਐਕਸ਼ਨ ਵਿੱਚ ਦੇਖਣ ਲਈ ਕਿਰਪਾ ਕਰਕੇ YouTube 'ਤੇ ਸਾਡਾ ਵੀਡੀਓ ਦੇਖੋ: https://youtu.be/tG38K8Z2rFk |
| BDB | ਬੈਲਟ ਡ੍ਰੌਪ ਬੌਕਸ | ਮਤਦਾਤਾ ਦੀ ਚੋਣ ਅਧਿਨਿਯਮ: [ਚੋਣ ਕੋਡ 4005(a)(1)(A)-(B)]<br><br>ਇੱਕ ਪਹੁੰਚਯੋਗ, ਸੁਰੱਖਿਅਤ ਅਤੇ ਤਾਲਾਬੰਦ ਬੈਲਟ ਬੌਕਸ ਜੋ ਵੋਟ ਪਾਏ ਹੋਏ ਡਾਕ-ਰਾਹੀਂ-ਵੋਟ (Vote-by-Mail, VBM) ਬੈਲਟ ਪ੍ਰਾਪਤ ਕਰ ਸਕਦਾ ਹੈ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| BOD | ਮੰਗ ਕਰਨ 'ਤੇ ਬੈਲਟ (Ballot on Demand, BOD) | ਇੱਕ ਪ੍ਰਮਾਣਿਤ ਸਵੈ-ਨਿਰਭਰ ਸਿਸਟਮ ਜੋ ਕਾਉਂਟੀ ਦੇ ਚੋਣ ਅਧਿਕਾਰੀ ਜਾਂ ਚੋਣ ਕਰਮੀ ਰਜਿਸਟਰ ਹੋਏ ਮਤਦਾਤਾਵਾਂ ਦੁਆਰਾ ਵੋਟ ਪਾਉਣ ਲਈ, ਮੰਗ ਕਰਨ 'ਤੇ ਬੈਲਟ ਨੂੰ ਅਧਿਕਾਰਕ ਬੈਲਟ ਕਾਰਡ ਸਟੌਕ 'ਤੇ ਪ੍ਰਿੰਟ ਕਰਨ ਦਿੰਦਾ ਹੈ।<br><br>(ਕੈਲੀਫੋਰਨੀਆ ਚੋਣ ਕੋਡ §13004.5) |
| CBO | ਭਾਈਚਾਰਾ-ਆਧਾਰਿਤ ਸੰਸਥਾ | Yolo ਕਾਉਂਟੀ ਚੋਣਾਂ ਵੋਟਰ ਰਜਿਸਟ੍ਰੇਸ਼ਨ ਨੂੰ ਵਧਾਉਣ ਅਤੇ ਨਵੇਂ ਰਜਿਸਟਰਡ ਅਤੇ ਸਾਰੇ ਸਰਗਰਮ ਰਜਿਸਟਰਡ ਵੋਟਰਾਂ ਨੂੰ ਵੋਟ ਦੇ ਕੇ ਲੋਕਤੰਤਰ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਲਈ ਭਾਈਚਾਰਕ-ਆਧਾਰਿਤ ਸੰਸਥਾਵਾਂ (Community-Based Organization, CBO) ਨਾਲ ਜੁੜਦੀਆਂ ਹਨ। |
| CCR | ਕੈਲੀਫੋਰਨੀਆ ਦੇ ਨਿਯਮਾਂ ਦਾ ਕੋਡ (Code of California Regulations, CCR) | ਕਨੂੰਨੀ ਦਸਤਾਵੇਜ਼ ਜਿਸ ਵਿੱਚ ਕੈਲੀਫੋਰਨੀਆ ਸੇਕ੍ਰੇਟਰੀ ਔਫ਼ ਸਟੇਟ ਰਾਜ ਦੇ ਚੋਣ ਕਾਨੂੰਨ ਨੂੰ ਇਕਸਾਰ ਲਾਗੂ ਕਰਨ ਅਤੇ ਪ੍ਰਸ਼ਾਸਨ ਨੂੰ ਯਕੀਨੀ ਬਣਾਉਣ ਲਈ ਨਿਯਮਾਂ ਨੂੰ ਕੋਡੀਫਾਈ ਕਰਦਾ ਹੈ। |
| ਰਜਿਸਟ੍ਰੇਸ਼ਨ ਦਾ ਬੰਦ ਹੋਣਾ | | ਕੈਲੀਫੋਰਨੀਆ ਵਿੱਚ, ਕਿਸੇ ਵੀ ਚੋਣ ਲਈ ਵੋਟ ਪਾਉਣ ਲਈ ਰਜਿਸਟਰ ਕਰਨ ਦੀ ਸਮਾਪਤੀ ਚੋਣਾਂ ਵਾਲੇ ਦਿਨ ਤੋਂ 15 ਦਿਨਾਂ ਪਹਿਲਾਂ ਦੀ ਹੁੰਦੀ ਹੈ।<br><br>ਇਨ੍ਹਾਂ 15-ਦਿਨਾਂ ਦੀ ਵੋਟਰ ਰਜਿਸਟ੍ਰੇਸ਼ਨ ਸਮਾਪਤੀ ਸੀਮਾਂ ਦੇ ਬਾਅਦ ਵੋਟਰ ਆਪਣੇ ਕਾਉਂਟੀ ਦੇ ਚੋਣ ਦਫ਼ਤਰ ਵਿੱਚ ਜਾਕੇ "ਸ਼ਰਤੀਆਂ ਤੌਰ ਤੇ" ਰਜਿਸਟਰ ਕਰ ਸਕਦੇ ਹਨ ਅਤੇ ਵੋਟ ਪਾ ਸਕਦੇ ਹਨ। ਵਧੇਰੇ ਜਾਣਕਾਰੀ ਲਈ ਸ਼ਰਤੀਆਂ ਤੌਰ ਤੇ ਵੋਟਰ ਰਜਿਸਟ੍ਰੇਸ਼ਨ ਦੇਖੋ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| COVR | VoteCal ਕੈਲੀਫੋਰਨੀਆ ਔਨਲਾਈਨ ਵੋਟਰ ਰਜਿਸਟ੍ਰੇਸ਼ਨ (California Online Voter Registration, COVR) | ਕੈਲੀਫੋਰਨੀਆ ਸੇਕ੍ਰੇਟਰੀ ਔਫ਼ ਸਟੇਟ ਦੀ ਵੈੱਬਸਾਈਟ ਦੇ ਜਰੀਏ ਔਨਲਾਈਨ ਵੋਟਰ ਰਜਿਸਟ੍ਰੇਸ਼ਨ। |
| CVIG | ਕਾਉਂਟੀ ਮਤਦਾਤਾ ਜਾਣਕਾਰੀ ਗਾਈਡ (County Voter Information Guide,CVIG) | ਕਾਉਂਟੀ ਚੋਣ ਅਧਿਕਾਰੀ ਦੁਆਰਾ ਤਿਆਰ ਕੀਤੀ, ਅਨੁਵਾਦ ਕੀਤੀ ਗਈ ਅਤੇ ਪ੍ਰਿੰਟ ਕੀਤੀ ਗਈ ਇੱਕ ਕਿਤਾਬ ਜਿਸ ਵਿੱਚ ਮਹੱਤਵਪੂਰਨ ਜਾਣਕਾਰੀ ਸ਼ਾਮਲ ਹੈ, ਜਿਵੇਂ ਕਿ ਬੈਲਟ ਡ੍ਰੌਪ-ਬੌਕਸ ਦੇ ਟਿਕਾਣੇ ਅਤੇ ਵੋਟ ਕੇਂਦਰਾਂ ਦੀ ਸੂਚੀ; ਅਧਿਕਾਰਤ ਬੈਲਟ ਦਾ ਨਮੂਨਾ (ਨਮੂਨਾ ਬੈਲਟ ਦੇਖੋ); ਉਮੀਦਵਾਰਾਂ ਦੇ ਬਿਆਨ; ਕਾਨੂੰਨੀ ਟੈਕਸਟ, ਨਿਰਪੱਖ ਵਿਸ਼ਲੇਸ਼ਣ, ਅਤੇ ਸਥਾਨਕ ਬੈਲਟ ਵਿਧੇਅਕਾਂ ਦੇ ਪੱਖ ਵਿੱਚ ਜਾਂ ਵਿਰੁੱਧ ਪੇਸ਼ ਕੀਤੀਆਂ ਗਈਆਂ ਦਲੀਲਾਂ; ਪਹੁੰਚਯੋਗ ਕਾਉਂਟੀ ਮਤਦਾਤਾ ਜਾਣਕਾਰੀ ਗਾਈਡ (CVIG), ਪ੍ਰਤੀਕਿਰਤੀ ਬੈਲਟ, ਅਤੇ ਬੈਲਟ ਡ੍ਰੌਪ ਬੌਕਸ ਅਤੇ ਵੋਟ ਕੇਂਦਰ ਦੇ ਟਿਕਾਣਿਆਂ ਲਈ ਵੈੱਬਸਾਈਟ ਪਤੇ; ਰਾਜ ਅਤੇ/ਜਾਂ ਕਾਉਂਟੀ ਵੋਟਰ ਜਾਣਕਾਰੀ ਗਾਈਡ ਦੀਆਂ ਕਾਗਜ਼ੀ ਕਾਪੀਆਂ ਪ੍ਰਾਪਤ ਕਰਨ ਤੋਂ ਔਪਟ-ਆਊਟ ਕਰਨ ਅਤੇ ਇਸ ਦੀ ਬਜਾਏ ਇਲੈਕਟ੍ਰਾਨਿਕ ਸੰਸਕਰਣ ਦਾ ਲਿੰਕ ਪ੍ਰਾਪਤ ਕਰਨ ਲਈ ਇੱਕ ਅਰਜ਼ੀ ਫਾਰਮ; ਅਤੇ ਇੱਕ ਰਿਮੋਟ ਪਹੁੰਚਯੋਗ ਵਾਲਾ ਡਾਕ-ਰਾਹੀਂ-ਵੋਟ ਬੈਲਟ ਅਰਜ਼ੀ ਫਾਰਮ। ਕਾਉਂਟੀ ਮਤਦਾਤਾ ਜਾਣਕਾਰੀ ਗਾਈਡ (CVIG) ਲਗਭਗ 40 ਦਿਨ ਪਹਿਲਾਂ ਡਾਕ ਰਾਹੀਂ ਭੇਜੀ ਜਾਂਦੀ ਹੈ, ਪਰ ਕਿਸੇ ਚੋਣ ਤੋਂ ਘੱਟੋ-ਘੱਟ 29 ਦਿਨ ਪਹਿਲਾਂ ਤੱਕ। ਵੋਟ ਪਾਉਣ ਦੀ ਮਿਆਦ ਦੇ ਦੌਰਾਨ ਕਾਉਂਟੀ ਚੋਣਾਂ ਦੀ ਵੈੱਬਸਾਈਟ 'ਤੇ ਇੱਕ ਔਨਲਾਈਨ ਪਹੁੰਚਯੋਗ ਸੰਸਕਰਣ ਵੀ ਉਪਲਬਧ ਹੈ। ਪਹਿਲਾਂ ਇਸਨੂੰ ਨਮੂਨਾ ਬੈਲਟ ਪੈਂਫਲੈਟ ਵਜੋਂ ਜਾਣਿਆ ਜਾਂਦਾ ਸੀ।<br>(ਕੈਲੀਫੋਰਨੀਆ ਚੋਣ ਕੋਡ §§13300 - 13317)<br><br>ਇਹ ਸੇਕ੍ਰੇਟਰੀ ਔਫ਼ ਸਟੇਟ ਦੁਆਰਾ ਤਿਆਰ ਰਾਜ ਦੀ ਅਧਿਕਾਰਤ ਵੋਟਰ ਜਾਣਕਾਰੀ ਗਾਈਡ ਵਰਗੀ ਨਹੀਂ ਹੁੰਦੀ ਹੈ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| CVR | ਸ਼ਰਤੀਆ ਵੋਟਰ ਰਜਿਸਟ੍ਰੇਸ਼ਨ (Conditional Voter Registration, CVR) | ਉਸੇ ਦਿਨ ਰਜਿਸਟ੍ਰੇਸ਼ਨ, ਸ਼ਰਤੀਆ ਵੋਟਰ ਰਜਿਸਟ੍ਰੇਸ਼ਨ (CVR) ਯੋਗ ਨਾਗਰਿਕਾਂ ਨੂੰ ਰਜਿਸਟ੍ਰੇਸ਼ਨ ਦੀ ਸਮਾਪਤੀ ਤੋਂ ਬਾਅਦ (ਚੋਣਾਂ ਵਾਲਾ ਦਿਨ ਤੋਂ 14 ਦਿਨ ਪਹਿਲਾਂ ਅਤੇ ਚੋਣਾਂ ਵਾਲੇ ਦਿਨ ਤੱਕ) ਉਸੇ ਦਿਨ ਰਜਿਸਟਰ ਕਰਨ ਅਤੇ ਵੋਟ ਪਾਉਣ ਦਿੰਦਾ ਹੈ। ਸ਼ਰਤੀਆ ਵੋਟਰ ਰਜਿਸਟ੍ਰੇਸ਼ਨ ਕੈਲੀਫੋਰਨੀਆ ਦੇ ਲੋਕਾਂ ਲਈ ਇੱਕ ਸੁਰੱਖਿਆ ਜਾਲ ਹੈ ਜੋ ਵੋਟ ਪਾਉਣ ਲਈ ਰਜਿਸਟਰ ਕਰਨ ਜਾਂ ਆਪਣੀ ਵੋਟਰ ਰਜਿਸਟ੍ਰੇਸ਼ਨ ਜਾਣਕਾਰੀ (ਉਦਾਹਰਨ ਲਈ, ਨਾਮ, ਪਤਾ, ਪਾਰਟੀ ਦੀ ਤਰਜੀਹ ਵਿੱਚ ਬਦਲਾਵ) ਨੂੰ ਅੱਪਡੇਟ ਕਰਨ ਦੀ ਅੰਤਿਮ ਤਾਰੀਖ਼ ਤੋਂ ਖੁੰਝ ਜਾਂਦੇ ਹਨ।<br><br>ਯੋਗ ਨਾਗਰਿਕ ਜਿਨ੍ਹਾਂ ਨੂੰ ਚੋਣ ਦੇ 14 ਦਿਨਾਂ ਦੇ ਅੰਦਰ ਵੋਟ ਪਾਉਣ ਲਈ ਰਜਿਸਟਰ ਜਾਂ ਦੁਬਾਰਾ ਰਜਿਸਟਰ ਕਰਨ ਦੀ ਲੋੜ ਹੁੰਦੀ ਹੈ, ਉਹ ਆਪਣੇ ਕਾਉਂਟੀ ਚੋਣ ਦਫ਼ਤਰ, ਪੋਲਿੰਗ ਸਥਾਨ, ਜਾਂ ਵੋਟ ਕੇਂਦਰ 'ਤੇ ਰਜਿਸਟਰ ਕਰਨ ਅਤੇ ਵੋਟ ਪਾਉਣ ਲਈ ਇਸ ਪ੍ਰਕਿਰਿਆ ਨੂੰ ਪੂਰਾ ਕਰ ਸਕਦੇ ਹਨ। ਕਾਉਂਟੀ ਚੋਣ ਦਫ਼ਤਰ ਵੱਲੋਂ ਵੋਟਰ ਰਜਿਸਟ੍ਰੇਸ਼ਨ ਤਸਦੀਕ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਉਨ੍ਹਾਂ ਦੇ ਬੈਲਟ ਦੀ ਪ੍ਰਕਿਰਿਆ ਅਤੇ ਗਿਣਤੀ ਕੀਤੀ ਜਾਵੇਗੀ। |
| DFM | DFM ਸਹਿਯੋਗੀ | ਵਿਕਰੇਤਾ ਦਾ ਨਾਮ ਜੋ ਸਾਡੀ ਚੋਣ ਪ੍ਰਬੰਧਨ ਸਿਸਟਮ ਦਾ ਸਮਰਥਨ ਕਰਦਾ ਹੈ। |
| DMV | ਮੋਟਰ ਵਹੀਕਲ ਵਿਭਾਗ (Department of Motor Vehicles, DMV) | ਮੋਟਰ ਵਹੀਕਲਜ਼ ਡਿਪਾਰਟਮੈਂਟ (DMV) ਦਫ਼ਤਰਾਂ ਨੂੰ ਗਾਹਕਾਂ ਨੂੰ ਵੋਟ ਪਾਉਣ ਲਈ ਰਜਿਸਟਰ ਕਰਨ ਦਾ ਮੌਕਾ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ ਜਦੋਂ ਉਹ ਆਪਣੇ ਡ੍ਰਾਈਵਰ ਲਾਇਸੰਸ ਜਾਂ ਸਟੇਟ ਆਈਡੀ ਕਾਰਡਾਂ ਲਈ ਅਰਜ਼ੀ ਦਿੰਦੇ ਹਨ ਜਾਂ ਉਨ੍ਹਾਂ ਨੂੰ ਵਿਆਉਂਦੇ ਹਨ ਜਾਂ ਆਪਣੇ ਪਤੇ ਬਦਲਦੇ ਹਨ।<br><br>ਇਸਨੂੰ ਨੈਸ਼ਨਲ ਵੋਟਰ ਰਜਿਸਟ੍ਰੇਸ਼ਨ ਅਧਿਨਿਯਮ (National Voter Registration Act, NVRA) ਦੇ ਤਹਿਤ ਮੋਟਰ ਵੋਟਰ ਕਾਨੂੰਨ ਵਜੋਂ ਵੀ ਜਾਣਿਆ ਜਾਂਦਾ ਹੈ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| EAP | ਚੋਣ ਪ੍ਰਸ਼ਾਸਨ ਯੋਜਨਾ 2024 - 2028 | [ਚੋਣ ਕੋਡ 4005(a)(10)(A)-(J)]<br><br>ਕਾਉਂਟੀ ਚੋਣ ਅਧਿਕਾਰੀ ਦੁਆਰਾ ਵੋਟ ਕੇਂਦਰਾਂ ਦੀ ਥਾਂਵਾਂ, ਬੈਲਟ ਡ੍ਰੌਪ-ਔਫ਼ ਦੇ ਟਿਕਾਣੇ ਸਥਾਪਤ ਕਰਨੇ, ਅਤੇ ਜਨਤਕ ਪਹੁੰਚ ਯੋਜਨਾਵਾਂ ਸਮੇਤ ਕਈ ਤਰ੍ਹਾਂ ਦੇ ਵਿਚਾਰਾਂ ਦੇ ਨਾਲ ਚੋਣਾਂ ਦੇ ਸੰਚਾਲਨ ਬਾਰੇ ਪ੍ਰਸਤਾਵਿਤ ਯੋਜਨਾ।<br><br>• ਡਰਾਫਟ ਯੋਜਨਾ ਨੂੰ ਭਾਈਚਾਰੇ ਦੀ ਰਾਇ ਨਾਲ ਲਿਖਿਆ ਜਾਂਦਾ ਹੈ ਅਤੇ ਜਨਤਕ ਸੁਣਵਾਈ ਦੀ ਪ੍ਰਕਿਰਿਆ ਦੁਆਰਾ ਪੇਸ਼ ਕੀਤਾ ਜਾਂਦਾ ਹੈ।<br>• ਡਰਾਫਟ ਯੋਜਨਾ 'ਤੇ ਜਨਤਕ ਸੁਣਵਾਈ ਤੋਂ ਬਾਅਦ ਇੱਕ ਸੋਧਿਆ ਡਰਾਫਟ ਪਲਾਨ ਜਨਤਕ ਟਿੱਪਣੀ ਲਈ ਪੋਸਟ ਕੀਤਾ ਜਾਂਦਾ ਹੈ।<br>• ਯੋਜਨਾ ਜੋ ਜਨਤਕ ਟਿੱਪਣੀ ਦੀ ਮਿਆਦ ਦੇ ਬਾਅਦ ਅਪਣਾਈ ਗਈ ਫਾਈਨਲ ਯੋਜਨਾ ਹੈ।<br>• ਫਾਈਨਲ ਯੋਜਨਾ ਜੋ ਬਦਲੀ ਜਾਂਦੀ ਹੈ ਅਤੇ ਜਨਤਕ ਟਿੱਪਣੀ ਲਈ ਰੱਖੀ ਜਾਂਦੀ ਹੈ ਉਹ ਸੰਸ਼ੋਧਿਤ ਫਾਈਨਲ ਯੋਜਨਾ ਹੈ।<br><br>ਫਾਈਨਲ ਯੋਜਨਾ ਦੀ ਜਨਤਕ ਤੌਰ 'ਤੇ ਸਮੀਖਿਆ ਕੀਤੀ ਜਾਣੀ ਹੈ, ਅਤੇ ਸੰਭਾਵਤ ਤੌਰ 'ਤੇ, ਅੰਤਿਮ ਜਾਂ ਸੰਸ਼ੋਧਿਤ ਫਾਈਨਲ ਯੋਜਨਾ ਦੀ ਵਰਤੋਂ ਕਰਦੇ ਹੋਏ ਚੋਣ ਕਰਵਾਉਣ ਦੇ ਦੋ ਸਾਲਾਂ ਦੇ ਅੰਦਰ, ਅਤੇ ਉਸ ਤੋਂ ਬਾਅਦ ਹਰ ਚਾਰ ਸਾਲਾਂ ਬਾਅਦ ਸੰਸ਼ੋਧਿਤ ਕੀਤੀ ਜਾਣੀ ਹੈ। |
| EC | ਚੋਣ ਜ਼ਾਬਤਾ (Elections Code, EC) | ਕਾਨੂੰਨ ਜੋ ਕੈਲੀਫੋਰਨੀਆ ਵਿੱਚ ਚੋਣਾਂ ਦੇ ਪ੍ਰਸ਼ਾਸਨ ਨੂੰ ਨਿਯੰਤ੍ਰਿਤ ਕਰਦਾ ਹੈ। |
| EIMS | ਚੋਣ ਸੂਚਨਾ ਪ੍ਰਬੰਧਨ ਸਿਸਟਮ (Election Information Management System, EIMS) | ਸਾਡੇ ਵਿਕਰੇਤਾ DFM ਐਸੋਸੀਏਟਸ ਦੁਆਰਾ ਸਪਲਾਈ ਕੀਤੇ ਗਏ ਸੌਫਟਵੇਅਰ ਅਤੇ ਡੇਟਾਬੇਸ ਪ੍ਰੋਗਰਾਮ ਦਾ ਨਾਂ। EIMS, Yolo ਕਾਉਂਟੀ ਦਾ ਚੋਣ ਪ੍ਰਬੰਧਨ ਸਿਸਟਮ ਹੈ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| ਚੋਣ ਕਰਮੀ | | ਚੋਣ ਕਰਮੀ ਚੋਣ ਦਫ਼ਤਰ ਅਤੇ ਵੋਟਰਾਂ ਦੇ ਵਿਚਕਾਰ ਇੱਕ ਮਹੱਤਵਪੂਰਣ ਕੜੀ ਹਨ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ। ਚੋਣ ਕਰਮੀ ਲੋਕਤੰਤਰ ਦੀ ਫ੍ਰੰਟ ਲਾਈਨ (ਸਾਮ੍ਹਣੇ ਦਿੱਸਣ ਵਾਲੀ ਕੜੀ) ਹੁੰਦੇ ਹਨ, ਵੋਟਰਾਂ 'ਤੇ ਪ੍ਰਕਿਰਿਆ ਕਰਨਾ, ਬੈਲਟ ਜਾਰੀ ਕਰਨਾ, ਵੋਟਿੰਗ ਦੇ ਸਾਜ਼ੋ-ਸਾਮਾਨ ਦੀ ਸਾਂਭ-ਸੰਭਾਲ, ਬੈਲਟ ਡ੍ਰੌਪ ਬੌਕਸਾਂ ਤੋਂ ਬੈਲਟ ਪ੍ਰਾਪਤ ਕਰਨਾ ਅਤੇ ਹਰ ਰੋਜ਼ ਵੋਟਾਂ ਦੀ ਸਮਾਪਤੀ ਤੋਂ ਬਾਅਦ ਵੋਟ ਕੇਂਦਰਾਂ ਤੋਂ ਚੋਣ ਦਫ਼ਤਰ ਤੱਕ ਬੈਲਟ ਪਹੁੰਚਾਉਣ।<br><br>ਚੋਣ ਕਰਮੀਆਂ ਨੂੰ ਪੋਲ ਵਰਕਰ ਵੀ ਕਿਹਾ ਜਾਂਦਾ ਹੈ। |
| EMS | ਚੋਣ ਪ੍ਰਬੰਧਨ ਸਿਸਟਮ (Election Management System, EMS) | ਕਾਉਂਟੀ ਦੇ ਕੰਪਿਊਟਰ ਪ੍ਰੋਗਰਾਮ ਅਤੇ ਡੇਟਾਬੇਸ ਲਈ ਆਮ ਸ਼ਬਦ ਜੋ ਵੋਟਰ ਰਜਿਸਟ੍ਰੇਸ਼ਨ, ਪ੍ਰਾਂਤ, ਜ਼ਿਲ੍ਹੇ, ਉਮੀਦਵਾਰ, ਚੋਣ ਪਰਿਭਾਸ਼ਾ, ਡਾਕ-ਰਾਹੀਂ-ਵੋਟ ਬੈਲਟ 'ਤੇ ਦਸਤਖ਼ਤ ਦੀ ਤਸਦੀਕ, ਅਤੇ ਵੋਟਰ ਦੀ ਭਾਗੀਦਾਰੀ ਦੇ ਇਤਿਹਾਸ ਦਾ ਪ੍ਰਬੰਧਨ ਕਰਦਾ ਹੈ।<br><br>ਕਾਉਂਟੀ ਦੇ EMS ਨੂੰ ਰਾਜ ਦੇ VoteCal ਵੋਟਰ ਰਜਿਸਟ੍ਰੇਸ਼ਨ ਸਿਸਟਮ ਨਾਲ ਅਸਲ-ਸਮੇਂ ਵਿੱਚ ਇੰਟਰਫੇਸ ਕਰਨਾ ਚਾਹੀਦਾ ਹੈ। |
| EO | ਚੋਣ ਅਧਿਕਾਰੀ (Elections Official, EO) | |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| ePB | ਇਲੈਕਟ੍ਰਾਨਿਕ ਪੋਲਬੁੱਕ (Electronic Pollbook, ePB) | Yolo ਕਾਉਂਟੀ ਦੀ ਇਲੈਕਟ੍ਰਾਨਿਕ ਪੋਲਬੁੱਕ, ਜੋ ਕਿ ਇੱਕ ਆਈਪੈਡ ਟੈਬਲੈੱਟ ਹੈ, ਸਾਡੇ ਵਿਕਰੇਤਾ, ਟੇਨੇਕਸ ਸੌਫਟਵੇਅਰ ਸੋਲਿਊਸ਼ਨ ਦੁਆਰਾ ਸਮਰਥਿਤ ਹੈ। ਟੇਨੇਕਸ ਈ-ਪੋਲਬੁੱਕ ਕੈਲੀਫੋਰਨੀਆ ਦੇ ਸੇਕ੍ਰੇਟਰੀ ਔਫ਼ ਸਟੇਟ ਦੁਆਰਾ ਪ੍ਰਮਾਣਿਤ ਹੈ। ਸਿਸਟਮ ਲੋੜਾਂ ਨੂੰ ਹੇਠਾਂ ਵਧੇਰੇ ਪਰਿਭਾਸ਼ਿਤ ਕੀਤਾ ਗਿਆ ਹੈ।<br><br>ਇੱਕ ਸਿਸਟਮ ਜਿਸ ਵਿੱਚ ਰਜਿਸਟਰ ਹੋਏ ਵੋਟਰਾਂ ਦੀ ਇਲੈਕਟ੍ਰਾਨਿਕ ਸੂਚੀ ਸ਼ਾਮਲ ਹੁੰਦੀ ਹੈ ਅਤੇ ਜਿਸਨੂੰ ਵੋਟ ਕੇਂਦਰ ਵਿੱਚ ਲਿਜਾਇਆ ਅਤੇ ਵਰਤਿਆ ਜਾ ਸਕਦਾ ਹੈ। ਇਹ ਚੋਣ ਵਿੱਚ ਵੋਟ ਪਾਉਣ ਦੇ ਯੋਗ ਰਜਿਸਟਰ ਹੋਏ ਵੋਟਰਾਂ ਦੀ ਅਧਿਕਾਰਤ ਸੂਚੀ ਹੈ; ਇਸਦੀ ਵਰਤੋਂ ਵੋਟਰ ਦੀ ਬੈਲਟ ਪ੍ਰਾਪਤ ਕਰਨ ਦੀ ਯੋਗਤਾ ਦੀ ਪੁਸ਼ਟੀ ਕਰਨ ਲਈ ਕੀਤੀ ਜਾਂਦੀ ਹੈ ਅਤੇ ਦੋਹਰੇ ਵੋਟ ਪਾਉਣ ਨੂੰ ਰੋਕਣ ਲਈ ਅਸਲ ਸਮੇਂ ਵਿੱਚ ਵੋਟਰ ਦੇ ਇਤਿਹਾਸ ਨੂੰ ਕੈਪਚਰ ਕਰਦਾ ਹੈ। ਇਲੈਕਟ੍ਰਾਨਿਕ ਪੋਲਬੁੱਕਸ ਨੂੰ ਕਿਸੇ ਵੋਟਿੰਗ ਸਿਸਟਮ ਨਾਲ ਕਨੈਕਟ ਨਹੀਂ ਕੀਤਾ ਜਾ ਸਕਦਾ ਹੈ ਅਤੇ ਨਿਰੰਤਰ ਕਾਰਜਾਂ ਲਈ ਬੈਕਅੱਪ ਪਾਵਰ ਹੋਣੀ ਲਾਜ਼ਮੀ ਹੈ।<br><br>1. ਇੱਕ ਇਲੈਕਟ੍ਰਾਨਿਕ ਪੋਲਬੁੱਕ ਵਿੱਚ ਘੱਟੋ-ਘੱਟ, ਹੇਠਾਂ ਦਿੱਤੇ ਸਾਰੇ ਵੋਟਰ ਰਜਿਸਟ੍ਰੇਸ਼ਨ ਡੇਟਾ ਸ਼ਾਮਲ ਹੋਣਗੇ: ਨਾਮ, ਪਤਾ, ਜ਼ਿਲ੍ਹਾ/ਪ੍ਰਾਂਤ, ਪਾਰਟੀ ਤਰਜੀਹ, ਵੋਟਰ ਸਥਿਤੀ, ਭਾਵੇਂ ਵੋਟਰ ਨੂੰ ਡਾਕ-ਰਾਹੀਂ-ਵੋਟ ਬੈਲਟ ਜਾਰੀ ਕੀਤਾ ਗਿਆ ਹੈ ਜਾਂ ਨਹੀਂ, ਭਾਵੇਂ ਡਾਕ-ਰਾਹੀਂ-ਵੋਟ ਬੈਲਟ ਨੂੰ ਚੋਣ ਅਧਿਕਾਰੀ ਦੁਆਰਾ ਸਵੀਕਾਰ ਕੀਤੇ ਅਨੁਸਾਰ ਰਿਕਾਰਡ ਕੀਤਾ ਗਿਆ ਹੈ ਜਾਂ ਨਹੀਂ, ਅਤੇ, ਵੋਟਰ ਦੀ ਪਛਾਣ ਦੀ ਪੁਸ਼ਟੀ ਹੋਣੀ ਲਾਜ਼ਮੀ ਹੈ ਜਾਂ ਨਹੀਂ (ਸਿਰਫ਼ ਸੰਘੀ ਚੋਣਾਂ ਵਿੱਚ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰ)।<br><br>2. ਇੱਕ ਇਲੈਕਟ੍ਰਾਨਿਕ ਪੋਲਬੁੱਕ ਵਿੱਚ ਹੇਠਾਂ ਦਿੱਤਾ ਵੋਟਰ ਰਜਿਸਟ੍ਰੇਸ਼ਨ ਡੇਟਾ ਸ਼ਾਮਲ ਨਹੀਂ ਹੋਵੇਗਾ: ਡ੍ਰਾਈਵਰ ਲਾਇਸੈਂਸ ਨੰਬਰ, ਜਾਂ ਸਮਾਜਿਕ ਸੁਰੱਖਿਆ ਨੰਬਰ ਦਾ ਕੋਈ ਹਵਾਲਾ।<br>(ਕੈਲੀਫੋਰਨੀਆ ਚੋਣ ਕੋਡ §2183) |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| EV | ਸ਼ੁਰੂਆਤੀ ਵੋਟਿੰਗ | ਚੋਣਾਂ ਵਾਲੇ ਦਿਨ ਤੋਂ ਪਹਿਲਾਂ ਵੋਟ ਪਾਉਣ ਦੀ ਮਿਆਦ, ਜਿਸ ਵਿੱਚ ਡਾਕ-ਰਾਹੀਂ-ਵੋਟ ਪਾਉਣ ਅਤੇ ਵਿਅਕਤੀਗਤ ਤੌਰ 'ਤੇ ਵੋਟ ਪਾਉਣਾ ਸ਼ਾਮਲ ਹੈ।<br><br>ਕਾਉਂਟੀ ਚੋਣ ਦਫ਼ਤਰ ਚੋਣਾਂ ਵਾਲੇ ਦਿਨ ਤੋਂ 29 ਦਿਨ ਪਹਿਲਾਂ ਖੁੱਲ੍ਹਾ ਰਹਿੰਦਾ ਹੈ ਜਦੋਂ ਪਹਿਲੀ ਡਾਕ-ਰਾਹੀਂ-ਵੋਟ ਬੈਲਟ ਕਿਰਿਆਸ਼ੀਲ ਰਜਿਸਟਰਡ ਵੋਟਰ ਨੂੰ ਡਾਕ ਰਾਹੀਂ ਭੇਜੀ ਜਾਂਦੀ ਹੈ।<br><br>ਜਦੋਂ ਤੱਕ ਕੋਈ ਵੋਟ ਕੇਂਦਰ ਖੁੱਲ੍ਹਾ ਨਹੀਂ ਹੁੰਦਾ, ਸਾਰੀਆਂ ਵੋਟਾਂ ਨੂੰ ਡਾਕ-ਰਾਹੀਂ-ਵੋਟ ਮੰਨਿਆ ਜਾਂਦਾ ਹੈ। |
| EW | ਚੋਣ ਕਰਮੀ (Election Worker, EW) | ਚੋਣ ਕਰਮੀ ਦੇਖੋ |
| ਪ੍ਰਤੀਕਿਰਤੀ ਬੈਲਟ | ਅਨੁਵਾਦਿਤ ਪ੍ਰਤੀਕਿਰਤੀ ਬੈਲਟ | ਅੰਗਰੇਜ਼ੀ ਵਿੱਚ ਸੀਮਤ ਨਿਪੁੰਨਤਾ ਵਾਲੇ ਵੋਟਰਾਂ ਨੂੰ ਚੋਣ ਪ੍ਰਕਿਰਿਆ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਅਤੇ ਸੁਤੰਤਰ ਤੌਰ 'ਤੇ ਵੋਟ ਪਾਉਣ ਵਿੱਚ ਸਹਾਇਤਾ ਕਰਨ ਲਈ ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ ਕੀਤੇ ਗਏ ਬੈਲਟ ਦੀ ਪ੍ਰਤੀਕਿਰਤੀ।<br><br>ਅਨੁਵਾਦਿਤ ਬੈਲਟ ਦੀ ਇਹ ਕਾਪੀ ਅਧਿਕਾਰਤ ਬੈਲਟ ਨਹੀਂ ਹੁੰਦੀ ਹੈ। ਪ੍ਰਤੀਕਿਰਤੀ ਬੈਲਟ ਨੂੰ ਸਿਰਫ਼ ਅਧਿਕਾਰਤ ਬੈਲਟ ਦੀ ਨਿਸ਼ਾਨਦੇਹੀ ਕਰਦੇ ਸਮੇਂ ਹਵਾਲੇ ਵਜੋਂ ਵਰਤਿਆ ਜਾਣਾ ਚਾਹੀਦਾ ਹੈ। |
| ਸੰਘੀ ਚੋਣਾਂ | | “ਸੰਘੀ ਚੋਣਾਂ” ਦਾ ਅਰਥ ਹੈ ਕੋਈ ਵੀ ਰਾਸ਼ਟਰਪਤੀ ਪੱਦ ਲਈ ਚੋਣਾਂ, ਆਮ ਚੋਣਾਂ, ਪ੍ਰਾਇਮਰੀ ਚੋਣਾਂ, ਜਾਂ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਰਾਸ਼ਟਰਪਤੀ ਚੋਣਕਾਰ, ਸੰਯੁਕਤ ਰਾਜ ਸੈਨੇਟ, ਜਾਂ ਸੰਯੁਕਤ ਰਾਜ ਦੇ ਨੁਮਾਇੰਦੀ ਸਦਨ ਦੇ ਮੈਂਬਰ ਦੇ ਅਹੁਦੇ ਲਈ ਕਿਸੇ ਉਮੀਦਵਾਰ ਨੂੰ ਚੁਣਨਾ, ਨਾਮਜ਼ਦ ਕਰਨਾ ਜਾਂ ਚੁਣਨ ਦੇ ਉਦੇਸ਼ ਲਈ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਆਯੋਜਿਤ ਵਿਸ਼ੇਸ਼ ਚੋਣਾਂ।<br><br>(ਕੈਲੀਫੋਰਨੀਆ ਚੋਣ ਕੋਡ § 323) |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| FPCA | ਫੈਡਰਲ ਪੋਸਟ ਕਾਰਡ ਐਪਲੀਕੇਸ਼ਨ (Federal Post Card Application, FPCA) | ਵੋਟਰ ਰਜਿਸਟ੍ਰੇਸ਼ਨ ਅਤੇ ਡਾਕ-ਰਾਹੀਂ-ਵੋਟ ਬੈਲਟ ਬੇਨਤੀ ਫਾਰਮ<br><br>ਇਹ ਸੰਘੀ ਸਰਕਾਰ ਦਾ ਲਾਲ-ਅਤੇ-ਚਿੱਟਾ ਸਟੈਂਡਰਡ ਫਾਰਮ ਨੰਬਰ 76 ਹੈ, ਜਿਸਦੀ ਵਰਤੋਂ ਵਿਦੇਸ਼ਾਂ ਵਿੱਚ ਰਹਿਣ ਵਾਲੇ ਅਮਰੀਕੀ ਨਾਗਰਿਕਾਂ ਅਤੇ ਫੌਜੀ ਕਰਮਚਾਰੀਆਂ ਦੁਆਰਾ ਵੋਟ ਪਾਉਣ ਲਈ ਰਜਿਸਟਰ ਕਰਨ ਅਤੇ ਡਾਕ-ਰਾਹੀਂ-ਵੋਟ ਬੈਲਟ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਇਹ ਸਿਰਫ਼ ਇੱਕ ਚੋਣ ਸਾਈਕਲ (ਪ੍ਰਾਇਮਰੀ ਅਤੇ ਆਮ) ਲਈ ਜਾਇਜ਼ ਹੁੰਦਾ ਹੈ।<br><br>ਵਰਦੀਧਾਰੀ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਲਈ ਗੈਰਹਾਜ਼ਰੀ ਦਾ ਵੋਟਰ ਅਧਿਨਿਯਮ (Uniformed and Overseas Citizens Absentee Voting Act, UOCAVA). |
| FPPC | ਨਿਰਪੱਖ ਸਿਆਸੀ ਅਭਿਆਸ ਕਮਿਸ਼ਨ (Fair Political Practices Commission, FPPC) | ਨਿਰਪੱਖ ਰਾਜਨੀਤਿਕ ਅਭਿਆਸ ਕਮਿਸ਼ਨ ਇੱਕ ਪੰਜ ਮੈਂਬਰੀ ਸੁਤੰਤਰ, ਨਿਰਪੱਖ ਕਮਿਸ਼ਨ ਹੈ ਜਿਸਦੀ ਰਾਜਨੀਤਿਕ ਸੁਧਾਰ ਐਕਟ ਦੇ ਨਿਰਪੱਖ ਅਤੇ ਪ੍ਰਭਾਵੀ ਪ੍ਰਸ਼ਾਸਨ ਲਈ ਮੁੱਢਲੀ ਜ਼ਿੰਮੇਵਾਰੀ ਹੈ। ਐਕਟ ਮੁਹਿੰਮ ਦੇ ਵਿੱਤ, ਹਿੱਤਾਂ ਦੇ ਟਕਰਾਅ, ਲਾਬਿੰਗ, ਅਤੇ ਸਰਕਾਰੀ ਨੈਤਿਕਤਾ ਨੂੰ ਨਿਯੰਤ੍ਰਿਤ ਕਰਦਾ ਹੈ। ਕਮਿਸ਼ਨ ਦੇ ਉਦੇਸ਼ ਇਹ ਯਕੀਨੀ ਬਨਾਉਣ ਲਈ ਹਨ ਕਿ ਜਨਤਕ ਅਧਿਕਾਰੀ ਸਰਕਾਰੀ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਨਿਰਪੱਖ ਅਤੇ ਨਿਰਪੱਖ ਢੰਗ ਨਾਲ ਕੰਮ ਕਰਦੇ ਹਨ, ਸਰਕਾਰ ਵਿੱਚ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਦੇ ਹਨ, ਅਤੇ ਰਾਜਨੀਤਿਕ ਸਿਸਟਮ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਉਤਸ਼ਾਹਿਤ ਕਰਦੇ ਹਨ।<br><br>1974 ਦਾ ਰਾਜਨੀਤਿਕ ਸੁਧਾਰ ਐਕਟ। ਸਰਕਾਰੀ ਕੋਡ ਸਿਰਲੇਖ 9 ਸਿਆਸੀ ਸੁਧਾਰ [81000-91014]।<br>(ਸਿਰਲੇਖ 9, 4 ਜੂਨ, 1974, ਪਹਿਲ ਪ੍ਰਸਤਾਵ 9 ਦੁਆਰਾ ਜੋੜਿਆ ਗਿਆ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| FVAP | ਸੰਘੀ ਵੋਟਿੰਗ ਸਹਾਇਤਾ ਪ੍ਰੋਗਰਾਮ (Federal Voting Assistance Program, FVAP) | ਸੰਘੀ ਵੋਟਿੰਗ ਸਹਾਇਤਾ ਪ੍ਰੋਗਰਾਮ (www.fvap.gov) ਇਹ ਯਕੀਨੀ ਬਣਾਉਣ ਲਈ ਕੰਮ ਕਰਦਾ ਹੈ ਕਿ ਦੇਸ਼ ਦੀ ਸੇਵਾ ਕਰਨ ਵਾਲੇ ਮੈਂਬਰ, ਉਨ੍ਹਾਂ ਦੇ ਯੋਗ ਪਰਿਵਾਰਕ ਮੈਂਬਰ, ਅਤੇ ਵਿਦੇਸ਼ੀ ਨਾਗਰਿਕ ਆਪਣੇ ਵੋਟ ਦੇ ਅਧਿਕਾਰ ਤੋਂ ਜਾਣੂ ਹਨ ਅਤੇ ਅਜਿਹਾ ਕਰਨ ਲਈ ਦੁਨੀਆ ਵਿੱਚ ਕਿਤੇ ਵੀ ਉਨ੍ਹਾਂ ਕੋਲ ਸਫਲਤਾਪੂਰਵਕ ਸਾਧਨ ਅਤੇ ਸੋਮੇ ਮੌਜੂਦ ਹਨ।<br><br>FVAP ਦਾ ਡਾਇਰੈਕਟਰ ਸੇਕ੍ਰੇਟਰੀ ਔਫ਼ ਡਿਫੈਂਸ ਵਲੋਂ ਵਰਦੀਧਾਰੀ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਲਈ ਗੈਰਹਾਜ਼ਰੀ ਦਾ ਵੋਟਰ ਅਧਿਨਿਯਮ (UOCAVA) ਦਾ ਸੰਚਾਲਨ ਕਰਦਾ ਹੈ। UOCAVA, ਜਿਵੇਂ ਕਿ ਮਿਲਟਰੀ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਵੋਟਰਾਂ ਦੇ ਸਸ਼ਕਤੀਕਰਨ (Military and Overseas Voter Empowerm, MOVE) ਅਧਿਨਿਯਮ ਦੁਆਰਾ ਸੋਧਿਆ ਗਿਆ ਹੈ, ਰਾਜਾਂ ਨੂੰ ਕਿਸੇ ਵੀ ਸੰਘੀ ਚੋਣ ਤੋਂ 45 ਦਿਨ ਪਹਿਲਾਂ UOCAVA ਵੋਟਰਾਂ ਨੂੰ ਬੇਨਤੀ ਕੀਤੇ ਗੈਰਹਾਜ਼ਰੀ ਦੇ ਬੈਲਟ ਭੇਜਣ ਦੀ ਮੰਗ ਕਰਦਾ ਹੈ। ਉਹ ਨਾਗਰਿਕ ਜੋ UOCAVA ਦੁਆਰਾ ਸੁਰੱਖਿਅਤ ਹਨ, ਉਨ੍ਹਾਂ ਵਿੱਚ ਸ਼ਾਮਲ ਹਨ:<br><br>• ਵਰਦੀਧਾਰੀ ਸੇਵਾਵਾਂ ਦੇ ਮੈਂਬਰ (ਫੌਜ, ਨੇਵੀ, ਮਰੀਨ ਕੋਰਪ, ਏਅਰ ਫੋਰਸ, ਕੋਸਟ ਗਾਰਡ, ਯੂਨਾਈਟਿਡ ਸਟੇਟ ਪਬਲਿਕ ਹੈਲਥ ਸਰਵਿਸ ਕਮਿਸ਼ਨਡ ਕੋਰਪ, ਅਤੇ ਨੈਸ਼ਨਲ ਓਸ਼ੀਅਨ ਅਤੇ ਵਾਯੂਮੰਡਲ ਐਡਮਨਿਸਟ੍ਰੇਸ਼ਨ ਕਮਿਸ਼ਨਡ ਕੋਰਪ)<br>• ਮਰਚੈਂਟ ਮਰੀਨਸ ਦੇ ਮੈਂਬਰ<br>• ਉੱਤੇ ਦੱਸੇ ਗਏ ਵਿਅਕਤੀਆਂ ਦੇ ਯੋਗ ਪਾਰਿਵਾਰਕ ਮੈਂਬਰ<br>• ਅਮਰੀਕਾ ਤੋਂ ਬਾਹਰ ਰਹਿਣ ਵਾਲੇ ਅਮਰੀਕੀ ਨਾਗਰਿਕ<br><br>FVAP ਮਿਲਟਰੀ ਸਰਵਿਸਿਜ਼, ਡਿਪਾਰਟਮੈਂਟ ਔਫ਼ ਸਟੇਟ, ਡਿਪਾਰਟਮੈਂਟ ਔਫ਼ ਜਸਟਿਸ, 50 ਰਾਜਾਂ ਦੇ ਚੋਣ ਅਧਿਕਾਰੀਆਂ, ਯੂ. ਐੱਸ. ਟੈਰੀਟਰੀਜ਼, ਅਤੇ ਡਿਸਟ੍ਰਿਕਟ ਔਫ਼ ਕੋਲੰਬੀਆ ਨਾਲ ਭਾਈਵਾਲੀ ਕਰਕੇ ਵੋਟਰਾਂ ਦੀ ਮਦਦ ਕਰਦਾ ਹੈ। |
| FWAB | ਸੰਘੀ ਰਾਈਟ-ਇਨ ਗੈਰਹਾਜ਼ਰ ਵਿਅਕਤੀ ਦਾ ਬੈਲਟ (Federal Write-In Absentee Ballot, FWAB) | ਸੰਘੀ ਰਾਈਟ-ਇਨ ਗੈਰਹਾਜ਼ਰ ਵਿਅਕਤੀ ਦਾ ਬੈਲਟ ਵਰਦੀਧਾਰੀ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਲਈ ਗੈਰਹਾਜ਼ਰੀ ਦਾ ਵੋਟਰ ਅਧਿਨਿਯਮ (UOCAVA) ਨਾਗਰਿਕਾਂ ਲਈ ਇੱਕ ਐਮਰਜੈਂਸੀ ਬੈਕਅੱਪ ਬੈਲਟ ਹੈ ਜਿਨ੍ਹਾਂ ਨੂੰ ਚੋਣਾਂ ਵਿੱਚ ਹਿੱਸਾ ਲੈਣ ਲਈ ਸਮੇਂ ਸਿਰ ਆਪਣੇ ਰਾਜ ਤੋਂ ਗੈਰਹਾਜ਼ਰ ਵਿਅਕਤੀ ਦਾ ਬੈਲਟ ਪ੍ਰਾਪਤ ਨਹੀਂ ਹੋਇਆ ਹੈ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
| --- | --- | --- |
| ਹਾਰਟ | ਹਾਰਟ ਇੰਟਰਸਿਵਿਕ (Hart InterCivic) | ਵਿਕਰੇਤਾ ਦਾ ਨਾਮ ਜੋ ਸਾਡੀ ਪ੍ਰਮਾਣਿਤ ਵੋਟਿੰਗ ਸਿਸਟਮ ਦਾ ਸਮਰਥਨ ਕਰਦਾ ਹੈ। |
| HAVA | ਅਮਰੀਕਾ ਵੋਟ ਐਕਟ ਦੀ ਮਦਦ ਕਰੋ | 2002 ਦੇ ਅਮਰੀਕਾ ਵੋਟ ਐਕਟ (HAVA) ਦੀ ਮਦਦ ਕਰੋ |
| LAAC | ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ (Language Accessibility Advisory Committee, LAAC) | [ਚੋਣ ਕੋਡ 4005(a)(9)(A)]<br><br>ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ – ਇੱਕ ਕਾਉਂਟੀ ਸਲਾਹਕਾਰ ਕਮੇਟੀ, ਜਿਸ ਵਿੱਚ ਉਸ ਕਾਉਂਟੀ ਦੇ ਅੰਦਰ ਸਾਰੀਆਂ ਭਾਸ਼ਾਈ ਤੌਰ ਤੇ ਘੱਟ ਗਿਣਤੀ ਵਾਲੇ ਭਾਈਚਾਰਿਆਂ ਦੇ ਨੁਮਾਇੰਦੇ ਹੁੰਦੇ ਹਨ, ਜੋ ਭਾਸ਼ਾਈ ਤੌਰ ਤੇ ਘੱਟ ਗਿਣਤੀ ਵਾਲੇ ਭਾਈਚਾਰਿਆਂ ਲਈ ਰਜਿਸਟ੍ਰੇਸ਼ਨ ਅਤੇ ਵੋਟਿੰਗ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਚੋਣ ਪ੍ਰਸ਼ਾਸਨ ਲਈ ਰਾਇ ਪੇਸ਼ ਕਰਦੀ ਹੈ। |
| LAT ਜਾਂ L&A | ਤਰਕ ਅਤੇ ਸ਼ੁੱਧਤਾ ਟੈਸਟਿੰਗ (Logic and Accuracy Testing, L&A) | ਨਿਯਮਾਂ ਅਨੁਸਾਰ ਹਰੇਕ ਚੋਣ ਤੋਂ ਪਹਿਲਾਂ ਵੋਟਿੰਗ ਸਿਸਟਮਾਂ 'ਤੇ ਤਰਕ ਅਤੇ ਸ਼ੁੱਧਤਾ ਟੈਸਟਿੰਗ ਕੀਤੇ ਜਾਣ ਦੀ ਲੋੜ ਹੁੰਦੀ ਹੈ ਅਤੇ ਇਹ ਸੁਨਿਚਿਤ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ ਕਿ ਚੋਣਾਂ ਦੌਰਾਨ ਪ੍ਰੋਗਰਾਮਿੰਗ, ਤੈਨਾਤੀ, ਅਤੇ ਵੋਟਿੰਗ ਸਾਜ਼ੋ-ਸਾਮਾਨ ਦੀ ਵਰਤੋਂ ਲਈ ਖਾਸ ਪ੍ਰਕਿਰਿਆਵਾਂ ਨੂੰ ਪੂਰਾ ਕੀਤਾ ਗਿਆ ਹੈ। |
| ਰਿਹਾਇਸ਼ ਦੀ ਥਾਂ | | ਰਿਹਾਇਸ਼ ਦਾ ਪਤਾ ਜਿੱਥੇ ਵੋਟਰ ਰਹਿ ਰਿਹਾ ਹੈ।<br><br>ਜੇਕਰ ਕੋਈ ਸੜਕ ਪਤਾ ਨਹੀਂ ਹੈ, ਤਾਂ ਕ੍ਰਾਸ ਸਟਰੀਟ ਦਾ ਵੇਰਵਾ ਜਿੱਥੇ ਉਹ ਰਹਿ ਰਹੇ ਹਨ।<br><br>ਰਿਹਾਇਸ਼ ਦਾ ਪਤਾ ਜਾਂ ਰਹਿਣ ਦੀ ਥਾਂ ਵੋਟਰ ਦੇ ਰਹਿਣ ਵਾਲੇ ਖੇਤਰ ਅਤੇ ਜ਼ਿਲ੍ਹਿਆਂ ਨੂੰ ਨਿਰਧਾਰਿਤ ਕਰਦਾ ਹੈ ਜਿਸ ਨਾਲ ਇਹ ਨਿਰਧਾਰਿਤ ਹੁੰਦਾ ਹੈ ਕਿ ਵੋਟਰ ਕਿਸ ਚੋਣ-ਪ੍ਰਤੀਯੋਗਤਾ 'ਤੇ ਵੋਟ ਪਾ ਸਕਦਾ/ਦੀ ਹੈ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| MOVE/ਮੂਵ ਅਧਿਨਿਯਮ | ਮਿਲਟਰੀ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਵੋਟਰਾਂ ਦੇ ਸਸ਼ਕਤੀਕਰਨ (Military and Overseas Voter Empowerment Act, MOVE) | ਮਿਲਟਰੀ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਵੋਟਰਾਂ ਦੇ ਸਸ਼ਕਤੀਕਰਨ (MOVE) ਨੇ ਸੇਵਾ ਮੈਂਬਰਾਂ, ਉਨ੍ਹਾਂ ਦੇ ਯੋਗ ਪਰਿਵਾਰਕ ਮੈਂਬਰਾਂ, ਅਤੇ ਹੋਰ ਵਿਦੇਸ਼ੀ ਨਾਗਰਿਕਾਂ ਲਈ ਵਧੇਰੇ ਸੁਰੱਖਿਆ ਪ੍ਰਦਾਨ ਕਰਨ ਲਈ ਵਰਦੀਧਾਰੀ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਲਈ ਗੈਰਹਾਜ਼ਰੀ ਦਾ ਵੋਟਰ ਅਧਿਨਿਯਮ (UOCAVA) ਅਤੇ ਹੋਰ ਕਾਨੂੰਨਾਂ ਵਿੱਚ ਸੋਧ ਕੀਤੀ ਗਈ ਹੈ। ਹੋਰ ਨਿਯਮਾਂ ਵਿੱਚ, MOVE ਅਧਿਨਿਯਮ ਰਾਜਾਂ ਨੂੰ ਸੰਘੀ ਚੋਣਾਂ ਤੋਂ ਘੱਟੋ-ਘੱਟ 45 ਦਿਨ ਪਹਿਲਾਂ UOCAVA ਵੋਟਰਾਂ ਨੂੰ ਗੈਰਹਾਜ਼ਰ ਵਿਅਕਤੀ ਦਾ ਬੈਲਟ ਭੇਜਣ ਦੀ ਮੰਗ ਕਰਦਾ ਹੈ। |
| NCOA | ਪਤੇ ਦੀ ਰਾਸ਼ਟਰੀ ਤਬਦੀਲੀ (National Change of Address, NCOA) | ਸੁਰੱਖਿਅਤ ਰਾਸ਼ਟਰੀ ਡੇਟਾਬੇਸ ਜਿਸ ਵਿੱਚ 160 ਮਿਲੀਅਨ ਸਥਾਈ ਪਰਿਵਰਤਨ-ਦੇ-ਪਤੇ ਦੇ ਰਿਕਾਰਡ ਹਨ। NCOA ਸੰਯੁਕਤ ਰਾਜ ਦੀ ਡਾਕ ਸੇਵਾ ਦਾ ਇੱਕ ਉਤਪਾਦ ਹੈ। |
| NVRA | ਰਾਸ਼ਟਰੀ ਵੋਟਰ ਰਜਿਸਟ੍ਰੇਸ਼ਨ ਅਧਿਨਿਯਮ (National Voter Registration Act, NCOA) | ਇਸਨੂੰ "ਮੋਟਰ ਵੋਟਰ ਕਾਨੂੰਨ" ਵਜੋਂ ਵੀ ਜਾਣਿਆ ਜਾਂਦਾ ਹੈ, ਜਿਸਨੂੰ 1993 ਵਿੱਚ ਅਮਰੀਕਾ ਦੀ ਕਾਂਗਰਸ ਦੁਆਰਾ ਅਪਣਾਇਆ ਗਿਆ ਸੀ। ਰਾਸ਼ਟਰੀ ਵੋਟਰ ਰਜਿਸਟ੍ਰੇਸ਼ਨ ਅਧਿਨਿਯਮ (NVRA) ਦੇ ਵੋਟਰ ਰਜਿਸਟ੍ਰੇਸ਼ਨ ਨਾਲ ਸੰਬੰਧਿਤ ਦੋ ਪ੍ਰਮੁੱਖ ਪਹਿਲੂ ਹਨ:<br>• ਸੂਚੀ ਦੇ ਰੱਖ-ਰਖਾਅ ਰਾਹੀਂ ਸਹੀ ਵੋਟਰ ਸੂਚੀਆਂ ਨੂੰ ਬਣਾਈ ਰੱਖਣਾ ਅਤੇ<br>• ਇਹ ਯਕੀਨੀ ਬਣਾਉਣਾ ਕਿ ਹਰੇਕ ਯੋਗ ਨਾਗਰਿਕ ਨੂੰ ਮੋਟਰ ਵਾਹਨ ਵਿਭਾਗ (Department of Motor Vehicles, DMV) ਅਤੇ ਮਨੋਨੀਤ NVRA ਵੋਟਰ ਰਜਿਸਟ੍ਰੇਸ਼ਨ ਏਜੰਸੀਆਂ (Voter Registration Agencies, VRAs) ਰਾਹੀਂ ਵੋਟ ਪਾਉਣ ਲਈ ਰਜਿਸਟਰ ਕਰਨ ਦਾ ਮੌਕਾ ਮਿਲੇ।<br><br>ਲੋੜਾਂ ਵਿੱਚ ਵੋਟਰ ਟਰੈਕਿੰਗ, ਆਊਟਰੀਚ, ਰੱਦ ਕਰਨ ਲਈ ਵੋਟਰ ਦੀ ਪੁਸ਼ਟੀ ਅਤੇ ਅੰਕੜੇ ਰੱਖਣਾ ਸ਼ਾਮਲ ਹਨ। |
| OPEX | OPEX ਨਿਗਮ | ਵਿਕਰੇਤਾ ਦਾ ਨਾਂ ਜੋ ਸਾਡੀ ਡਾਕ-ਰਾਹੀਂ-ਵੋਟ ਬੈਲਟ ਪਛਾਣ ਰਿਟਰਨ ਲਿਫ਼ਾਫ਼ੇ ਖੋਲ੍ਹਣ ਵਾਲੇ ਅਤੇ ਬੈਲਟ ਕੱਢਣ ਵਾਲੇ ਸਿਸਟਮ ਦਾ ਸਮਰਥਨ ਕਰਦਾ ਹੈ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
| --- | --- | --- |
| PEMT | ਪੋਸਟ ਇਲੈਕਸ਼ਨ ਮੈਨੂਅਲ ਟੈਲੀ (Post Election Manual Tally, PEMT) | 1% ਮੈਨੂਅਲ ਟੈਲੀ, ਚੋਣ ਅਧਿਕਾਰੀਆਂ ਦੁਆਰਾ ਬੇਤਰਤੀਬੇ ਢੰਗ ਨਾਲ ਚੁਣੇ ਗਏ, ਅਤੇ ਬੇਤਰਤੀਬੇ ਤੌਰ 'ਤੇ ਚੁਣੇ ਗਏ ਖੇਤਰਾਂ ਵਿੱਚ ਸ਼ਾਮਲ ਨਾ ਕੀਤੇ ਗਏ ਹਰੇਕ ਨਸਲ ਲਈ ਇੱਕ ਖੇਤਰ ਵਿੱਚ, 1 ਪ੍ਰਤੀਸ਼ਤ ਖੇਤਰਾਂ ਵਿੱਚ ਹੱਥੀਂ ਵੋਟਾਂ ਦੀ ਗਿਣਤੀ ਕਰਨ ਦੀ ਜਨਤਕ ਪ੍ਰਕਿਰਿਆ ਹੈ। ਇਹ ਪ੍ਰਕਿਰਿਆ ਚੋਣ ਕੋਡ ਸੈਕਸ਼ਨ 15360 ਦੇ ਅਨੁਸਾਰ ਸਵੈਚਲਿਤ ਗਿਣਤੀ ਦੀ ਸ਼ੁੱਧਤਾ ਦੀ ਪੁਸ਼ਟੀ ਕਰਨ ਲਈ ਅਧਿਕਾਰਤ ਪ੍ਰਚਾਰ ਦੌਰਾਨ ਕੀਤੀ ਜਾਂਦੀ ਹੈ। |
| PII | ਨਿੱਜੀ ਪਛਾਣਯੋਗ ਜਾਣਕਾਰੀ (Personal Identifiable Information, PII) | PII ਦੀ ਪਰਿਭਾਸ਼ਾ ਉਸ ਜਾਣਕਾਰੀ ਵਜੋਂ ਦਿੱਤੀ ਜਾਂਦੀ ਹੈ:<br>(i) ਜੋ ਸਿੱਧੇ ਤੌਰ 'ਤੇ ਕਿਸੇ ਵਿਅਕਤੀ ਦੀ ਪਛਾਣ ਕਰਦਾ ਹੈ (ਉਦਾਹਰਨ ਲਈ, ਨਾਮ, ਪਤਾ, ਸਮਾਜਿਕ ਸੁਰੱਖਿਆ ਨੰਬਰ ਜਾਂ ਹੋਰ ਪਛਾਣ ਕਰਨ ਵਾਲਾ ਨੰਬਰ ਜਾਂ ਕੋਡ, ਟੈਲੀਫੋਨ ਨੰਬਰ, ਈਮੇਲ ਪਤਾ, ਵਗੈਰਾ) ਜਾਂ<br>(ii) ਜਿਸ ਦੁਆਰਾ ਇੱਕ ਏਜੰਸੀ ਖਾਸ ਵਿਅਕਤੀਆਂ ਦੀ ਪਛਾਣ ਕਰਨ ਦਾ ਇਰਾਦਾ ਰੱਖਦੀ ਹੈ ਦੂਜੇ ਡੇਟਾ ਤੱਤਾਂ ਦੇ ਨਾਲ ਜੋੜ ਕੇ, ਭਾਵ, ਗੈਰ-ਪ੍ਰਤੱਖ ਪਛਾਣ। (ਇਨ੍ਹਾਂ ਡੇਟਾ ਦੇ ਘਟਕਾਂ ਵਿੱਚ ਲਿੰਗ, ਨਸਲ, ਜਨਮ ਦੀ ਤਾਰੀਖ਼, ਭੂਗੋਲਿਕ ਸੂਚਕ, ਅਤੇ ਹੋਰ ਵਰਣਨਕਰਤਾਵਾਂ ਦਾ ਸੁਮੇਲ ਸ਼ਾਮਲ ਹੋ ਸਕਦਾ ਹੈ)।<br><br>ਇਸ ਤੋਂ ਇਲਾਵਾ, ਕਿਸੇ ਖਾਸ ਵਿਅਕਤੀ ਦੇ ਭੌਤਿਕ ਜਾਂ ਔਨਲਾਈਨ ਸੰਪਰਕ ਦੀ ਇਜਾਜ਼ਤ ਦੇਣ ਵਾਲੀ ਜਾਣਕਾਰੀ ਨਿੱਜੀ ਤੌਰ 'ਤੇ ਪਛਾਣਨ ਯੋਗ ਜਾਣਕਾਰੀ ਦੇ ਸਮਾਨ ਹੈ। ਇਸ ਜਾਣਕਾਰੀ ਨੂੰ ਪੇਪਰ, ਇਲੈਕਟ੍ਰਾਨਿਕ ਜਾਂ ਹੋਰ ਮੀਡੀਆ ਵਿੱਚ ਰੱਖਿਆ ਜਾ ਸਕਦਾ ਹੈ। ਇਹ ਵਿਅਕਤੀਗਤ ਉਪਭੋਗਤਾ ਦੀ ਜ਼ਿੰਮੇਵਾਰੀ ਹੈ ਕਿ ਉਹ ਉਸ ਡੇਟਾ ਨੂੰ ਸੁਰੱਖਿਅਤ ਕਰੇ ਜਿਸ ਤੱਕ ਉਨ੍ਹਾਂ ਦੀ ਪਹੁੰਚ ਹੈ। |
| Pitney Bowes | | ਉਸ ਵਿਕਰੇਤਾ ਦਾ ਨਾਮ ਜੋ ਸਾਡੇ ਮੀਟਰਡ ਮੇਲ ਅਤੇ ਸ਼ਿਪਿੰਗ ਸਿਸਟਮ ਨੂੰ ਸਮਰਥਨ ਦਿੰਦਾ ਹੈ। |
| ਪੋਲ ਕਰਮਚਾਰੀ | | ਚੋਣ ਕਰਮੀ (Election Worker, EW) ਦੇਖੋ |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| ਪੋਲਿੰਗ ਦੀ ਥਾਂ | | ਮਤਦਾਤਾ ਦੀ ਚੋਣ ਅਧਿਨਿਯਮ: [ਚੋਣ ਕੋਡ 4005(a)(2)-(4)]<br><br>ਇੱਕ ਆਧਿਕਾਰਕ ਵੋਟਿੰਗ ਦੀ ਥਾਂ, ਜਿੱਥੇ ਕਾਉਂਟੀ ਵਿੱਚ ਰਹਿਣ ਵਾਲਾ ਕੋਈ ਵੋਟਰ ਆਪਣਾ ਵੋਟ ਪਾਇਆ ਹੋਇਆ ਡਾਕ-ਰਾਹੀਂ-ਵੋਟ ਬੈਲਟ ਵਾਪਸ ਕਰ ਸਕਦਾ ਹੈ, ਜਾਂ ਵੋਟ ਪਾ ਸਕਦਾ ਹੈ ਅਤੇ ਵਾਪਸ ਭੇਜ ਸਕਦਾ ਹੈ; ਵੋਟ ਪਾਉਣ ਲਈ ਰਜਿਸਟਰ ਕਰ ਸਕਦਾ ਹੈ; ਇੱਕ ਆਰਜ਼ੀ ਬੈਲਟ ਪ੍ਰਾਪਤ ਕਰਕੇ ਵੋਟ ਪਾ ਸਕਦਾ ਹੈ ਅਤੇ ਇੱਕ ਬਦਲੀ ਬੈਲਟ ਪ੍ਰਾਪਤ ਕਰ ਸਕਦਾ ਹੈ ਅਤੇ ਉਸ 'ਤੇ ਵੋਟ ਪਾ ਸਕਦਾ ਹੈ; ਪਹੁੰਚਯੋਗ ਵੋਟਿੰਗ ਉਪਕਰਨ ਦੀ ਵਰਤੋਂ ਕਰਦਦੇ ਹੋਏ ਕਿਸੇ ਵੀ ਤਰ੍ਹਾਂ ਦੇ ਬੈਲਟ 'ਤੇ ਵੋਟ ਪਾ ਸਕਦਾ ਹੈ।<br><br>ਵੋਟ ਕੇਂਦਰ (Vote Center, VC) ਦੇਖੋ |
| ProVote/ਪ੍ਰੋਵੋਟ ਹੱਲ | ਪ੍ਰਿੰਟਿੰਗ ਵਿਕਰੇਤਾ | ਅਧਿਕਾਰਤ ਬੈਲਟ, ਚੋਣ ਲਿਫ਼ਾਫ਼ੇ, ਅਤੇ ਵੋਟਰ ਜਾਣਕਾਰੀ ਗਾਈਡ ਸਮੇਤ Yolo ਕਾਉਂਟੀ ਦੀਆਂ ਚੋਣ ਸੇਵਾਵਾਂ ਲਈ ਕੈਲੀਫੋਰਨੀਆ-ਅਧਾਰਤ ਪ੍ਰਿੰਟਿੰਗ ਵਿਕਰੇਤਾ |
| PW | ਪੋਲ ਕਰਮਚਾਰੀ | ਚੋਣ ਕਰਮੀ (Election Worker, EW) ਦੇਖੋ |
| RAVBM | ਰਿਮੋਟ ਪਹੁੰਚਯੋਗ ਵਾਲਾ ਡਾਕ-ਰਾਹੀਂ-ਵੋਟ (Remote Accessible Vote by Mail, RAVBM) | ਰਿਮੋਟ ਪਹੁੰਚਯੋਗ ਵਾਲਾ ਡਾਕ-ਰਾਹੀਂ-ਵੋਟ (RAVBM) ਸਿਸਟਮ ਵੋਟਰਾਂ ਨੂੰ ਉਨ੍ਹਾਂ ਦੇ ਆਪਣੇ ਘਰ ਦੇ ਆਰਾਮ ਵਿੱਚ ਸੁਤੰਤਰ ਅਤੇ ਨਿੱਜੀ ਤੌਰ 'ਤੇ ਵੋਟ ਪਾਉਣ ਲਈ ਆਪਣੀ ਅਨੁਕੂਲ ਤਕਨਾਲੋਜੀ ਦੀ ਵਰਤੋਂ ਕਰਕੇ ਉਨ੍ਹਾਂ ਦੀਆਂ ਚੋਣਾਂ ਨੂੰ ਚਿੰਨ੍ਹਿਤ ਕਰਨ ਦਿੰਦਾ ਹੈ।<br><br>RAVBM ਸਿਸਟਮ ਦੀ ਵਰਤੋਂ ਕਰਨ ਲਈ, ਵੋਟਰ ਦਾ ਅਜਿਹਾ ਕਰਨਾ ਲਾਜ਼ਮੀ ਹੈ:<br>• ਐਪਲੀਕੇਸ਼ਨ ਡਾਉਨਲੋਡ ਕਰਨਾ<br>• ਆਪਣੀਆਂ ਚੋਣਾਂ ਤੇ ਨਿਸ਼ਾਨ ਲਾਉਣਾ<br>• ਆਪਣੀਆਂ ਚੋਣਾਂ ਨੂੰ ਪ੍ਰਿੰਟ ਕਰਨਾ<br>• ਲਿਫ਼ਾਫ਼ੇ 'ਤੇ ਦਸਤਖ਼ਤ ਕਰਨਾ (ਡਾਕ-ਰਾਹੀਂ-ਵੋਟ ਬੈਲਟ ਜਾਂ ਵੋਟਰ ਦੇ ਆਪਣੇ ਲਿਫ਼ਾਫ਼ੇ ਦੇ ਨਾਲ ਪ੍ਰਦਾਨ ਕੀਤੇ ਗਏ ਲਿਫ਼ਾਫ਼ੇ ਦੀ ਵਰਤੋਂ ਕਰਦੇ ਹੋਏ)<br>• ਪ੍ਰਿੰਟ ਕੀਤੇ ਅਤੇ ਦਸਤਖ਼ਤ ਕੀਤੀਆਂ ਗਈਆਂ ਚੋਣਾਂ ਨੂੰ ਡਾਕ ਰਾਹੀਂ ਭੇਜ ਕੇ ਜਾਂ ਵੋਟਿੰਗ ਸਥਾਨ 'ਤੇ ਛੱਡ ਕੇ ਵਾਪਸ ਕਰਨਾ। ਚੋਣ ਇਲੈਕਟ੍ਰਾਨਿਕ ਤੌਰ 'ਤੇ ਵਾਪਸ ਨਹੀਂ ਕੀਤੀ ਜਾ ਸਕਦੀ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| ROV | ਵੋਟਰਾਂ ਦੇ ਰਜਿਸਟਰਾਰ (Registrar of Voters, ROV) | ਚੁਣਿਆ ਜਾਂ ਨਿਯੁਕਤ ਅਧਿਕਾਰੀ ਜੋ ਵੋਟਰਾਂ ਦੀ ਰਜਿਸਟ੍ਰੇਸ਼ਨ, ਚੋਣਾਂ ਦੇ ਆਯੋਜਨ ਅਤੇ ਚੋਣਾਂ ਨਾਲ ਸੰਬੰਧਿਤ ਸਾਰੇ ਮਾਮਲਿਆਂ ਲਈ ਮੁੱਖ ਜ਼ਿੰਮੇਵਾਰੀ ਦੇ ਨਾਲ ਚੋਣ ਵਿਭਾਗ ਦੇ ਸੰਚਾਲਨ, ਪ੍ਰਸ਼ਾਸਨ ਅਤੇ ਨਿਰਦੇਸ਼ਾਂ ਲਈ ਜ਼ਿੰਮੇਵਾਰ ਹੈ; ਅਤੇ ਲੋੜ ਅਨੁਸਾਰ ਸੰਬੰਧਿਤ ਕੰਮ ਕਰਦਾ ਹੈ। |
| ਨਮੂਨਾ ਬੈਲਟ | | ਅਧਿਕਾਰਤ ਬੈਲਟ ਦੀ ਇੱਕ ਹਵਾਲਾ ਕਾਪੀ ਜੋ ਕਾਉਂਟੀ ਮਤਦਾਤਾ ਜਾਣਕਾਰੀ ਗਾਈਡ ਵਿੱਚ ਸ਼ਾਮਲ ਹੈ। |
| ਸੈਕਸ਼ਨ 508 ਦਾ ਅਨੁਪਾਲਣ | | ਸੰਘੀ ਮੁੜ ਵਸੇਬਾ ਅਧਿਨਿਯਮ (federal Rehabilitation Act) ਵਿੱਚ 1998 ਦੀ ਸੋਧ ਦੇ ਸੈਕਸ਼ਨ 508 ਏਜੰਸੀਆਂ ਨੂੰ ਸੂਚਨਾ ਤਕਨਾਲੋਜੀ ਵਿੱਚ ਰੁਕਾਵਟਾਂ ਨੂੰ ਖਤਮ ਕਰਨ ਦੀ ਮੰਗ ਕਰਦਾ ਹੈ। https://www.access-board.gov/ict/ and<br><br>https://en.wikipedia.org/wiki/Section_508_Amendment_to_the_Rehabilitation_Act_of_1973 |
| SME | ਵਿਸ਼ਾ ਵਸਤੂ ਮਾਹਿਰ (Subject Matter Expert, SME) | ਉਹ ਵਿਅਕਤੀ ਜੋ ਕਿਸੇ ਵਿਸ਼ੇਸ਼ ਵਿਸ਼ੇ ਦੀ ਡੂੰਘੀ ਸਮਝ ਰੱਖਦਾ ਹੈ। ਸਵਾਲ ਦਾ ਵਿਸ਼ਾ ਕੁਝ ਵੀ ਹੋ ਸਕਦਾ ਹੈ, ਜਿਵੇਂ ਕਿ ਨੌਕਰੀ, ਵਿਭਾਗ, ਕਾਰਜ, ਪ੍ਰਕਿਰਿਆ, ਸਾਜ਼ੋ-ਸਾਮਾਨ ਦਾ ਟੁਕੜਾ, ਸੌਫਟਵੇਅਰ ਹੱਲ, ਸਮੱਗਰੀ, ਇਤਿਹਾਸਕ ਜਾਣਕਾਰੀ, ਅਤੇ ਹੋਰ ਬਹੁਤ ਕੁਝ। ਵਿਸ਼ਾ ਵਸਤੂ ਮਾਹਿਰਾਂ ਨੇ ਆਪਣਾ ਗਿਆਨ ਸਕੂਲੀ ਪੜ੍ਹਾਈ ਦੇ ਤੀਬਰ ਪੱਧਰਾਂ, ਜਾਂ ਵਿਸ਼ੇ ਦੇ ਨਾਲ ਸਾਲਾਂ ਦੇ ਪੇਸ਼ੇਵਰ ਅਨੁਭਵ ਦੁਆਰਾ ਇਕੱਠਾ ਕੀਤਾ ਹੋ ਸਕਦਾ ਹੈ। ਵਿਸ਼ਾ ਵਸਤੂ ਮਾਹਿਰ ਵਿਅਕਤੀ ਨੂੰ ਉਨ੍ਹਾਂ ਦੇ ਵਿਸ਼ੇ ਬਾਰੇ ਸਮਝ ਦਾ ਅਜਿਹਾ ਪੱਧਰ ਪ੍ਰਾਪਤ ਹੁੰਦਾ ਹੈ ਜੋ ਆਮ ਗਿਆਨ ਨਹੀਂ ਹੈ, ਅਤੇ ਜੋ ਉਸ ਵਿਅਕਤੀ ਨੂੰ ਕਿਸੇ ਸੰਸਥਾ ਲਈ ਕਾਫ਼ੀ ਕੀਮਤੀ ਬਣਾਉਂਦਾ ਹੈ। |
| SOS | ਸੇਕ੍ਰੇਟਰੀ ਔਫ਼ ਸਟੇਟ (Secretary of State, SOS) | ਕੈਲੀਫੋਰਨੀਆ ਵਿੱਚ, ਚੁਣਿਆ ਜਾਂ ਨਿਯੁਕਤ ਅਧਿਕਾਰੀ ਜੋ ਚੋਣਾਂ, ਕਾਰੋਬਾਰ, ਰਾਜਨੀਤਿਕ ਪ੍ਰਚਾਰ, ਵਿਧਾਨਕ ਵਕਾਲਤ, ਅਤੇ ਇਤਿਹਾਸਕ ਖਜ਼ਾਨਿਆਂ ਦੇ ਖੇਤਰਾਂ ਵਿੱਚ ਸਰਕਾਰ ਨੂੰ ਵਧੇਰੇ ਪਾਰਦਰਸ਼ੀ ਅਤੇ ਪਹੁੰਚਯੋਗ ਬਣਾਉਣ ਲਈ ਸਮਰਪਿਤ ਹੈ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| SVIG | ਰਾਜ ਦੀ ਮਤਦਾਤਾ ਜਾਣਕਾਰੀ ਗਾਈਡ (State Voter Information Guide, SVIG) | ਕੈਲੀਫੋਰਨੀਆ ਦੇ ਸੇਕ੍ਰੇਟਰੀ ਔਫ਼ ਸਟੇਟ ਦੁਆਰਾ ਤਿਆਰ ਕੀਤੀ ਗਈ, ਅਨੁਵਾਦ ਕੀਤੀ ਗਈ ਅਤੇ ਪ੍ਰਿੰਟ ਕੀਤੀ ਗਈ ਇੱਕ ਰਾਜ ਵਿਆਪੀ ਕਿਤਾਬ ਜਿਸ ਵਿੱਚ ਮਹੱਤਵਪੂਰਨ ਜਾਣਕਾਰੀ ਸ਼ਾਮਲ ਹੁੰਦੀ ਹੈ, ਜਿਵੇਂ ਕਿ ਰਾਜ ਵਿਆਪੀ ਉਮੀਦਵਾਰਾਂ ਦੇ ਬਿਆਨ; ਕਾਨੂੰਨੀ ਟੈਕਸਟ, ਨਿਰਪੱਖ ਵਿਸ਼ਲੇਸ਼ਣ, ਅਤੇ ਰਾਜ ਦੇ ਪ੍ਰਸਤਾਵਾਂ ਅਤੇ ਰਾਇਸ਼ੁਮਾਰੀ ਦੇ ਪੱਖ ਵਿੱਚ ਜਾਂ ਵਿਰੁੱਧ ਦਲੀਲਾਂ; ਪਹੁੰਚਯੋਗ ਮਤਦਾਤਾ ਜਾਣਕਾਰੀ ਗਾਈਡ ਲਈ ਵੈੱਬਸਾਈਟ ਪਤੇ; ਅਤੇ ਵੋਟਿੰਗ ਬਾਰੇ ਜਾਣਕਾਰੀ। ਰਾਜ ਦੀ ਮਤਦਾਤਾ ਜਾਣਕਾਰੀ ਗਾਈਡ (VIG) ਲਗਭਗ 40 ਦਿਨ ਪਹਿਲਾਂ ਤੋਂ ਸ਼ੁਰੂ ਕਰਦਿਆਂ ਡਾਕ ਰਾਹੀਂ ਭੇਜੀ ਜਾਂਦੀ ਹੈ।<br>(ਕੈਲੀਫੋਰਨੀਆ ਚੋਣ ਕੋਡ §§13300 - 13317)<br><br>ਇਹ ਕਾਉਂਟੀ ਦੇ ਚੋਣ ਦਫ਼ਤਰ ਰਾਹੀਂ ਤਿਆਰ ਕੀਤੀ ਗਈ ਕਾਉਂਟੀ ਮਤਦਾਤਾ ਜਾਣਕਾਰੀ ਗਾਈਡ ਦੇ ਸਮਾਨ ਨਹੀਂ ਹੁੰਦੀ ਹੈ। |
| 1%, ਇੱਕ ਪ੍ਰਤੀਸ਼ਤ, ਹੱਥੀ ਮਿਲਾਨ ਕਰਨਾ | 1% ਹੱਥੀ ਮਿਲਾਨ | ਬੇਤਰਤੀਬੇ ਤੌਰ 'ਤੇ ਚੁਣੇ ਗਏ ਇੱਕ ਪ੍ਰਤੀਸ਼ਤ ਖੇਤਰਾਂ ਵਿੱਚ ਪਾਈਆਂ ਗਈਆਂ ਵੋਟਾਂ ਦੀ ਹੱਥੀਂ ਗਿਣਤੀ ਕਰਨ ਦੀ ਜਨਤਕ ਪ੍ਰਕਿਰਿਆ, ਨਾਲ ਹੀ ਬੇਤਰਤੀਬ ਤੌਰ 'ਤੇ ਚੁਣੇ ਗਏ ਖੇਤਰਾਂ ਵਿੱਚ ਸ਼ਾਮਲ ਨਾ ਕੀਤੀ ਗਈ ਹਰੇਕ ਨਸਲ ਲਈ ਇੱਕ ਸੀਮਾ।ਇਹ ਪ੍ਰਕਿਰਿਆ ਚੋਣ ਕੋਡ ਸੈਕਸ਼ਨ 15360 ਦੇ ਅਨੁਸਾਰ ਸਾਡੇ ਵੋਟ ਪਾਉਣ ਵਾਲੇ ਸਿਸਟਮ ਦੁਆਰਾ ਕੀਤੀ ਗਈ ਸਵੈਚਲਿਤ ਗਿਣਤੀ ਦੀ ਸ਼ੁੱਧਤਾ ਦੀ ਪੁਸ਼ਟੀ ਕਰਨ ਲਈ ਅਧਿਕਾਰਤ ਪ੍ਰਚਾਰ ਸਮੇਂ ਦੇ ਦੌਰਾਨ ਕੀਤਾ ਜਾਂਦਾ ਹੈ।<br><br>ਚੋਣਾਂ ਤੋਂ ਬਾਅਦ ਹੱਥੀ ਮਿਲਾਨ ਕਰਨਾ (Post Election Manual Tally, PEMT). |
| UOCAVA | ਵਰਦੀਧਾਰੀ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਲਈ ਗੈਰਹਾਜ਼ਰੀ ਦਾ ਵੋਟਰ ਅਧਿਨਿਯਮ (Uniformed and Overseas Absentee Voting Act, UOCAVA) | ਵਰਦੀਧਾਰੀ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਲਈ ਗੈਰਹਾਜ਼ਰੀ ਦਾ ਵੋਟਰ ਸੰਘੀ ਅਧਿਨਿਯਮ (UOCAVA) 18 ਜਾਂ ਇਸ ਤੋਂ ਵੱਧ ਉਮਰ ਦੇ ਅਤੇ ਯੂਨੀਫਾਰਮਡ ਸਰਵਿਸਿਜ਼, ਮਰਚੈਂਟ ਮਰੀਨ, ਜਾਂ ਪਬਲਿਕ ਹੈਲਥ ਸਰਵਿਸ ਅਤੇ ਨੈਸ਼ਨਲ ਓਸ਼ੀਐਨਿਕ ਅਤੇ ਵਾਯੂਮੰਡਲ ਪ੍ਰਸ਼ਾਸਨ ਦੇ ਕਮਿਸ਼ਨਡ ਕੋਰਪ; ਉਨ੍ਹਾਂ ਦੇ ਯੋਗ ਪਰਿਵਾਰਕ ਮੈਂਬਰ; ਅਤੇ ਸੰਯੁਕਤ ਰਾਜ ਅਮਰੀਕਾ ਤੋਂ ਬਾਹਰ ਰਹਿ ਰਹੇ ਅਮਰੀਕੀ ਨਾਗਰਿਕ। ਇਹ ਅਧਿਨਿਯਮ ਸੰਘੀ ਦਫ਼ਤਰਾਂ ਲਈ ਇਨ੍ਹਾਂ ਨਾਗਰਿਕਾਂ ਦੀਆਂ ਗੈਰਹਾਜ਼ਰ ਵੋਟਿੰਗ ਲੋੜਾਂ ਲਈ ਕਾਨੂੰਨੀ ਆਧਾਰ ਪ੍ਰਦਾਨ ਕਰਦਾ ਹੈ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| USPS | ਸੰਯੁਕਤ ਰਾਜ ਡਾਕ ਸੇਵਾ (United States Postal Service, USPS) | ਯੂ. ਐੱਸ. ਡਾਕ ਸੇਵਾ ਇੱਕੋ ਇੱਕ ਡਿਲਿਵਰੀ ਸੇਵਾ ਹੈ ਜੋ ਦੇਸ਼ ਦੇ ਹਰ ਪਤੇ 'ਤੇ ਪਹੁੰਚਦੀ ਹੈ। |
| VAAC | ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ (Voting Accessibility Advisory Committee, VAAC) | [ਚੋਣ ਕੋਡ 4005(a)(9)(B)]<br><br>ਇੱਕ ਸਲਾਹਕਾਰ ਕਮੇਟੀ ਵਿੱਚ ਵਿਅਕਤੀਆਂ ਅਤੇ ਭਾਈਚਾਰੇ ਅਧਾਰਤ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਹੁੰਦੇ ਹਨ ਜੋ ਅਸਮਰਥਤਾਵਾਂ ਵਾਲੇ ਵੋਟਰਾਂ ਦੀ ਸੇਵਾ ਕਰਦੇ ਹਨ। ਜਨਤਕ ਕਮੇਟੀ ਸਾਰੇ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਰਜਿਸਟ੍ਰੇਸ਼ਨ ਅਤੇ ਵੋਟ ਪਾਉਣ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਚੋਣ ਪ੍ਰਸ਼ਾਸਨ ਨੂੰ ਰਾਇ ਪੇਸ਼ ਕਰਦੀ ਹੈ। |
| VAC | ਵੋਟਰ ਸਹਾਇਤਾ ਕੇਂਦਰ (Voter Assistance Centers, VAC) | ਵੋਟਰ ਸਹਾਇਤਾ ਕੇਂਦਰ (VACs) Yolo ਕਾਉਂਟੀ ਵਿੱਚ ਨਵੰਬਰ 2020 ਅਤੇ ਸਤੰਬਰ 2021 ਵਿੱਚ ਵਿਅਕਤੀਗਤ ਵੋਟਿੰਗ ਦੀਆਂ ਥਾਂਵਾਂ 'ਤੇ ਪ੍ਰਦਾਨ ਕੀਤੀ ਗਈ ਸੇਵਾ ਦੇ ਉੱਚ ਪੱਧਰ ਨੂੰ ਦਰਸਾਉਣ ਲਈ ਵਰਤਿਆ ਗਿਆ ਸੀ। ਵੋਟਰ ਸਹਾਇਤਾ ਕੇਂਦਰਾਂ ਵਿੱਚ ਰਵਾਇਤੀ ਪੋਲਿੰਗ ਟਿਕਾਣਿਆਂ 'ਤੇ ਪੇਸ਼ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਨਾਲੋਂ ਵਧੇਰੇ ਸੇਵਾਵਾਂ ਉਪਲਬਧ ਹੁੰਦੀਆਂ ਹਨ। ਮਤਦਾਤਾ ਦੀ ਚੋਣ ਅਧਿਨਿਯਮ ਦੇ ਤਹਿਤ, ਵੋਟਰ ਸਹਾਇਤਾ ਕੇਂਦਰਾਂ ਨੂੰ ਵੋਟ ਕੇਂਦਰ (Vote Centers, VCs) ਕਿਹਾ ਜਾਂਦਾ ਹੈ। |
| VBM | ਡਾਕ-ਰਾਹੀਂ-ਵੋਟ (Vote-by-Mail, VBM) | ਕੋਈ ਵੀ ਰਜਿਸਟਰਡ ਵੋਟਰ ਜਲਦੀ ਵੋਟਿੰਗ ਵਾਲੇ ਦਿਨਾਂ ਜਾਂ ਚੋਣਾਂ ਵਾਲੇ ਦਿਨ ਪੋਲਿੰਗ ਦੀ ਥਾਂ ਤੇ ਜਾਣ ਦੀ ਬਜਾਇ ਇੱਕ ਡਾਕ-ਰਾਹੀਂ-ਵੋਟ ਬੈਲਟ ਦੀ ਵਰਤੋਂ ਕਰਕੇ ਵੋਟ ਪਾ ਸਕਦਾ ਹੈ। ਹਰੇਕ ਕਿਰਿਆਸ਼ੀਲ ਰਜਿਸਟਰਡ ਵੋਟਰ ਨੂੰ ਇੱਕ ਬੈਲਟ ਡਾਕ ਰਾਹੀਂ ਭੇਜਿਆ ਜਾਂਦਾ ਹੈ। ਵੋਟ ਪਾਉਣ ਤੋਂ ਬਾਅਦ, ਵੋਟਰ ਇਹ ਯਕੀਨੀ ਬਣਾਉਂਦੇ ਹੋਏ ਆਪਣੇ ਬੈਲਟ ਨੂੰ ਪ੍ਰਦਾਨ ਕੀਤੇ ਗਏ ਵਾਪਸੀ ਪਛਾਣ ਲਿਫ਼ਾਫ਼ੇ ਵਿੱਚ ਪਾਉਂਦੇ ਹਨ, ਕਿ ਉਨ੍ਹਾਂ ਦੇ ਬੈਲਟ ਦੀ ਗਿਣਤੀ ਕਰਨ ਲਈ ਲਿਫ਼ਾਫ਼ੇ 'ਤੇ ਸਾਰੀ ਲੋੜੀਂਦੀ ਜਾਣਕਾਰੀ ਨੂੰ ਪੂਰਾ ਕੀਤਾ ਗਿਆ ਹੈ। ਵੋਟ ਕੀਤੇ ਹੋਏ ਬੈਲਟ ਡਾਕ ਰਾਹੀਂ, ਕਿਸੇ ਵੀ ਵੋਟ ਕੇਂਦਰ ਜਾਂ ਕਾਉਂਟੀ ਚੋਣ ਦਫ਼ਤਰ ਵਿੱਚ ਵਿਅਕਤੀਗਤ ਤੌਰ 'ਤੇ ਪਹੁੰਚਾ ਕੇ, ਰਾਜ ਦੇ ਅੰਦਰ ਬਣੇ ਕਿਸੇ ਅਧਿਕਾਰਤ ਬੈਲਟ ਡ੍ਰੌਪ ਬੌਕਸ 'ਤੇ ਵਾਪਸ ਕੀਤੇ ਜਾ ਸਕਦੇ ਹਨ ਜਾਂ ਉਹ ਕਿਸੇ ਨੂੰ ਆਪਣੀ ਤਰਫ਼ੋਂ ਬੈਲਟ ਵਾਪਸ ਕਰਨ ਦਾ ਅਧਿਕਾਰ ਦੇ ਸਕਦੇ ਹਨ।<br><br>ਜਿਸਨੂੰ ਗੈਰਹਾਜ਼ਰ ਵਿਅਕਤੀ ਦਾ ਬੈਲਟ ਵੀ ਕਿਹਾ ਜਾਂਦਾ ਹੈ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| VC | ਵੋਟ ਕੇਂਦਰ (Vote Center, VC) | ਇੱਕ ਵੋਟ ਕੇਂਦਰ ਇੱਕ ਅਧਿਕਾਰਤ ਵੋਟਿੰਗ ਸਥਾਨ ਹੁੰਦਾ ਹੈ ਜੋ ਚੋਣਾਂ ਵਾਲੇ ਦਿਨ ਤੋਂ 29 ਦਿਨ ਪਹਿਲਾਂ ਖੋਲ੍ਹਿਆ ਜਾਂਦਾ ਹੈ ਜਿੱਥੇ ਵੋਟਰ ਆਪਣੇ ਬੈਲਟ ਨੂੰ ਇਲੈਕਟ੍ਰਾਨਿਕ ਤੌਰ ਤੇ ਜਾਂ ਕਾਗਜ਼ੀ ਬੈਲਟ 'ਤੇ ਚਿੰਨ੍ਹਿਤ ਕਰ ਸਕਦੇ ਹਨ।~~ਸਾਰੀਆਂ ਵੋਟਾਂ ਨੂੰ ਡਾਕ-ਰਾਹੀਂ-ਵੋਟਾਂ ਵਜੋਂ ਮੰਨਿਆ ਜਾਂਦਾ ਹੈ।~~<br><br>ਮਤਦਾਤਾ ਦੀ ਚੋਣ ਅਧਿਨਿਯਮ ਦੇ ਤਹਿਤ, ਕੁਝ ਵੋਟ ਕੇਂਦਰ 11 ਦਿਨਾਂ ਲਈ ਖੁੱਲ੍ਹੇ ਰਹਿੰਦੇ ਹਨ ਅਤੇ ਕੁਝ ਚਾਰ ਦਿਨਾਂ ਲਈ ਖੁੱਲ੍ਹੇ ਰਹਿੰਦੇ ਹਨ, ਜਿਸ ਵਿੱਚ ਚੋਣਾਂ ਵਾਲਾ ਦਿਨ ਵੀ ਸ਼ਾਮਲ ਹੁੰਦਾ ਹੈ।<br><br>Yolo ਕਾਉਂਟੀ ਦਾ ਵੋਟਰ ਕਾਉਂਟੀ ਵਿੱਚ ਬਣੇ ਕਿਸੇ ਵੀ ਵੋਟ ਕੇਂਦਰ ਦੀ ਵਰਤੋਂ ਕਰ ਸਕਦਾ/ਦੀ ਹੈ, ਜੋ ਵੋਟਰਾਂ ਲਈ ਸੇਵਾਵਾਂ ਤੱਕ ਪਹੁੰਚ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਲਚਕਤਾ ਅਤੇ ਸਹੂਲਤ ਨੂੰ ਵਧਾਉਂਦਾ ਹੈ। ਕਿਸੇ ਵੋਟ ਕੇਂਦਰ 'ਤੇ, ਵੋਟਰ ਇਹ ਕਰਨ ਦੇ ਸਮਰੱਥ ਹੋਵੇਗਾ:<br>• ਬਦਲਵੀਂ ਡਾਕ-ਰਾਹੀਂ-ਵੋਟ ਬੈਲਟ ਪ੍ਰਾਪਤ ਕਰਨ,<br>• ਡਾਕ-ਰਾਹੀਂ-ਵੋਟ ਬੈਲਟ ਦੇ ਵਾਪਸੀ ਪਛਾਣ ਲਿਫ਼ਾਫ਼ੇ ਨੂੰ ਪ੍ਰਾਪਤ ਕਰਨਾ,<br>• ਵੋਟ ਪਾਏ ਗਏ ਡਾਕ-ਰਾਹੀਂ-ਵੋਟ ਬੈਲਟ ਨੂੰ ਡ੍ਰੌਪ-ਔਫ਼ ਕਰਨਾ,<br>• ਦੁਭਾਸ਼ੀ ਸੋਮੇ ਜਾਂ ਭਾਸ਼ਾ ਸਹਾਇਤਾ ਪ੍ਰਾਪਤ ਕਰਨਾ,<br>• ਅਪਾਹਜ ਅਮਰੀਕਾ ਵਾਸੀਆਂ ਲਈ ਬਣੇ ਅਧਿਨਿਯਮ (Americans with Disabilities Act, ADA)) ਦੇ ਅਨੁਕੂਲ ਪਹੁੰਚਯੋਗ ਡਿਵਾਈਸ ਦੀ ਵਰਤੋਂ ਕਰਕੇ ਨਿੱਜੀ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਬੈਲਟ 'ਤੇ ਨਿਸ਼ਾਨ ਲਾਉਣਾ<br>• ਵੋਟ ਪਾਉਣ ਲਈ ਰਜਿਸਟਰ ਕਰਨਾ,<br>• ਉਨ੍ਹਾਂ ਦੀ ਵੋਟਰ ਰਜਿਸਟ੍ਰੇਸ਼ਨ ਨੂੰ ਅਪਡੇਟ ਕਰਨਾ,<br>• ਆਰਜ਼ੀ ਜਾਂ ਸ਼ਰਤੀਆ ਵੋਟਰ ਰਜਿਸਟ੍ਰੇਸ਼ਨ ਬੈਲਟ 'ਤੇ ਵੋਟ ਪਾਉਣਾ। |
| VCA | ਮਤਦਾਤਾ ਦੀ ਚੋਣ ਅਧਿਨਿਯਮ | ਕੈਲੀਫੋਰਨੀਆ ਚੋਣ ਕੋਡ §4005, ਅੰਤਿਕਾ M ਦੇਖੋ |
| ਵੈਰਿਟੀ | ਰਟ ਇੰਟਰਸਿਵਿਕ ਵੈਰਿਟੀ ਵੋਟਿੰਗ ਸਿਸਟਮ | ਹਾਰਟ ਇੰਟਰਸਿਵਿਕ ਵਿਕਰੇਤਾ ਦੁਆਰਾ ਸਮਰਥਿਤ ਵੋਟਿੰਗ ਸਿਸਟਮ ਜਿਸ ਵਿੱਚ ਵੋਟਿੰਗ ਬੈਲਟ ਬਣਾਉਣ, ਪ੍ਰਿੰਟ, ਵੋਟ, ਸਕੈਨ, ਗਿਣਤੀ, ਨਿਰਣਾਇਕ ਅਤੇ ਸਾਰਣੀ ਬਣਾਉਣ ਲਈ ਸੌਫਟਵੇਅਰ, ਹਾਰਡਵੇਅਰ, ਡਿਵਾਈਸ ਅਤੇ ਗੌਣ ਹਿੱਸੇ ਸ਼ਾਮਲ ਹੁੰਦੇ ਹਨ। |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| ਵੈਰਿਟੀ ਪ੍ਰਿੰਟ | ਹਾਰਟ ਇੰਟਰਸਿਵਿਕ ਵੋਟਿੰਗ ਸਿਸਟਮ ਕੰਪੋਨੈਂਟ | ਔਨ-ਡਿਮਾਂਡ ਬੈਲਟ ਪ੍ਰਿੰਟਿੰਗ ਡਿਵਾਈਸ ਵੋਟਰਾਂ ਨੂੰ ਖਾੱਲ੍ਹੀ ਕਾਗਜ਼ੀ ਬੈਲਟ ਪ੍ਰਿੰਟ ਅਤੇ ਜਾਰੀ ਕਰਨ ਲਈ ਵਰਤਿਆ ਜਾਂਦਾ ਹੈ। ਵੋਟਰ ਆਪਣੀਆਂ ਚੋਣਾਂ ਨਾਲ ਆਪਣੀ ਬੈਲਟ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਇਸਨੂੰ ਵੋਟ ਕੇਂਦਰ ਵਿੱਚ ਬੈਲਟ ਬੌਕਸ ਵਿੱਚ ਪਾ ਦਿੰਦਾ ਹੈ ਤਾਂ ਜੋ ਚੋਣ ਦਫ਼ਤਰ ਵਿੱਚ ਕੇਂਦਰੀ ਤੌਰ 'ਤੇ ਸਕੈਨ ਕੀਤਾ ਜਾ ਸਕੇ। |
| ਵੈਰਿਟੀ ਟੱਚ ਰਾਈਟਰ | ਹਾਰਟ ਇੰਟਰਸਿਵਿਕ ਵੋਟਿੰਗ ਸਿਸਟਮ ਕੰਪੋਨੈਂਟ | ਵੋਟਰਾਂ ਨੂੰ ਚੋਣ ਪ੍ਰਕਿਰਿਆ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਅਤੇ ਸੁਤੰਤਰ ਤੌਰ 'ਤੇ ਵੋਟ ਪਾਉਣ ਵਿੱਚ ਮਦਦ ਕਰਨ ਲਈ ਇੱਕ ਪਹੁੰਚਯੋਗ ਬੈਲਟ ਮਾਰਕਿੰਗ ਯੰਤਰ।<br><br>ਵੇਰੀਟੀ ਟਚ ਰਾਈਟਰ ਡਿਵਾਈਸ ਦੇ ਵੋਟਰ ਇੰਟਰਫੇਸ ਇੱਕ ਟੱਚਸਕ੍ਰੀਨ ਅਤੇ ਇੱਕ ਆਡੀਓ-ਟੈਕਟਾਈਲ ਇੰਟਰਫੇਸ (ਏਟੀਆਈ) ਹਨ ਜੋ ਵੋਟਰ ਨੂੰ ਸਕ੍ਰੀਨ ਨੂੰ ਛੂਹਣ ਤੋਂ ਬਿਨਾਂ ਡਿਜੀਟਲ ਬੈਲਟ ਰਾਹੀਂ ਜਾਣ ਦੀ ਇਜਾਜ਼ਤ ਦਿੰਦਾ ਹੈ। ਹੈਂਡਹੋਲਡ ਕੰਟਰੋਲਰ ਵੋਟਰ ਨੂੰ ਵਾਧੂ ਇਨਪੁਟ ਵਿਕਲਪ ਪ੍ਰਦਾਨ ਕਰਦਾ ਹੈ: ਇੱਕ ਸਕ੍ਰੋਲਿੰਗ ਵ੍ਹੀਲ ਅਤੇ ਚੁਣੋ ਬਟਨ, ਹੈੱਡਫੋਨ, ਅਤੇ ਟੈਕਟਾਇਲ ਬਟਨਾਂ ਲਈ ਇੱਕ ਐਨਾਲਾਗ ਕਨੈਕਸ਼ਨ ਜਾਂ ਵੋਟਰ ਦੇ ਸਿਪ-ਐਂਡ-ਪਫ਼ ਡਿਵਾਈਸ।<br><br>ਵੋਟਰ ਦੁਆਰਾ ਚੋਣ ਦੀ ਪੁਸ਼ਟੀ ਕਰਨ ਤੋਂ ਬਾਅਦ, ਵੋਟਰ ਨੱਥੀ ਪ੍ਰਿੰਟਰ 'ਤੇ ਨਿਸ਼ਾਨਬੱਧ ਬੈਲਟ ਨੂੰ ਪ੍ਰਿੰਟ ਕਰਦਾ ਹੈ। ਵੋਟਰ ਫੇਰ ਆਪਣੇ ਬੈਲਟ ਨੂੰ ਵੋਟ ਕੇਂਦਰ ਵਿੱਚ ਬੈਲਟ ਬੌਕਸ ਵਿੱਚ ਪਾ ਦਿੰਦਾ ਹੈ ਤਾਂ ਜੋ ਚੋਣ ਦਫ਼ਤਰ ਵਿੱਚ ਕੇਂਦਰੀ ਤੌਰ 'ਤੇ ਸਕੈਨ ਕੀਤਾ ਜਾ ਸਕੇ। |
| VNC | ਵੋਟਰ ਨੋਟੀਫਿਕੇਸ਼ਨ ਕਾਰਡ | ਇੱਕ ਵਾਰ ਵੋਟਰ ਰਜਿਸਟ੍ਰੇਸ਼ਨ ਅਰਜ਼ੀ ਸਵੀਕਾਰ ਕਰ ਲਏ ਜਾਣ ਜਾਂ ਰਜਿਸਟ੍ਰੇਸ਼ਨ ਅੱਪਡੇਟ ਹੋ ਜਾਣ ਤੋਂ ਬਾਅਦ (ਇੱਕ ਡਾਕ ਪਤੇ ਨੂੰ ਅੱਪਡੇਟ ਕਰਨ ਸਮੇਤ), ਕਾਉਂਟੀ ਚੋਣ ਅਧਿਕਾਰੀ ਨੂੰ ਲਾਜ਼ਮੀ ਤੌਰ 'ਤੇ ਇੱਕ ਗੈਰ-ਫਾਰਵਰਡ ਵੋਟਰ ਨੋਟੀਫਿਕੇਸ਼ਨ ਕਾਰਡ (VNC) ਡਾਕ-ਰਾਹੀਂ-ਵੋਟਰ ਨੂੰ ਸੂਚਨਾ ਪ੍ਰਦਾਨ ਕਰਨੀ ਚਾਹੀਦੀ ਹੈ। |
| VoteCal | ਕੈਲੀਫੋਰਨੀਆ ਰਾਜ ਵਿਆਪੀ ਵੋਟਰ ਰਜਿਸਟ੍ਰੇਸ਼ਨ ਡੇਟਾਬੇਸ | ਕੈਲੀਫੋਰਨੀਆ ਦਾ ਕੇਂਦਰੀ ਵੋਟਰ ਰਜਿਸਟ੍ਰੇਸ਼ਨ ਡੇਟਾਬੇਸ ਜੋ ਵੋਟਰਾਂ ਅਤੇ ਚੋਣ ਅਧਿਕਾਰੀਆਂ ਨੂੰ ਲਾਭ ਪ੍ਰਦਾਨ ਕਰਦਾ ਹੈ |
| VRC | ਵੋਟਰ ਰਜਿਸਟ੍ਰੇਸ਼ਨ ਕਾਰਡ | ਵੋਟਰ ਰਜਿਸਟ੍ਰੇਸ਼ਨ ਐਪਲੀਕੇਸ਼ਨ ਕਾਰਡ |

| ਸੰਖੇਪ ਜਾਂ ਸ਼ਬਦ | ਪਰਿਭਾਸ਼ਾ | ਵੇਰਵਾ ਅਤੇ ਕੋਡ ਹਵਾਲਾ |
|---|---|---|
| WCAG 2.0 ਅਨੁਪਾਲਣਾ | ਵੈੱਬ ਸਮੱਗਰੀ ਪਹੁੰਚਯੋਗਤਾ ਦਿਸ਼ਾ-ਨਿਰਦੇਸ਼ (Web Content Accessibility Guidelines, WCAG) (ਸੰਸਕਰਣ 2.0) | ਵੈੱਬ ਸਮੱਗਰੀ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ ਅੰਤਰਰਾਸ਼ਟਰੀ ਮਾਪਦੰਡ, ਮੁੱਖ ਤੌਰ 'ਤੇ ਅਸਮਰਥਤਾਵਾਂ ਵਾਲੇ ਲੋਕਾਂ ਲਈ।<br>https://www.w3.org/ and https://en.wikipedia.org/wiki/Web_Content_Accessibility_Guidelines |
| YCE | Yolo ਕਾਉਂਟੀ ਦਾ ਚੋਣ ਦਫ਼ਤਰ | "Yolo ਕਾਉਂਟੀ ਚੋਣਾਂ," "ਚੋਣ ਦਫ਼ਤਰ," ਅਤੇ "ਚੋਣ ਵਿਭਾਗ" ਦੇ ਤੌਰ ਤੇ ਜਾਣਿਆ ਜਾਂਦਾ ਅਤੇ ਨਾਮ ਆਪਸ ਵਿੱਚ ਬਦਲੇ ਜਾ ਸਕਦੇ ਹਨ। "ਚੋਣ ਦਫ਼ਤਰ" ਕੈਪੀਟਲ "O" ਸੰਸਥਾ/ਏਜੰਸੀ ਨੂੰ ਦਰਸਾਉਂਦਾ ਹੈ। "ਚੋਣ ਦਫ਼ਤਰ" ਲੋਅਰਕੇਸ "o" Yolo ਕਾਉਂਟੀ ਪ੍ਰਸ਼ਾਸਨ ਬਿਲਡਿੰਗ ਵਿੱਚ ਕਮਰੇ B-05 ਨੂੰ ਦਰਸਾਉਂਦਾ ਹੈ। "Yolo ਕਾਉਂਟੀ" ਅਤੇ "ਕਾਉਂਟੀ" ਸੰਦਰਭ ਵਿੱਚ ਜਾਂ ਤਾਂ ਕਾਉਂਟੀ ਔਫ਼ Yolo ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। |
| YRCP | Yolo ਕਾਉਂਟੀ ਨਿਵਾਸ ਪੁਸ਼ਟੀਕਰਣ ਪੋਸਟਕਾਰਡ (Yolo County Residence Confirmation Postcard, YRCP) | ਪ੍ਰਾਇਮਰੀ ਚੋਣਾਂ ਤੋਂ 90 ਦਿਨ ਪਹਿਲਾਂ Yolo ਕਾਉਂਟੀ ਦੁਆਰਾ ਭੇਜਿਆ ਗਿਆ ਚੋਣਾਂ ਤੋਂ ਪਹਿਲੇ ਦਾ ਰਿਹਾਇਸ਼ੀ ਪਤੇ ਦੀ ਪੁਸ਼ਟੀ ਦਾ ਪੋਸਟਕਾਰਡ। ਕਾਉਂਟੀ ਦੇ ਹਰੇਕ ਰਜਿਸਟਰ ਹੋਏ ਵੋਟਰ ਨੂੰ ਉਨ੍ਹਾਂ ਦੀ ਰਿਹਾਇਸ਼/ਰਹਿਣ ਦੇ ਸਥਾਨ ਅਤੇ/ਜਾਂ ਡਾਕ ਪਤੇ ਦੀ ਪੁਸ਼ਟੀ ਕਰਨ ਜਾਂ ਠੀਕ ਕਰਨ ਲਈ ਅੱਗੇ ਫਾਰਵਰਡ ਨਾ ਕਰਨ ਯੋਗ ਪੋਸਟਕਾਰਡ ਭੇਜਿਆ ਜਾਂਦਾ ਹੈ।<br>~~ਜਦੋਂ ਚੋਣ ਦਫ਼ਤਰ ਨੂੰ ਸੂਚਨਾ ਮਿਲਦੀ ਹੈ ਕਿ ਇੱਕ ਵੋਟਰ ਦੀ ਰਿਹਾਇਸ਼ ਦੀ ਥਾਂ ਸੰਭਾਵਤ ਤੌਰ 'ਤੇ USPS, ਨੈਸ਼ਨਲ ਚੇਂਜ ਔਫ਼ ਐਡਰੈੱਸ (National Change of Address, NCOA) ਬਦਲ ਗਈ ਹੈ, ਅਤੇ ਮੇਲ ਵਾਪਸ ਕਰ ਦਿੱਤਾ ਗਿਆ ਹੈ।~~<br>(ਕੈਲੀਫੋਰਨੀਆ ਚੋਣ ਕੋਡ §2220) |

ਕਾਨੂੰਨ ਅਤੇ ਕੋਡ ਹਵਾਲੇ

*2024 ਦੀ ਚੋਣ ਪ੍ਰਸ਼ਾਸਨ ਯੋਜਨਾ (EAP) ਦੇ ਫਾਈਨਲ ਦਾ ਨਵੀਨੀਕਰਨ*

*ਅੰਤਿਕਾ M*

# Yolo ਕਾਉਂਟੀ
# ਕੈਲੀਫੋਰਨੀਆ ਮਤਦਾਤਾ ਦੀ ਚੋਣ ਅਧਿਨਿਯਮ
# ਚੋਣ ਪ੍ਰਸ਼ਾਸਨ ਯੋਜਨਾ 2024 - 2028



# ਅੰਤਿਕਾ M | ਵਿਧਾਨ ਅਤੇ ਕੋਡ ਦੇ ਹਵਾਲੇ

## ਕੈਲੀਫੋਰਨੀਆ ਚੋਣ ਕੋਡ §4005.

**(a)** ਸੈਕਸ਼ਨ 4000 ਜਾਂ ਕਿਸੇ ਹੋਰ ਕਾਨੂੰਨ ਦੇ ਬਾਵਜੂਦ, 1 ਜਨਵਰੀ, 2018 ਨੂੰ ਜਾਂ ਇਸ ਤੋਂ ਬਾਅਦ, ਕਾਉਂਟੀਜ਼ ਔਫ਼ Calaveras, Inyo, Madera, Napa, Nevada, Orange, Sacramento, San Luis Obispo, San Mateo, Santa Clara, Shasta, Sierra, Sutter, ਅਤੇ Tuolumne, ਅਤੇ ਸਿਵਾਏ ਸੈਕਸ਼ਨ 4007 ਵਿੱਚ ਦਿੱਤੇ ਅਨੁਸਾਰ, 1 ਜਨਵਰੀ, 2020 ਨੂੰ ਜਾਂ ਇਸ ਤੋਂ ਬਾਅਦ, ਕੋਈ ਵੀ ਕਾਉਂਟੀ ਇਸ ਸੈਕਸ਼ਨ ਦੇ ਅਧੀਨ ਸਾਰੇ ਡਾਕ-ਰਾਹੀਂ-ਵੋਟ ਬੈਲਟ ਚੋਣ ਦੇ ਤੌਰ 'ਤੇ ਵਿਸ਼ੇਸ਼ ਚੋਣਾਂ ਦਾ ਆਯੋਜਨ ਕਰ ਸਕਦੀ ਹੈ ਜੇਕਰ ਹੇਠਾਂ ਦਿੱਤੇ ਸਾਰੇ ਲਾਗੂ ਹੁੰਦੇ ਹਨ:

(1)

(A) ਉਸ ਅਧਿਕਾਰ ਖੇਤਰ ਦੇ ਅੰਦਰ ਘੱਟੋ-ਘੱਟ ਦੋ ਬੈਲਟ ਡ੍ਰੌਪ-ਔਫ਼ ਟਿਕਾਣੇ ਪ੍ਰਦਾਨ ਕੀਤੇ ਜਾਂਦੇ ਹਨ ਜਿੱਥੇ ਚੋਣਾਂ ਆਯੋਜਿਤ ਕੀਤੀਆਂ ਜਾਂਦੀਆਂ ਹਨ ਜਾਂ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਦੀ ਸੰਖਿਆ ਇਸ ਤਰੀਕੇ ਨਾਲ ਨਿਸ਼ਚਿਤ ਕੀਤੀ ਜਾਂਦੀ ਹੈ ਤਾਂ ਜੋ ਉਸ ਅਧਿਕਾਰ ਖੇਤਰ ਦੇ ਅੰਦਰ ਹਰ 15,000 ਰਜਿਸਟਰਡ ਵੋਟਰਾਂ ਲਈ ਘੱਟੋ-ਘੱਟ ਇੱਕ ਬੈਲਟ ਡ੍ਰੌਪ-ਔਫ਼ ਟਿਕਾਣਾ ਪ੍ਰਦਾਨ ਕੀਤਾ ਜਾਵੇ ਜਿੱਥੇ ਚੋਣਾਂ ਆਯੋਜਿਤ ਕੀਤੀਆਂ ਜਾਂਦੀਆਂ ਹਨ, ਜਿਵੇਂ ਕਿ ਚੋਣਾਂ ਦੇ ਦਿਨ ਤੋਂ 88ਵੇਂ ਦਿਨ ਪਹਿਲਾਂ ਨਿਰਧਾਰਿਤ ਕੀਤਾ ਜਾਂਦਾ ਹੈ, ਜਿਸਦੇ ਵੀ ਨਤੀਜੇ ਵਜੋਂ ਜ਼ਿਆਦਾ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਦਾ ਹੋਣਾ ਨਿਕਲਦਾ ਹੈ। ਇਸ ਉਪ-ਪੈਰਾਗ੍ਰਾਫ਼ ਦੇ ਉਦੇਸ਼ਾਂ ਲਈ, ਇੱਕ ਵੋਟ ਕੇਂਦਰ ਜਿਸ ਵਿੱਚ ਇੱਕ ਬਾਹਰੀ ਬੈਲਟ ਡ੍ਰੌਪ ਬੌਕਸ ਸ਼ਾਮਲ ਹੁੰਦਾ ਹੈ, ਸਿਰਫ਼ ਇੱਕ ਬੈਲਟ ਡ੍ਰੌਪ-ਔਫ਼ ਟਿਕਾਣੇ ਵਜੋਂ ਗਿਣਿਆ ਜਾਂਦਾ ਹੈ। ਬੈਲਟ ਡ੍ਰੌਪ-ਔਫ਼ ਟਿਕਾਣੇ ਸੈਕਸ਼ਨ 3025 ਦੇ ਉਪ-ਡਿਵੀਜ਼ਨ (b) ਦੇ ਅਨੁਸਾਰ ਅਪਣਾਏ ਗਏ ਨਿਯਮਾਂ ਦੀ ਪਾਲਣਾ ਕਰਨਗੇ।

(B) ਇਸ ਸੈਕਸ਼ਨ ਦੇ ਤਹਿਤ ਪ੍ਰਦਾਨ ਕੀਤੇ ਗਏ ਬੈਲਟ ਡ੍ਰੌਪ-ਔਫ਼ ਟਿਕਾਣੇ ਵਿੱਚ ਇੱਕ ਸੁਰੱਖਿਅਤ, ਪਹੁੰਚਯੋਗ, ਅਤੇ ਤਾਲਾਬੰਦ ਬੈਲਟ ਬੌਕਸ ਸ਼ਾਮਲ ਹੁੰਦਾ ਹੈ ਜੋ ਜਨਤਕ ਆਵਾਜਾਈ ਦੇ ਰੂਟਾਂ ਤੋਂ ਜਿੰਨਾ ਸੰਭਵ ਹੋ ਸਕੇ ਨੇੜੇ ਸਥਿਤ ਹੁੰਦਾ ਹੈ ਅਤੇ ਜੋ ਵੋਟ ਪਾਏ ਗਏ ਬੈਲਟ ਪ੍ਰਾਪਤ ਕਰ ਸਕਦਾ ਹੈ। ਸਾਰੇ ਬੈਲਟ ਡ੍ਰੌਪ-ਔਫ਼ ਟਿਕਾਣੇ ਚੋਣਾਂ ਵਾਲੇ ਦਿਨ ਤੋਂ ਘੱਟ ਤੋਂ ਘੱਟ 28 ਦਿਨ ਪਹਿਲਾਂ, ਅਤੇ ਚੋਣਾਂ ਵਾਲੇ ਦਿਨ ਘੱਟੋ-ਘੱਟ ਨਿਯਮਿਤ ਕਾਰੋਬਾਰੀ ਘੰਟਿਆਂ ਦੌਰਾਨ ਖੁੱਲ੍ਹੇ ਰਹਿਣਗੇ। ਘੱਟੋ-ਘੱਟ ਇੱਕ ਬੈਲਟ ਡ੍ਰੌਪ-ਔਫ਼ ਟਿਕਾਣਾ ਇੱਕ ਪਹੁੰਚਯੋਗ, ਸੁਰੱਖਿਅਤ, ਬਾਹਰੀ ਡ੍ਰੌਪ ਬੌਕਸ ਹੋਵੇਗਾ ਜੋ ਨਿਯਮਿਤ ਕਾਰੋਬਾਰੀ ਘੰਟਿਆਂ ਸਮੇਤ ਪ੍ਰਤੀ ਦਿਨ ਘੱਟੋ-ਘੱਟ 12 ਘੰਟੇ ਲਈ ਉਪਲਬਧ ਹੁੰਦਾ ਹੈ।

(2)

(A) ਕਾਉਂਟੀ ਚੋਣ ਅਧਿਕਾਰੀ ਕਾਉਂਟੀ ਵਿੱਚ ਰਹਿਣ ਵਾਲੇ ਕਿਸੇ ਵੋਟਰ ਨੂੰ ਵੋਟ ਕੇਂਦਰ ਵਿੱਚ ਹੇਠ ਲਿਖਿਆਂ ਵਿੱਚੋਂ ਕੋਈ ਵੀ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ:

(i) ਡਾਕ-ਰਾਹੀਂ-ਵੋਟ ਬੈਲਟ ਦੁਆਰਾ ਵੋਟਰ ਦੀ ਵੋਟ ਨੂੰ ਵਾਪਸ ਕਰਨ, ਜਾਂ ਵੋਟ ਪਾਉਣ ਅਤੇ ਵਾਪਸ ਕਰਨ।

(ii) ਵੋਟ ਪਾਉਣ ਲਈ ਰਜਿਸਟਰ ਕਰਨ, ਵੋਟਰ ਦੀ ਵੋਟਰ ਰਜਿਸਟ੍ਰੇਸ਼ਨ ਨੂੰ ਅਪਡੇਟ ਕਰਨ, ਅਤੇ ਸੈਕਸ਼ਨ 2170 ਦੇ ਅਨੁਸਾਰ ਵੋਟ ਪਾਉਣ।

(iii) ਡਿਵੀਜ਼ਨ 14 ਦੇ ਅਧਿਆਇ 3 ਦੇ ਸੈਕਸ਼ਨ 3016 ਜਾਂ ਆਰਟੀਕਲ 5 (ਸੈਕਸ਼ਨ 14310 ਨਾਲ ਸ਼ੁਰੂ ਕਰਦਿਆਂ ਹੋਇਆਂ) ਦੇ ਅਨੁਸਾਰ ਇੱਕ ਆਰਜ਼ੀ ਬੈਲਟ ਪ੍ਰਾਪਤ ਕਰਨ ਅਤੇ ਵੋਟ ਪਾਉਣ।

(iv) ਇਹ ਤਸਦੀਕ ਕਰਨ ਤੋਂ ਬਾਅਦ ਇੱਕ ਬਦਲੀ ਬੈਲਟ ਪ੍ਰਾਪਤ ਕਰਨਾ ਕਿ ਕਾਉਂਟੀ ਚੋਣ ਅਧਿਕਾਰੀ ਨੂੰ ਵੋਟਰ ਤੋਂ ਉਸੇ ਚੋਣ ਲਈ ਇੱਕ ਹੋਰ ਬੈਲਟ ਵਾਪਸ ਪ੍ਰਾਪਤ ਨਹੀਂ ਹੋਇਆ ਹੈ। ਜੇਕਰ ਕਾਉਂਟੀ ਚੋਣ ਅਧਿਕਾਰੀ ਇਹ ਨਿਰਧਾਰਿਤ ਕਰਨ ਵਿੱਚ ਅਸਮਰੱਥ ਹੈ ਕਿ ਕੀ ਵੋਟਰ ਤੋਂ ਉਸੇ ਚੋਣ ਲਈ ਇੱਕ ਬੈਲਟ ਪ੍ਰਾਪਤ ਕੀਤਾ ਗਿਆ ਹੈ, ਤਾਂ ਕਾਉਂਟੀ ਚੋਣ ਅਧਿਕਾਰੀ ਇੱਕ ਆਰਜ਼ੀ ਬੈਲਟ ਜਾਰੀ ਕਰ ਸਕਦਾ ਹੈ।

(v) ਪਹੁੰਚਯੋਗ ਵੋਟਿੰਗ ਦੇ ਸਾਜ਼ੋ-ਸਾਮਾਨ ਦੀ ਵਰਤੋਂ ਕਰਦੇ ਹੋਏ ਨਿਯਮਿਤ, ਆਰਜ਼ੀ, ਜਾਂ ਬਦਲਵੇਂ ਬੈਲਟ 'ਤੇ ਵੋਟ ਪਾਉਣਾ ਜੋ ਇੱਕ ਨਿੱਜੀ ਅਤੇ ਸੁਤੰਤਰ ਵੋਟਿੰਗ ਅਨੁਭਵ ਪ੍ਰਦਾਨ ਕਰਦਾ ਹੈ।

(B) ਹਰੇਕ ਵੋਟ ਕੇਂਦਰ ਵਿੱਚ ਘੱਟੋ-ਘੱਟ ਤਿੰਨ ਵੋਟਿੰਗ ਮਸ਼ੀਨਾਂ ਹੋਣਗੀਆਂ ਹਨ ਜੋ ਅਸਮਰਥਤਾਵਾਂ ਵਾਲੇ ਵੋਟਰਾਂ ਦੀ ਪਹੁੰਚ ਵਿੱਚ ਹੋਣ।

(3)

(A) ਚੋਣਾਂ ਵਾਲੇ ਦਿਨ, ਸਵੇਰੇ 7 ਵਜੇ ਤੋਂ ਲੈਕੇ ਸ਼ਾਮ 8 ਵਜੇ ਤੱਕ, ਦੋਵਾਂ ਸਮਿਆਂ ਨੂੰ ਮਿਲਾ ਕੇ, ਅਤੇ ਚੋਣਾਂ ਤੋਂ ਤਿੰਨ ਦਿਨ ਪਹਿਲਾਂ, ਹਰ ਦਿਨ ਘੱਟੋ-ਘੱਟ ਅੱਠ ਘੰਟੇ ਲਈ, ਉਸ ਅਧਿਕਾਰ ਖੇਤਰ ਦੇ ਅੰਦਰ ਹਰੇਕ 10,000 ਰਜਿਸਟਰਡ ਵੋਟਰਾਂ ਲਈ ਘੱਟੋ-ਘੱਟ ਇੱਕ ਵੋਟ ਕੇਂਦਰ ਪ੍ਰਦਾਨ ਕੀਤਾ ਜਾਂਦਾ ਹੈ, ਜਿੱਥੇ ਚੋਣਾਂ ਦਾ ਆਯੋਜਨ ਕੀਤਾ ਗਿਆ ਹੈ, ਜਿਵੇਂ ਕਿ ਚੋਣਾਂ ਵਾਲੇ ਦਿਨ ਤੋਂ 88ਵੇਂ ਦਿਨ ਪਹਿਲਾਂ ਨਿਰਧਾਰਿਤ ਕੀਤਾ ਗਿਆ ਸੀ। ਇਸ ਉਪ-ਪੈਰਾਗ੍ਰਾਫ਼ ਦੁਆਰਾ ਘੱਟੋ-ਘੱਟ 90 ਪ੍ਰਤੀਸ਼ਤ ਤੱਕ ਲੋੜੀਂਦੇ ਵੋਟ ਕੇਂਦਰ ਲੋੜੀਂਦੇ ਸਮੇਂ ਦੌਰਾਨ ਸਾਰੇ ਚਾਰ ਦਿਨਾਂ ਲਈ ਖੁੱਲ੍ਹੇ ਰਹਿਣਗੇ। ਇਸ ਉਪ-ਪੈਰਾਗ੍ਰਾਫ਼ ਦੁਆਰਾ 10 ਪ੍ਰਤੀਸ਼ਤ ਤੱਕ ਲੋੜੀਂਦੇ ਵੋਟ ਕੇਂਦਰ ਚਾਰ ਦਿਨਾਂ ਤੋਂ ਘੱਟ ਸਮੇਂ ਲਈ ਖੁੱਲ੍ਹੇ ਰਹਿ ਸਕਦੇ ਹਨ ਜੇਕਰ ਹਰ ਦਿਨ ਹਰ 10,000 ਰਜਿਸਟਰਡ ਵੋਟਰਾਂ ਲਈ ਘੱਟੋ-ਘੱਟ ਇੱਕ ਵੋਟ ਕੇਂਦਰ ਮੁਹੱਈਆ ਕਰਵਾਇਆ ਜਾਂਦਾ ਹੈ।

(B) ਉਪ-ਪੈਰਾਗ੍ਰਾਫ਼ (A) ਦੇ ਬਾਵਜੂਦ, 20,000 ਤੋਂ ਘੱਟ ਰਜਿਸਟਰਡ ਵੋਟਰਾਂ ਵਾਲੇ ਅਧਿਕਾਰ ਖੇਤਰ ਲਈ, ਚੋਣਾਂ ਵਾਲੇ ਦਿਨ ਅਤੇ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਘੱਟੋ-ਘੱਟ ਦੋ ਵੋਟ ਕੇਂਦਰ ਉਸ ਅਧਿਕਾਰ ਖੇਤਰ ਦੇ ਅੰਦਰ ਪ੍ਰਦਾਨ ਕੀਤੇ ਜਾਂਦੇ ਹਨ ਜਿੱਥੇ ਚੋਣਾਂ ਦਾ ਆਯੋਜਨ ਕੀਤਾ ਗਿਆ ਹੈ।

(4)

(A) ਚੋਣਾਂ ਵਾਲੇ ਦਿਨ ਤੋਂ 10 ਦਿਨਾਂ ਪਹਿਲੇ ਸ਼ੁਰੂ ਕਰਦਿਆਂ ਹੋਇਆਂ ਅਤੇ ਚੋਣਾਂ ਤੋਂ ਚਾਰ ਦਿਨ ਪਹਿਲਾਂ ਤੱਕ ਅਤੇ ਇਸ ਸਮੇਤ, ਰੋਜ਼ਾਨਾ ਜਾਰੀ ਰੱਖਦੇ ਹੋਏ, ਹਰ ਦਿਨ ਘੱਟੋ-ਘੱਟ ਅੱਠ ਘੰਟੇ ਲਈ, ਉਸ ਅਧਿਕਾਰ ਖੇਤਰ ਦੇ ਅੰਦਰ ਹਰੇਕ 50,000 ਰਜਿਸਟਰਡ ਵੋਟਰਾਂ ਲਈ ਘੱਟੋ-ਘੱਟ ਇੱਕ ਵੋਟ ਕੇਂਦਰ, ਘੱਟੋ-ਘਟ ਅੱਠ ਘੰਟੇ ਪ੍ਰਤੀ ਦਿਨ ਲਈ ਪ੍ਰਦਾਨ ਕੀਤਾ ਜਾਂਦਾ ਹੈ, ਜਿੱਥੇ ਚੋਣਾਂ ਦਾ ਆਯੋਜਨ ਕੀਤਾ ਗਿਆ ਹੈ, ਜਿਵੇਂ ਕਿ ਚੋਣਾਂ ਵਾਲੇ ਦਿਨ ਤੋਂ 88ਵੇਂ ਦਿਨ ਪਹਿਲਾਂ ਨਿਰਧਾਰਿਤ ਕੀਤਾ ਗਿਆ ਸੀ।

(B) ਉਪ-ਪੈਰਾਗ੍ਰਾਫ਼ (A) ਦੇ ਬਾਵਜੂਦ, 50,000 ਤੋਂ ਘੱਟ ਰਜਿਸਟਰਡ ਵੋਟਰਾਂ ਵਾਲੇ ਅਧਿਕਾਰ ਖੇਤਰ ਲਈ, ਘੱਟੋ-ਘੱਟ ਦੋ ਵੋਟ ਕੇਂਦਰ ਉਸ ਅਧਿਕਾਰ ਖੇਤਰ ਦੇ ਅੰਦਰ ਪ੍ਰਦਾਨ ਕੀਤੇ ਜਾਂਦੇ ਹਨ ਜਿੱਥੇ ਚੋਣਾਂ ਦਾ ਆਯੋਜਨ ਕੀਤਾ ਗਿਆ ਹੈ।

(C) ਇਸ ਸੈਕਸ਼ਨ ਦੇ ਅਧੀਨ ਪ੍ਰਦਾਨ ਕੀਤੇ ਗਏ ਵੋਟ ਕੇਂਦਰ ਡਿਵੀਜ਼ਨ 12 ਦੇ ਅਧਿਆਇ 3 ਦੇ ਆਰਟੀਕਲ 5

(ਸੈਕਸ਼ਨ 12280 ਤੋਂ ਸ਼ੁਰੂ ਕਰਦਿਆਂ ਹੋਇਆਂ), 1990 ਦੇ ਵੋਟਿੰਗ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (42 U.S.C. ਸੈਕਸ਼ਨ 12101 ਅਤੇ ਹੋਰ), 2002 ਦਾ ਅਮਰੀਕਾ ਦੀ ਵੋਟ ਪਾਉਣ ਵਿੱਚ ਸਹਾਇਤਾ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 20901 ਅਤੇ ਹੋਰ), ਅਤੇ 1965 ਦਾ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਵਿੱਚ ਦਰਸਾਏ ਗਏ ਪਹੁੰਚਯੋਗ ਹੋਣ ਸੰਬੰਧੀ ਲੋੜਾਂ ਦੇ ਅਨੁਸਾਰ ਸਥਾਪਤ ਕੀਤੇ ਗਏ ਹਨ।

(D) ਇਸ ਸੈਕਸ਼ਨ ਦੇ ਅਧੀਨ ਪ੍ਰਦਾਨ ਕੀਤੇ ਗਏ ਵੋਟ ਕੇਂਦਰਾਂ ਨੂੰ ਕਾਉਂਟੀ ਵਿੱਚ ਬਰਾਬਰ ਵੰਡਿਆ ਜਾਂਦਾ ਹੈ ਤਾਂ ਜੋ ਵੋਟਰਾਂ ਲਈ ਵੱਧ ਤੋਂ ਵੱਧ ਸੁਵਿਧਾਜਨਕ ਵਿਕਲਪਾਂ ਨੂੰ ਪ੍ਰਦਾਨ ਕੀਤਾ ਜਾ ਸਕੇ ਅਤੇ ਜਨਤਕ ਆਵਾਜਾਈ ਰੂਟਾਂ ਦੇ ਜਿੰਨਾ ਸੰਭਵ ਹੋ ਸਕੇ ਨੇੜੇ ਪਹੁੰਚਯੋਗ ਟਿਕਾਣਿਆਂ 'ਤੇ ਸਥਾਪਤ ਕੀਤਾ ਜਾ ਸਕੇ। ਵੋਟ ਕੇਂਦਰ ਵੋਟਿੰਗ ਯੂਨਿਟਾਂ ਜਾਂ ਸਿਸਟਮਾਂ ਨਾਲ ਲੈਸ ਹੋਣਗੇ ਜੋ ਅਸਮਰਥਤਾ ਵਾਲੇ ਲੋਕਾਂ ਲਈ ਪਹੁੰਚਯੋਗ ਹੁੰਦੇ ਹਨ ਅਤੇ ਜੋ ਸੈਕਸ਼ਨ 12280 ਅਤੇ 19240 ਦੇ ਅਨੁਸਾਰ ਨਿੱਜੀ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਵੋਟ ਪਾਉਣ ਦੀ ਯੋਗਤਾ ਸਮੇਤ, ਉਨ੍ਹਾਂ ਵੋਟਰਾਂ ਨੂੰ ਪਹੁੰਚ ਅਤੇ ਭਾਗੀਦਾਰੀ ਲਈ ਉਹੀ ਮੌਕਾ ਪ੍ਰਦਾਨ ਕਰਦੇ ਹਨ ਜੋ ਅਪਾਹਜ ਨਹੀਂ ਹਨ।

(E)

(i) ਇਸ ਸੈਕਸ਼ਨ ਦੇ ਅਧੀਨ ਪ੍ਰਦਾਨ ਕੀਤੇ ਗਏ ਵੋਟ ਕੇਂਦਰਾਂ ਵਿੱਚ ਕਾਉਂਟੀ ਚੋਣ ਅਧਿਕਾਰੀ ਲਈ ਘੱਟੋ-ਘੱਟ, ਹੇਠਾਂ ਦਿੱਤੇ ਸਾਰੇ ਵੋਟਰ ਰਜਿਸਟ੍ਰੇਸ਼ਨ ਡੇਟਾ ਤੱਕ ਫੌਰਨ ਪਹੁੰਚ ਪ੍ਰਾਪਤ ਕਰਨ ਲਈ ਇੱਕ ਇਲੈਕਟ੍ਰਾਨਿਕ ਤੰਤ੍ਰ ਮੌਜੂਦ ਹੁੰਦਾ ਹੈ:

(I) ਨਾਮ।

(II) ਪਤਾ।

(III) ਜਨਮ ਦੀ ਤਾਰੀਖ਼।

(IV) ਭਾਸ਼ਾ ਸੰਬੰਧੀ ਤਰਜੀਹ।

(V) ਪਾਰਟੀ ਪਸੰਦਗੀ।

(VI) ਪ੍ਰਾਂਤ।

(VII) ਭਾਵੇਂ ਵੋਟਰ ਨੂੰ ਡਾਕ-ਰਾਹੀਂ-ਵੋਟ ਬੈਲਟ ਜਾਰੀ ਕੀਤਾ ਗਿਆ ਹੈ ਜਾਂ ਨਹੀਂ ਅਤੇ ਭਾਵੇਂ ਕਾਉਂਟੀ ਦੇ ਚੋਣ ਅਧਿਕਾਰੀਆਂ ਦੁਆਰਾ ਬੈਲਟ ਪ੍ਰਾਪਤ ਕੀਤਾ ਗਿਆ ਹੈ ਜਾਂ ਨਹੀਂ।

(ii) ਵੋਟਰ ਰਜਿਸਟ੍ਰੇਸ਼ਨ ਡੇਟਾ ਤੱਕ ਪਹੁੰਚ ਕਰਨ ਲਈ ਇਸਤੇਮਾਲ ਕੀਤੇ ਜਾਣ ਵਾਲੇ ਇਲੈਕਟ੍ਰਾਨਿਕ ਤੰਤ੍ਰ ਨੂੰ ਕਿਸੇ ਵੀ ਤਰੀਕੇ ਨਾਲ ਵੋਟਿੰਗ ਸਿਸਟਮ ਨਾਲ ਨਹੀਂ ਜੋੜਿਆ ਜਾਵੇਗਾ।

(5) ਅਸਮਰਥਤਾਵਾਂ ਵਾਲੇ ਵੋਟਰਾਂ ਲਈ ਇੱਕ ਖਾਲ੍ਹੀ ਡਾਕ-ਰਾਹੀਂ-ਵੋਟ ਬੈਲਟ ਦੀ ਬੇਨਤੀ ਕਰਨ ਅਤੇ ਪ੍ਰਾਪਤ ਕਰਨ ਲਈ ਇੱਕ ਤਰੀਕਾ ਉਪਲਬਧ ਹੈ ਅਤੇ, ਜੇਕਰ ਇੱਕ ਬਦਲੀ ਬੈਲਟ ਜ਼ਰੂਰੀ ਹੈ, ਤਾਂ ਇੱਕ ਖਾਲ੍ਹੀ ਬਦਲਵੇਂ ਬੈਲਟ ਜਿਸਨੂੰ 2002 ਦਾ ਅਮਰੀਕਾ ਦੀ ਵੋਟ ਪਾਉਣ ਵਿੱਚ ਸਹਾਇਤਾ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 20901 ਅਤੇ ਹੋਰ) ਦੇ ਅਨੁਸਾਰ ਅਸਮਰਥਤਾਵਾਂ ਵਾਲੇ ਵੋਟਰ ਨਿੱਜੀ ਅਤੇ ਸੁਤੰਤਰ ਤੌਰ 'ਤੇ ਪੜ੍ਹ ਅਤੇ ਨਿਸ਼ਾਨਦੇਹੀ ਕਰ ਸਕਦੇ ਹਨ।

(6)

(A) ਇਸ ਸੈਕਸ਼ਨ ਵਿੱਚ ਦਿੱਤੇ ਗਏ ਨਿਯਮ ਨੂੰ ਛੱਡ ਕੇ, ਇਸ ਸੈਕਸ਼ਨ ਦੇ ਅਧੀਨ ਸਥਾਪਤ ਕੀਤੇ ਗਏ ਵੋਟ ਕੇਂਦਰਾਂ ਲਈ ਚੋਣ ਬੋਰਡ ਡਿਵੀਜ਼ਨ 12 ਦੇ ਅਧਿਆਇ 4 ਦੇ ਆਰਟੀਕਲ 1 (ਸੈਕਸ਼ਨ 12300 ਤੋਂ ਸ਼ੁਰੂ ਕਰਦਿਆਂ ਹੋਇਆਂ) ਦੇ ਅਨੁਸਾਰ ਯੋਗਤਾ ਅਤੇ ਸੰਰਚਨਾ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ।

(B) ਹਰੇਕ ਵੋਟ ਕੇਂਦਰ 1965 ਦੇ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਦੇ ਸੈਕਸ਼ਨ 12303 ਜਾਂ ਸੈਕਸ਼ਨ 203 ਦੇ ਉਪ-ਡਿਵੀਜ਼ਨ (c) ਦੇ ਅਧੀਨ ਅਧਿਕਾਰ ਖੇਤਰ ਵਿੱਚ ਲੋੜੀਂਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਭਾਸ਼ਾ ਸਹਾਇਤਾ ਪ੍ਰਦਾਨ ਕਰਦਾ ਹੈ ਜਿਸ ਨਾਲ ਲਾਗੂ ਹੋਣ ਵਾਲੇ ਭਾਸ਼ਾਈ ਤੌਰ ਤੇ ਘੱਟ ਗਿਣਤੀ ਵਾਲੇ ਸਮੂਹਾਂ ਵਾਲੇ ਵੋਟਰਾਂ ਨੂੰ ਚੋਣ ਪ੍ਰਕਿਰਿਆ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਹਿੱਸਾ ਲੈਣ ਦੇ ਯੋਗ ਬਣਾਇਆ ਜਾਂਦਾ ਹੈ। ਹਰੇਕ ਵੋਟ ਕੇਂਦਰ ਅੰਗਰੇਜ਼ੀ ਅਤੇ ਹੋਰ ਸਾਰੀਆਂ ਭਾਸ਼ਾਵਾਂ ਵਿੱਚ ਭਾਸ਼ਾ ਸਹਾਇਤਾ ਦੀ ਉਪਲਬਧਤਾ ਬਾਰੇ ਜਾਣਕਾਰੀ ਪੋਸਟ ਕਰੇਗਾ ਜਿਸ ਲਈ 1965 ਦੇ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਦੇ ਸੈਕਸ਼ਨ 12303 ਜਾਂ ਸੈਕਸ਼ਨ 203 ਦੇ ਉਪ-ਡਿਵੀਜ਼ਨ (c) ਦੇ ਤਹਿਤ ਅਧਿਕਾਰ ਖੇਤਰ ਵਿੱਚ ਭਾਸ਼ਾ ਸਹਾਇਤਾ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ।

(i) ਜੇਕਰ ਕੋਈ ਵੋਟ ਕੇਂਦਰ 1965 ਦੇ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਦੇ ਸੈਕਸ਼ਨ 12303 ਜਾਂ ਸੈਕਸ਼ਨ 203 ਦੇ ਉਪ-ਡਿਵੀਜ਼ਨ (c) ਦੇ ਤਹਿਤ ਕਿਸੇ ਪ੍ਰਾਂਤ, ਜਨਗਣਨਾ ਇਲਾਕੇ, ਜਾਂ ਭਾਸ਼ਾ ਦੀਆਂ ਲੋੜਾਂ ਨੂੰ ਸਥਾਪਤ ਕਰਨ ਲਈ ਲੋੜੀਂਦੇ ਹੋਰ ਪਰਿਭਾਸ਼ਿਤ ਭੂਗੋਲਿਕ ਉਪਭਾਗ ਵਿੱਚ ਜਾਂ ਇਸਦੇ ਨੇੜੇ ਸਥਿਤ ਹੈ, ਜਾਂ ਜੇ ਇਸਨੂੰ ਧਾਰਾ (ii) ਵਿੱਚ ਵਰਣਨ ਕੀਤੀ ਗਈ ਜਨਤਕ ਰਾਇ ਦੀ ਪ੍ਰਕਿਰਿਆ ਦੁਆਰਾ ਲੋੜੀਂਦੀ ਭਾਸ਼ਾ ਸਹਾਇਤਾ ਵਜੋਂ ਪਛਾਣ ਕੀਤੀ ਜਾਂਦੀ ਹੈ, ਤਾਂ ਕਾਉਂਟੀ ਚੋਣ ਅਧਿਕਾਰੀ ਇਹ ਯਕੀਨੀ ਬਣਾਏਗਾ ਕਿ ਵੋਟ ਕੇਂਦਰ ਵਿੱਚ ਚੋਣ ਬੋਰਡ ਦੇ ਮੈਂਬਰਾਂ ਵਿੱਚ ਅਜਿਹਾ ਸਟਾਫ਼ ਮੌਜੂਦ ਹੈ ਜੋ ਉਹ ਲੋੜੀਂਦੀ ਭਾਸ਼ਾ ਬੋਲਦੇ ਹਨ। ਜੇਕਰ ਕਾਉਂਟੀ ਚੋਣ ਅਧਿਕਾਰੀ ਉਸ ਲੋੜੀਂਦੀ ਭਾਸ਼ਾ ਬੋਲਣ ਵਾਲੇ ਚੋਣ ਬੋਰਡ ਦੇ ਮੈਂਬਰਾਂ ਦੀ ਭਰਤੀ ਕਰਨ ਵਿੱਚ ਅਸਮਰੱਥ ਹੈ, ਤਾਂ ਕਾਉਂਟੀ ਚੋਣ ਅਧਿਕਾਰੀ ਦੁਆਰਾ ਪ੍ਰਭਾਵੀ ਭਾਸ਼ਾ ਸਹਾਇਤਾ ਦੇ ਵਿਕਲਪਿਕ ਤਰੀਕੇ ਪ੍ਰਦਾਨ ਕੀਤੇ ਜਾਣਗੇ।

(ii) ਕਾਉਂਟੀ ਚੋਣ ਅਧਿਕਾਰੀ 1965 ਦੇ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਦੇ ਸੈਕਸ਼ਨ 12303 ਅਤੇ ਸੈਕਸ਼ਨ 203 ਦੇ ਉਪ-ਡਿਵੀਜ਼ਨ (c) ਦੇ ਅਨੁਸਾਰ ਇਸ ਬਾਰੇ ਜਨਤਕ ਜਾਣਕਾਰੀ ਦੀ ਮੰਗ ਕਰੇਗਾ ਕਿ ਕਿਹੜੇ ਵੋਟ ਕੇਂਦਰਾਂ 'ਤੇ ਚੋਣ ਬੋਰਡ ਦੇ ਮੈਂਬਰਾਂ ਨੂੰ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ ਜੋ ਅੰਗਰੇਜ਼ੀ ਤੋਂ ਇਲਾਵਾ ਕਿਸੇ ਭਾਸ਼ਾ ਵਿੱਚ ਮੁਹਾਰਤ ਰੱਖਦੇ ਹਨ।

(iii) ਕਾਉਂਟੀ ਚੋਣ ਅਧਿਕਾਰੀ ਨਮੂਨਾ ਬੈਲਟ ਵਿੱਚ, ਡਾਕ-ਰਾਹੀਂ-ਵੋਟ ਸਮੱਗਰੀ ਵਿੱਚ, ਅਤੇ ਹਰੇਕ ਵੋਟ ਕੇਂਦਰ 'ਤੇ ਉਪਲਬਧ ਵਿਸ਼ੇਸ਼ ਭਾਸ਼ਾ ਸੇਵਾਵਾਂ ਬਾਰੇ ਅਧਿਕਾਰਤ ਇੰਟਰਨੈਟ ਵੈੱਬਸਾਈਟ 'ਤੇ ਨੋਟਿਸ ਪ੍ਰਦਾਨ ਕਰੇਗਾ।

(C) ਹਰੇਕ ਵੋਟ ਕੇਂਦਰ 1965 ਦੇ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਦੇ ਸੈਕਸ਼ਨ 14201 ਅਤੇ ਸੈਕਸ਼ਨ 203 ਦੇ ਉਪ-ਡਿਵੀਜ਼ਨ (a) ਦੇ ਅਧੀਨ ਅਧਿਕਾਰ ਖੇਤਰ ਵਿੱਚ ਲੋੜੀਂਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦਿਤ ਚੋਣ ਸਮੱਗਰੀ ਪ੍ਰਦਾਨ ਕਰਦਾ ਹੈ।

(D) ਹਰੇਕ ਵੋਟ ਕੇਂਦਰ 1990 ਦੇ ਅਪਾਹਜ ਅਮਰੀਕਾ ਵਾਸੀਆਂ ਲਈ ਬਣੇ ਸੰਘੀ ਅਧਿਨਿਯਮ (42 U.S.C. ਸੈਕਸ਼ਨ

12101 ਅਤੇ ਹੋਰ) ਅਤੇ 1973 ਦੇ ਮੁੜ ਵਸੇਬੇ ਸੰਬੰਧੀ ਸੰਘੀ ਅਧਿਨਿਯਮ (29 U.S.C. ਸੈਕਸ਼ਨ 701 ਅਤੇ ਹੋਰ) ਦੁਆਰਾ ਲੋੜੀਂਦੀਆਂ ਵਾਜਬ ਸੋਧਾਂ ਅਤੇ ਸਹਾਇਕ ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕਰਦਾ ਹੈ।

(7)

(A) ਚੋਣਾਂ ਤੋਂ 10 ਦਿਨ ਪਹਿਲਾਂ ਸ਼ੁਰੂ ਕਰਦਿਆਂ ਹੋਇਆਂ, ਕਾਉਂਟੀ ਚੋਣ ਅਧਿਕਾਰੀ, ਇਲੈਕਟ੍ਰਾਨਿਕ ਫਾਰਮੈਟ ਵਿੱਚ, ਵੋਟਰਾਂ ਦਾ ਇੱਕ ਸੂਚਕਾਂਕ ਰੱਖਦਾ ਹੈ ਜਿਨ੍ਹਾਂ ਨੇ ਇਸ ਸੈਕਸ਼ਨ ਦੇ ਅਨੁਸਾਰ ਸਥਾਪਤ ਕੀਤੇ ਗਏ ਵੋਟ ਕੇਂਦਰਾਂ ਵਿੱਚੋਂ ਇੱਕ 'ਤੇ ਹੇਠ ਲਿਖਿਆਂ ਵਿੱਚੋਂ ਕੋਈ ਵੀ ਕੀਤਾ ਹੈ:

(i) ਵੋਟ ਕਰਨ ਲਈ ਰਜਿਸਟਰ ਕਰਨਾ ਜਾਂ ਅੱਪਡੇਟ ਕੀਤਾ ਹੋਇਆ ਮਤਦਾਤਾ ਦਾ ਵੋਟਰ ਰਜਿਸਟ੍ਰੇਸ਼ਨ।

(ii) ਆਰਜ਼ੀ ਬੈਲਟ ਜਾਂ ਬਦਲਵੀਂ ਬੈਲਟ ਪ੍ਰਾਪਤ ਕੀਤਾ ਅਤੇ ਵੋਟ ਪਾਈ।

(iii) ਕਿਸੇ ਵੋਟ ਕੇਂਦਰ 'ਤੇ ਸਾਜ਼ੋ-ਸਾਮਾਨ ਦੀ ਵਰਤੋਂ ਕਰਕੇ ਬੈਲਟ 'ਤੇ ਵੋਟ ਪਾਈ।

(B) ਉਪ-ਪੈਰਾਗ੍ਰਾਫ (A) ਦੁਆਰਾ ਲੋੜੀਂਦੇ ਸੂਚਕਾਂਕ ਵਿੱਚ ਹਰੇਕ ਵੋਟਰ ਲਈ ਉਹੀ ਜਾਣਕਾਰੀ ਸ਼ਾਮਲ ਹੁੰਦੀ ਹੈ ਜੋ ਸੈਕਸ਼ਨ 14294 ਦੇ ਅਨੁਸਾਰ ਪੋਸਟ ਕੀਤੀਆਂ ਗਈਆਂ ਰੋਸਟਰ ਦੀਆਂ ਕਾਪੀਆਂ ਵਿੱਚ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ। ਉਪ-ਪੈਰਾਗ੍ਰਾਫ (A) ਦੁਆਰਾ ਲੋੜੀਂਦਾ ਸੂਚਕਾਂਕ ਕਿਸੇ ਵੀ ਸਮੇਂ ਦੌਰਾਨ ਲਗਾਤਾਰ ਅੱਪਡੇਟ ਕੀਤਾ ਜਾਵੇਗਾ ਜਦੋਂ ਅਧਿਕਾਰ ਖੇਤਰ ਵਿੱਚ ਕੋਈ ਵੋਟ ਕੇਂਦਰ ਖੁੱਲ੍ਹਿਆ ਹੁੰਦਾ ਹੈ।

(8)

(A) ਚੋਣਾਂ ਦੇ ਦਿਨ ਤੋਂ 29 ਦਿਨ ਪਹਿਲਾਂ ਤੋਂ, ਕਾਉਂਟੀ ਚੋਣ ਅਧਿਕਾਰੀ ਰਜਿਸਟਰ ਹੋਏ ਵੋਟਰਾਂ ਨੂੰ ਡਾਕ-ਰਾਹੀਂ-ਵੋਟ ਬੈਲਟ ਪੈਕੇਟ ਭੇਜਣਾ ਸ਼ੁਰੂ ਕਰਦਾ ਹੈ ਜਿਸ ਵਿੱਚ ਡਾਕ-ਰਾਹੀਂ-ਵੋਟ ਬੈਲਟ ਦੀ ਵਰਤੋਂ ਅਤੇ ਵਾਪਸੀ ਦੀਆਂ ਹਿਦਾਇਤਾਂ ਦੇਣ ਵਾਲਾ ਇੱਕ ਵਾਪਸੀ ਲਿਫ਼ਾਫ਼ਾ ਵੀ ਸ਼ਾਮਲ ਹੁੰਦਾ ਹੈ। ਕਾਉਂਟੀ ਚੋਣ ਅਧਿਕਾਰੀ ਕੋਲ ਚੋਣਾਂ ਵਾਲੇ ਦਿਨ ਤੋਂ ਪਹਿਲਾਂ 29ਵੇਂ ਦਿਨ ਤੱਕ ਵੋਟ ਪਾਉਣ ਲਈ ਰਜਿਸਟਰ ਕੀਤੇ ਹਰੇਕ ਵਿਅਕਤੀ ਨੂੰ ਇੱਕ ਬੈਲਟ ਡਾਕ ਰਾਹੀਂ ਭੇਜਣ ਲਈ ਪੰਜ ਦਿਨ ਅਤੇ ਹਰੇਕ ਬਾਅਦ ਵਿੱਚ ਰਜਿਸਟਰ ਹੋਣ ਵਾਲੇ ਵੋਟਰ ਲਈ ਪੰਜ ਦਿਨ ਦਾ ਸਮਾਂ ਹੋਵੇਗਾ। ਕਾਉਂਟੀ ਚੋਣ ਅਧਿਕਾਰੀ ਇਹ ਚੁਣਨ ਵਿੱਚ ਕਾਉਂਟੀ ਵਿੱਚ ਕਿਸੇ ਖੇਤਰ ਜਾਂ ਪ੍ਰਾਂਤ ਨਾਲ ਵਿਤਕਰਾ ਨਹੀਂ ਕਰੇਗਾ ਕਿ ਕਿਹੜੇ ਬੈਲਟ ਪਹਿਲਾਂ ਨਿਰਧਾਰਿਤ ਪੰਜ ਦਿਨਾਂ ਦੀ ਡਾਕ ਮਿਆਦ ਦੇ ਅੰਦਰ-ਅੰਦਰ ਭੇਜੇ ਜਾਣੇ ਹਨ।

(B) ਕਾਉਂਟੀ ਚੋਣ ਅਧਿਕਾਰੀ ਹਰੇਕ ਵੋਟਰ ਨੂੰ ਸੈਕਸ਼ਨ 13303 ਦੇ ਅਨੁਸਾਰ ਭੇਜੇ ਗਏ ਨਮੂਨੇ ਦੇ ਬੈਲਟ ਦੇ ਨਾਲ ਜਾਂ ਡਾਕ-ਰਾਹੀਂ-ਵੋਟ ਬੈਲਟ ਪੈਕੇਟ ਦੁਆਰਾ ਵੋਟ ਦੇ ਨਾਲ, ਹੇਠਾਂ ਦਿੱਤੀਆਂ ਸਾਰੀਆਂ ਚੀਜ਼ਾਂ ਪ੍ਰਦਾਨ ਕਰਦਾ ਹੈ:

(i) ਇੱਕ ਨੋਟਿਸ, 1965 ਦੇ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਦੇ ਸੈਕਸ਼ਨ 14201 ਅਤੇ ਸੈਕਸ਼ਨ 203 ਦੇ ਉਪ-ਡਿਵੀਜ਼ਨ (a) ਦੇ ਅਧੀਨ ਲੋੜੀਂਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ, ਜੋ ਵੋਟਰਾਂ ਨੂੰ ਹੇਠਾਂ ਦਿੱਤੇ ਸਾਰੇ ਬਾਰੇ ਸੂਚਿਤ ਕਰਦਾ ਹੈ:

(I) ਇੱਕ ਸਾਰੀ ਡਾਕ ਰਾਹੀਂ ਬੈਲਟ ਚੋਣ ਆਯੋਜਿਤ ਕੀਤੀ ਜਾ ਰਹੀ ਹੈ ਅਤੇ ਹਰੇਕ ਯੋਗ ਵੋਟਰ ਨੂੰ ਇੱਕ ਡਾਕ-ਰਾਹੀਂ-ਵੋਟ ਬੈਲਟ ਡਾਕ ਰਾਹੀਂ ਭੇਜਿਆ ਜਾਵੇਗਾ।

(II) ਵੋਟਰ ਪੈਰਾਗ੍ਰਾਫ਼ (4) ਦੇ ਉਪ-ਪੈਰਾਗ੍ਰਾਫ (A) ਵਿੱਚ ਦਰਸਾਏ ਗਏ ਸਮੇਂ ਅਤੇ ਦਿਨਾਂ ਦੌਰਾਨ ਡਾਕ-ਰਾਹੀਂ-ਵੋਟ ਜਾਂ ਚੋਣਾਂ ਵਾਲੇ ਦਿਨ ਵੋਟ ਕੇਂਦਰ ਵਿੱਚ ਵਿਅਕਤੀਗਤ ਤੌਰ 'ਤੇ ਜਾਕੇ ਵੋਟ ਪਾ ਸਕਦਾ ਹੈ।

(III)ਚੋਣਾਂ ਦੇ ਦਿਨ ਤੋਂ ਸੱਤ ਦਿਨ ਪਹਿਲਾਂ, ਵੋਟਰ ਕਾਉਂਟੀ ਚੋਣ ਅਧਿਕਾਰੀ ਨੂੰ 1965 ਦੇ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਦੇ ਸੈਕਸ਼ਨ 203 ਦੇ ਅਨੁਸਾਰ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਡਾਕ-ਰਾਹੀਂ-ਵੋਟ ਬੈਲਟ ਜਾਂ ਧਾਰਾ 14201 ਦੇ ਅਨੁਸਾਰ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਛਾਪੀਪ੍ਰਿੰਟ ਕੀਤੀ ਗਈ ਬੈਲਟ ਦੀ ਪ੍ਰਤੀਕਿਰਤੀ ਕਾਪੀ ਭੇਜਣ ਲਈ ਬੇਨਤੀ ਕਰ ਸਕਦਾ ਹੈ।

(IV) ਚੋਣਾਂ ਦੇ ਦਿਨ ਤੋਂ ਸੱਤ ਦਿਨ ਪਹਿਲਾਂ ਤੱਕ, ਵੋਟਰ ਕਾਉਂਟੀ ਚੋਣ ਅਧਿਕਾਰੀ ਨੂੰ ਬੈਲਟ ਭੇਜਣ ਜਾਂ ਡਿਲੀਵਰ ਕਰਨ ਲਈ ਬੇਨਤੀ ਕਰ ਸਕਦਾ ਹੈ ਜਿਸ ਨੂੰ ਸੰਘੀ ਅਮਰੀਕਾ ਨੂੰ ਵੋਟ ਪਾਉਣ ਵਿੱਚ ਮਦਦ ਕਰੋ ਅਧਿਨਿਯਮ 2002 (52 U.S.C. ਸੈਕਸ਼ਨ 20901 ਅਤੇ ਹੋਰ) ਦੇ ਅਨੁਸਾਰ ਅਸਮਰਥਤਾ ਵਾਲੇ ਵੋਟਰ ਨਿੱਜੀ ਅਤੇ ਸੁਤੰਤਰ ਤੌਰ 'ਤੇ ਪੜ੍ਹ ਅਤੇ ਨਿਸ਼ਾਨਦੇਹੀ ਕਰ ਸਕਦੇ ਹਨ।

(ii) ਇਸ ਸੈਕਸ਼ਨ ਅਨੁਸਾਰ ਸਥਾਪਤ ਕੀਤੇ ਗਏ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਅਤੇ ਵੋਟ ਕੇਂਦਰਾਂ ਦੀ ਸੂਚੀ, ਜਿਸ ਵਿੱਚ ਤਾਰੀਖ਼ਾਂ ਅਤੇ ਘੰਟੇ ਸ਼ਾਮਲ ਹਨ ਜਦੋਂ ਕਿ ਉਹ ਖੁੱਲ੍ਹੇ ਹਨ)। ਸੂਚੀ ਨੂੰ ਕਾਉਂਟੀ ਚੋਣ ਅਧਿਕਾਰੀ ਦੀ ਇੰਟਰਨੈਟ ਵੈੱਬਸਾਈਟ 'ਤੇ ਵੀ ਅਜਿਹੇ ਫਾਰਮੈਟ ਵਿੱਚ ਪੋਸਟ ਕੀਤਾ ਜਾਵੇਗਾ ਜੋ ਸਰਕਾਰੀ ਕੋਡ ਦੇ ਸੈਕਸ਼ਨ 11135 ਦੇ ਅਨੁਸਾਰ ਅਸਮਰਥਤਾ ਵਾਲੇ ਲੋਕਾਂ ਲਈ ਪਹੁੰਚਯੋਗ ਹੈ।

(iii) ਡਾਕ-ਟਿਕਟ ਅਦਾ ਕੀਤਾ ਗਿਆ ਪੋਸਟਕਾਰਡ ਜੋ ਕਿ ਵੋਟਰ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਡਾਕ-ਰਾਹੀਂ-ਵੋਟ ਬੈਲਟ ਲਈ ਬੇਨਤੀ ਕਰਨ ਦੇ ਉਦੇਸ਼ ਲਈ ਜਾਂ ਇੱਕ ਪਹੁੰਚਯੋਗ ਫਾਰਮੈਟ ਵਿੱਚ ਡਾਕ-ਰਾਹੀਂ-ਵੋਟ ਬੈਲਟ ਦੀ ਬੇਨਤੀ ਕਰਨ ਦੇ ਉਦੇਸ਼ ਲਈ ਕਾਉਂਟੀ ਚੋਣ ਅਧਿਕਾਰੀ ਕੋਲ ਵਾਪਸ ਭੇਜ ਸਕਦਾ ਹੈ।

(C) ਬੇਨਤੀ ਕੀਤੇ ਜਾਣ 'ਤੇ, ਕਾਉਂਟੀ ਦਾ ਚੋਣ ਅਧਿਕਾਰੀ ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਇੱਕ ਪਹੁੰਚਯੋਗ ਫਾਰਮੈਟ ਵਿੱਚ ਲਿਖਤੀ ਵੋਟਿੰਗ ਸਮੱਗਰੀ ਪ੍ਰਦਾਨ ਕਰਦਾ ਹੈ, ਜਿਵੇਂ ਕਿ 1990 ਦੇ ਅਪਾਹਜ ਅਮਰੀਕਾ ਵਾਸੀਆਂ ਲਈ ਬਣੇ ਸੰਘੀ ਅਧਿਨਿਯਮ (42 U.S.C. ਸੈਕਸ਼ਨ 12101 ਅਤੇ ਹੋਰ) ਅਤੇ 1973 ਦੇ ਸੰਘੀ ਮੁੜ ਵਸੇਬਾ ਅਧਿਨਿਯਮ (29 U.S.C. ਸੈਕਸ਼ਨ 701 ਅਤੇ ਹੋਰ) ਦੁਆਰਾ ਲੋੜੀਂਦਾ ਹੈ।

(9)

(A) ਕਾਉਂਟੀ ਦਾ ਚੋਣ ਅਧਿਕਾਰੀ ਇੱਕ ਭਾਸ਼ਾ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਸਥਾਪਨਾ ਕਰਦਾ ਹੈ ਜਿਸ ਵਿੱਚ ਭਾਸ਼ਾਈ ਤੌਰ ਤੇ ਘੱਟ ਗਿਣਤੀ ਵਾਲੇ ਭਾਈਚਾਰਿਆਂ ਦੇ ਨੁਮਾਇੰਦੇ ਸ਼ਾਮਲ ਹੁੰਦੇ ਹਨ। ਕਮੇਟੀ ਦੀ ਸਥਾਪਨਾ ਇਸ ਸੈਕਸ਼ਨ ਦੇ ਅਨੁਸਾਰ ਕਰਵਾਈ ਗਈ ਪਹਿਲੀ ਚੋਣ ਤੋਂ ਪਹਿਲਾਂ ਵਾਲੇ ਸਾਲ ਦੀ 1 ਅਕਤੂਬਰ ਤੋਂ ਪਹਿਲਾਂ-ਪਹਿਲਾਂ ਕੀਤੀ ਜਾਵੇਗੀ। ਕਮੇਟੀ ਆਪਣੀ ਪਹਿਲੀ ਮੀਟਿੰਗ ਸਾਲ ਦੀ 1 ਅਪ੍ਰੈਲ ਤੋਂ ਪਹਿਲਾਂ-ਪਹਿਲਾਂ ਰੱਖੇਗੀ ਜਿਸ ਵਿੱਚ ਇਸ ਸੈਕਸ਼ਨ ਦੇ ਅਨੁਸਾਰ ਪਹਿਲੀ ਚੋਣ ਆਯੋਜਿਤ ਕੀਤੀ ਗਈ ਹੈ।

(B) ਕਾਉਂਟੀ ਦਾ ਚੋਣ ਅਧਿਕਾਰੀ ਇੱਕ ਵੋਟਿੰਗ ਤੱਕ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀ ਦੀ ਸਥਾਪਨਾ ਕਰਦਾ ਹੈ ਜਿਸ ਵਿੱਚ ਅਸਮਰਥਤਾਵਾਂ ਵਾਲੇ ਵੋਟਰ ਸ਼ਾਮਲ ਹੁੰਦੇ ਹਨ। ਕਮੇਟੀ ਦੀ ਸਥਾਪਨਾ ਇਸ ਸੈਕਸ਼ਨ ਦੇ ਅਨੁਸਾਰ ਕਰਵਾਈ

ਗਈ ਪਹਿਲੀ ਚੋਣ ਤੋਂ ਪਹਿਲਾਂ ਵਾਲੇ ਸਾਲ ਦੀ 1 ਅਕਤੂਬਰ ਤੋਂ ਪਹਿਲਾਂ-ਪਹਿਲਾਂ ਕੀਤੀ ਜਾਵੇਗੀ। ਕਮੇਟੀ ਆਪਣੀ ਪਹਿਲੀ ਮੀਟਿੰਗ ਸਾਲ ਦੀ 1 ਅਪ੍ਰੈਲ ਤੋਂ ਪਹਿਲਾਂ-ਪਹਿਲਾਂ ਰੱਖੇਗੀ ਜਿਸ ਵਿੱਚ ਇਸ ਸੈਕਸ਼ਨ ਦੇ ਅਨੁਸਾਰ ਪਹਿਲੀ ਚੋਣ ਆਯੋਜਿਤ ਕੀਤੀ ਗਈ ਹੈ।

(C) 50,000 ਤੋਂ ਘੱਟ ਰਜਿਸਟਰਡ ਵੋਟਰਾਂ ਵਾਲੀ ਕਾਉਂਟੀ ਭਾਸ਼ਾਈ ਤੌਰ ਤੇ ਘੱਟ ਗਿਣਤੀ ਵਾਲੇ ਭਾਈਚਾਰਿਆਂ ਅਤੇ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਇੱਕ ਸਾਂਝੀ ਸਲਾਹਕਾਰ ਕਮੇਟੀ ਦੀ ਸਥਾਪਨਾ ਕਰ ਸਕਦੀ ਹੈ।

(10)

(A) ਕਾਉਂਟੀ ਚੋਣ ਅਧਿਕਾਰੀ ਜਨਤਾ ਦੇ ਨਾਲ ਸਲਾਹ-ਮਸ਼ਵਰਾ ਕਰਕੇ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਲਈ ਇੱਕ ਡਰਾਫਟ ਯੋਜਨਾ ਤਿਆਰ ਕਰਦਾ ਹੈ, ਜਿਸ ਵਿੱਚ ਹੇਠਾਂ ਦਿੱਤੇ ਦੋਵੇਂ ਸ਼ਾਮਲ ਹੁੰਦੇ ਹਨ:

(i) ਇੱਕ ਮੀਟਿੰਗ, ਮੀਟਿੰਗ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਜਨਤਕ ਤੌਰ 'ਤੇ ਸੂਚਿਤ ਕੀਤੀ ਗਈ, ਜਿਸ ਵਿੱਚ ਹਰੇਕ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੇ ਨੁਮਾਇੰਦੇ, ਪੱਖ-ਸਮਰਥਕ ਅਤੇ ਹੋਰ ਹਿੱਸੇਦਾਰ ਸ਼ਾਮਲ ਹੁੰਦੇ ਹਨ ਜਿਸ ਲਈ ਕਾਉਂਟੀ ਨੂੰ ਸੈਕਸ਼ਨ 14201 ਦੇ ਉਪ-ਡਿਵੀਜ਼ਨ (a) ਅਤੇ 1965 ਦਾ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਦੇ ਤਹਿਤ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਵੋਟ ਪਾਉਣ ਸੰਬੰਧੀ ਸਮੱਗਰੀ ਅਤੇ ਸਹਾਇਤਾ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ।

(ii) ਇੱਕ ਮੀਟਿੰਗ, ਮੀਟਿੰਗ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਜਨਤਕ ਤੌਰ 'ਤੇ ਸੂਚਿਤ ਕੀਤੀ ਗਈ, ਜਿਸ ਵਿੱਚ ਅਪਾਹਜਤਾ ਵਾਲੇ ਭਾਈਚਾਰੇ ਅਤੇ ਭਾਈਚਾਰਕ ਸੰਸਥਾਵਾਂ ਅਤੇ ਅਜਿਹੇ ਵਿਅਕਤੀ ਸ਼ਾਮਲ ਹੁੰਦੇ ਹਨ ਜੋ ਅਸਮਰਥਤਾਵਾਂ ਵਾਲੇ ਲੋਕਾਂ ਦੀ ਤਰਫ਼ੋਂ ਵਕਾਲਤ ਕਰਦੇ ਹਨ, ਜਾਂ ਉਨ੍ਹਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ।

(B) ਕਾਉਂਟੀ ਚੋਣ ਅਧਿਕਾਰੀ, ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਲਈ ਇੱਕ ਡਰਾਫਟ ਯੋਜਨਾ ਤਿਆਰ ਕਰਨ ਵੇਲੇ, ਘੱਟੋ-ਘੱਟ, ਹੇਠ ਲਿਖੀਆਂ ਸਾਰੀਆਂ ਗੱਲਾਂ 'ਤੇ ਵਿਚਾਰ ਕਰਦਾ ਹੈ:

(i) ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ ਦੀ ਜਨਤਕ ਆਵਾਜਾਈ ਦੇ ਸਾਧਨ ਨਾਲ ਨਜ਼ਦੀਕੀ।

(ii) ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ ਦੀ ਇਤਿਹਾਸਕ ਤੌਰ 'ਤੇ ਡਾਕ-ਰਾਹੀਂ-ਵੋਟ ਦੀ ਘੱਟ ਵਰਤੋਂ ਕਰਨ ਵਾਲੇ ਭਾਈਚਾਰਿਆਂ ਨਾਲ ਨਜ਼ਦੀਕੀ।

(iii) ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ ਦੀ ਜਨਸੰਖਿਆ ਕੇਂਦਰਾਂ ਨਾਲ ਨਜ਼ਦੀਕੀ।

(iv) ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ ਦੀ ਭਾਸ਼ਾਈ ਤੌਰ 'ਤੇ ਘੱਟ ਗਿਣਤੀ ਵਾਲੇ ਭਾਈਚਾਰਿਆਂ ਨਾਲ ਨਜ਼ਦੀਕੀ।

(v) ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ ਦੀ ਅਸਮਰਥਤਾਵਾਂ ਵਾਲੇ ਵੋਟਰਾਂ ਨਾਲ ਨਜ਼ਦੀਕੀ।

(vi) ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ ਦੀ ਗੱਡੀ ਦੀ ਮਲਕੀਅਤ ਵਾਲੇ ਪਰਿਵਾਰਾਂ ਦੀ ਘੱਟ ਦਰ ਵਾਲੇ ਭਾਈਚਾਰਿਆਂ ਨਾਲ ਨਜ਼ਦੀਕੀ।

(vii) ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ ਦੀ ਘੱਟ ਆਮਦਨ ਵਾਲੇ ਭਾਈਚਾਰਿਆਂ ਨਾਲ ਨਜ਼ਦੀਕੀ।

(viii) ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ ਦੀ ਯੋਗ ਵੋਟਰਾਂ ਵਾਲੇ ਭਾਈਚਾਰਿਆਂ ਨਾਲ ਨਜ਼ਦੀਕੀ ਜੋ ਵੋਟ ਪਾਉਣ ਲਈ ਰਜਿਸਟਰਡ ਨਹੀਂ ਹਨ ਅਤੇ ਉਨ੍ਹਾਂ ਨੂੰ ਉਸੇ ਦਿਨ ਵੋਟਰ ਰਜਿਸਟ੍ਰੇਸ਼ਨ ਤੱਕ ਪਹੁੰਚਣ ਦੀ ਲੋੜ ਹੋ ਸਕਦੀ ਹੈ।

(ix) ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ ਦੀ ਭੂਗੋਲਿਕ ਤੌਰ 'ਤੇ ਅਲੱਗ-ਥਲੱਗ ਰਹਿਣ ਵਾਲੀਆਂ ਆਬਾਦੀਆਂ ਨਾਲ ਨਜ਼ਦੀਕੀ, ਮੂਲ ਅਮਰੀਕੀ ਰਿਜ਼ਰਵੇਸ਼ਨਾਂ ਸਮੇਤ।

(x) ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਔਫ਼ ਟਿਕਾਣਿਆਂ 'ਤੇ ਪਹੁੰਚਯੋਗ ਅਤੇ ਮੁਫਤ ਪਾਰਕਿੰਗ ਤੱਕ ਪਹੁੰਚ।

(xi) ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ ਤੋਂ ਉਹ ਦੂਰੀ ਅਤੇ ਸਮਾਂ ਜਿਸ ਲਈ ਵੋਟਰ ਨੂੰ ਕਾਰ ਜਾਂ ਜਨਤਕ ਆਵਾਜਾਈ ਦੇ ਸਾਧਨ ਦੁਆਰਾ ਯਾਤਰਾ ਕਰਨੀ ਲਾਜ਼ਮੀ ਹੈ।

(xii) ਅਸਮਰਥਤਾ ਵਾਲੇ ਵੋਟਰਾਂ ਲਈ ਵਿਕਲਪਿਕ ਤਰੀਕਿਆਂ ਦੀ ਲੋੜ ਜਿਨ੍ਹਾਂ ਲਈ ਡਾਕ-ਰਾਹੀਂ-ਵੋਟ ਬੈਲਟ 'ਤੇ ਵੋਟ ਪਾਉਣਾ ਪਹੁੰਚਯੋਗ ਨਹੀਂ ਹੈ।

(xiii) ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਦੇ ਨਜ਼ਦੀਕ ਟ੍ਰੈਫ਼ਿਕ ਦੇ ਪੈਟਰਨ।

(xiv) ਇਸ ਸੈਕਸ਼ਨ ਦੇ ਅਨੁਸਾਰ ਸਥਾਪਤ ਕੀਤੇ ਗਏ ਵੋਟ ਕੇਂਦਰਾਂ ਦੀ ਗਿਣਤੀ ਤੋਂ ਇਲਾਵਾ ਮੋਬਾਈਲ ਵੋਟ ਕੇਂਦਰਾਂ ਦੀ ਲੋੜ ਹੈ।

(xv) ਕਿਸੇ ਜਨਤਕ ਜਾਂ ਪ੍ਰਾਈਵੇਟ ਯੂਨੀਵਰਸਿਟੀ ਜਾਂ ਕਾਲਜ ਕੈਂਪਸ ਵਿੱਚ ਵੋਟ ਕੇਂਦਰ ਟਿਕਾਣਾ।

(C) ਕਾਊਂਟੀ ਚੋਣ ਅਧਿਕਾਰੀ ਜਨਤਕ ਤੌਰ 'ਤੇ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਲਈ ਡਰਾਫਟ ਯੋਜਨਾ ਦਾ ਜਨਤਕ ਨੋਟਿਸ ਦਿੰਦਾ ਹੈ ਅਤੇ ਉਪ-ਪੈਰਾਗ੍ਰਾਫ (D) ਦੇ ਅਨੁਸਾਰ ਹੋਈ ਸੁਣਵਾਈ ਤੋਂ ਘੱਟੋ-ਘੱਟ 14 ਦਿਨ ਪਹਿਲਾਂ ਡਰਾਫਟ ਯੋਜਨਾ 'ਤੇ ਜਨਤਕ ਟਿੱਪਣੀਆਂ ਨੂੰ ਸਵੀਕਾਰ ਕਰਦਾ ਹੈ।

(D)

(i) ਉਪ-ਪੈਰਾਗ੍ਰਾਫ (C) ਦੁਆਰਾ ਲੋੜੀਂਦੀ 14-ਦਿਨਾਂ ਦੀ ਸਮੀਖਿਆ ਮਿਆਦ ਤੋਂ ਬਾਅਦ, ਕਾਊਂਟੀ ਚੋਣ ਅਧਿਕਾਰੀ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਲਈ ਡਰਾਫਟ ਯੋਜਨਾ 'ਤੇ ਵਿਚਾਰ ਕਰਨ ਅਤੇ ਜਨਤਕ ਟਿੱਪਣੀਆਂ ਨੂੰ ਸਵੀਕਾਰ ਕਰਨ ਲਈ ਇੱਕ ਜਨਤਕ ਮੀਟਿੰਗ ਦਾ ਆਯੋਜਨ ਕਰਦਾ ਹੈ। ਕਾਊਂਟੀ ਬੋਰਡ ਔਫ਼ ਸੁਪਰਵਾਈਜ਼ਰ ਦੇ ਕਲਰਕ ਅਤੇ ਕਾਊਂਟੀ ਚੋਣ ਅਧਿਕਾਰੀ ਦੀਆਂ ਇੰਟਰਨੈੱਟ ਵੈੱਬਸਾਈਟਾਂ 'ਤੇ ਮੀਟਿੰਗ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਮੀਟਿੰਗ ਜਨਤਕ ਤੌਰ 'ਤੇ ਸੂਚਿਤ ਕੀਤੀ ਜਾਵੇਗੀ, ਜਾਂ, ਕਾਊਂਟੀ ਚੋਣ ਅਧਿਕਾਰੀ ਦੇ ਦਫ਼ਤਰ ਵਿੱਚ, ਜੇ ਨਾ ਤਾਂ ਕਾਊਂਟੀ ਬੋਰਡ ਔਫ਼ ਸੁਪਰਵਾਈਜ਼ਰ ਦਾ ਕਲਰਕ ਅਤੇ ਨਾ ਹੀ ਕਾਊਂਟੀ ਚੋਣ ਅਧਿਕਾਰੀ ਕਿਸੇ ਇੰਟਰਨੈਟ ਵੈੱਬਸਾਈਟ ਦਾ ਪ੍ਰਬੰਧਨ ਕਰਦੇ ਹਨ।

(ii) ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਲਈ ਡਰਾਫਟ ਯੋਜਨਾ 'ਤੇ ਵਿਚਾਰ ਕਰਨ ਅਤੇ ਜਨਤਕ ਟਿੱਪਣੀਆਂ ਨੂੰ ਸਵੀਕਾਰ ਕਰਨ ਲਈ ਜਨਤਕ ਸੁਣਵਾਈ ਤੋਂ ਬਾਅਦ, ਕਾਊਂਟੀ ਚੋਣ ਅਧਿਕਾਰੀ

ਕਿਸੇ ਵੀ ਜਨਤਕ ਟਿੱਪਣੀ 'ਤੇ ਵਿਚਾਰ ਕਰੇਗਾ ਜੋ ਅਧਿਕਾਰੀ ਜਨਤਾ ਤੋਂ ਪ੍ਰਾਪਤ ਕਰਦਾ ਹੈ ਅਤੇ ਜਨਤਕ ਟਿੱਪਣੀਆਂ ਦੀ ਪ੍ਰਤੀਕਿਰਿਆ ਵਜੋਂ ਜਿਸ ਹੱਦ ਤੱਕ ਉਹ ਅਧਿਕਾਰੀ ਉਚਿਤ ਸਮਝੇ, ਡਰਾਫਟ ਯੋਜਨਾ ਵਿੱਚ ਸੋਧ ਕਰੇਗਾ। ਕਾਉਂਟੀ ਚੋਣ ਅਧਿਕਾਰੀ ਸੋਧੇ ਹੋਏ ਡਰਾਫਟ ਪਲਾਨ ਨੂੰ ਜਨਤਕ ਤੌਰ 'ਤੇ ਨੋਟਿਸ ਕਰੇਗਾ ਅਤੇ ਕਾਉਂਟੀ ਚੋਣ ਅਧਿਕਾਰੀ ਉਪ-ਧਾਰਾ (E) ਦੇ ਅਨੁਸਾਰ ਸੋਧੀ ਹੋਈ ਡਰਾਫਟ ਯੋਜਨਾ ਨੂੰ ਅਪਣਾਉਣ ਤੋਂ ਘੱਟੋ-ਘੱਟ 14 ਦਿਨ ਪਹਿਲਾਂ ਲਈ ਸੋਧੇ ਹੋਏ ਡਰਾਫਟ ਪਲਾਨ 'ਤੇ ਜਨਤਕ ਟਿੱਪਣੀਆਂ ਨੂੰ ਸਵੀਕਾਰ ਕਰੇਗਾ।

(E)

(i) ਸਬ-ਪੈਰਾਗ੍ਰਾਫ਼ (D) ਦੇ ਸੈਕਸ਼ਨ (ii) ਦੇ ਅਨੁਸਾਰ ਲੋੜੀਂਦੇ 14-ਦਿਨਾਂ ਦੀ ਸਮੀਖਿਆ ਅਤੇ ਟਿੱਪਣੀ ਦੀ ਮਿਆਦ ਤੋਂ ਬਾਅਦ, ਕਾਉਂਟੀ ਚੋਣ ਅਧਿਕਾਰੀ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਲਈ ਇੱਕ ਫਾਈਨਲ ਯੋਜਨਾ ਅਪਣਾ ਸਕਦਾ ਹੈ, ਅਤੇ ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਨੂੰ ਸਬਮਿਟ ਕਰੇਗਾ, ਜੋ ਕਿ ਉਪ-ਪੈਰਾਗ੍ਰਾਫ਼ (I) ਦੇ ਸੈਕਸ਼ਨ (i) ਦੁਆਰਾ ਸੇਕ੍ਰੇਟਰੀ ਔਫ਼ ਸਟੇਟ ਦੇ ਅਨੁਮੋਦਨ ਲਈ ਲੋੜੀਂਦਾ ਹੈ।

(ii) ਸੇਕ੍ਰੇਟਰੀ ਔਫ਼ ਸਟੇਟ ਕਾਉਂਟੀ ਚੋਣ ਅਧਿਕਾਰੀ ਦੁਆਰਾ ਯੋਜਨਾ ਸਬਮਿਟ ਕੀਤੇ ਜਾਣ ਤੋਂ ਬਾਅਦ 14 ਦਿਨਾਂ ਦੇ ਅੰਦਰ-ਅੰਦਰ, ਉਪ-ਪੈਰਾਗ੍ਰਾਫ਼ (I) ਦੇ ਸੈਕਸ਼ਨ (i) ਦੇ ਅਨੁਸਾਰ ਜਮ੍ਹਾ ਕਰਵਾਈ ਗਈ ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਨੂੰ ਅਨੁਮੋਦਿਤ, ਸੰਸ਼ੋਧਨਾਂ ਨਾਲ ਅਨੁਮੋਦਿਤ ਜਾਂ ਨਾਮਨਜ਼ੂਰ ਕਰਨਗੇ।

(iii) ਡਰਾਫਟ ਯੋਜਨਾ, ਸੰਸ਼ੋਧਿਤ ਡਰਾਫਟ ਯੋਜਨਾ, ਅਤੇ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਲਈ ਅਪਣਾਈ ਗਈ ਫਾਈਨਲ ਯੋਜਨਾ ਕਾਉਂਟੀ ਚੋਣ ਅਧਿਕਾਰੀ ਦੀ ਇੰਟਰਨੈੱਟ ਵੈੱਬਸਾਈਟ 'ਤੇ ਹਰੇਕ ਭਾਸ਼ਾ ਵਿੱਚ ਪੋਸਟ ਕੀਤੀ ਜਾਵੇਗੀ ਜਿਸ ਵਿੱਚ ਕਾਉਂਟੀ ਨੂੰ ਸੈਕਸ਼ਨ 14201 ਦੇ ਉਪ-ਡਿਵੀਜ਼ਨ (a) ਅਤੇ 1965 ਦਾ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਦੇ ਅਧੀਨ ਵੋਟਿੰਗ ਸਮੱਗਰੀ ਪ੍ਰਦਾਨ ਕਰਨ ਦੀ ਲੋੜ ਹੈ ਅਤੇ ਸਰਕਾਰੀ ਕੋਡ ਦੇ ਸੈਕਸ਼ਨ 11135 ਦੇ ਅਨੁਸਾਰ ਸੇਕ੍ਰੇਟਰੀ ਔਫ਼ ਸਟੇਟ ਦੀ ਇੰਟਰਨੈਟ ਵੈੱਬਸਾਈਟ 'ਤੇ ਅਸਮਰਥਤਾਵਾਂ ਵਾਲੇ ਲੋਕਾਂ ਲਈ ਪਹੁੰਚਯੋਗ ਫਾਰਮੈਟ ਵਿੱਚ ਪੋਸਟ ਕੀਤੀ ਜਾਵੇਗੀ।

(F) ਇਸ ਪੈਰਾਗ੍ਰਾਫ਼ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਜਨਤਕ ਮੀਟਿੰਗਾਂ, ਬੇਨਤੀ ਕਰਨ 'ਤੇ, ਅਸਮਰਥਤਾਵਾਂ ਵਾਲੇ ਲੋਕਾਂ ਨਾਲ ਪ੍ਰਭਾਵਸ਼ਾਲੀ ਸੰਚਾਰ ਕਰਨ ਨੂੰ ਯਕੀਨੀ ਬਣਾਉਣ ਲਈ ਸਹਾਇਕ ਸਹਾਇਤਾ ਸਮਗੱਰੀਆਂ ਅਤੇ ਸੇਵਾਵਾਂ ਪ੍ਰਦਾਨ ਕਰਨਗੀਆਂ।

(G) ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਸ਼ਾਸਨ ਲਈ ਪਹਿਲੀ ਯੋਜਨਾ ਨੂੰ ਅਪਣਾਉਣ ਦੇ ਦੋ ਸਾਲਾਂ ਦੇ ਅੰਦਰ-ਅੰਦਰ, ਕਾਉਂਟੀ ਚੋਣ ਅਧਿਕਾਰੀ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਲਈ ਪਹਿਲੀ ਯੋਜਨਾ ਨੂੰ ਸੰਸ਼ੋਧਿਤ ਕਰਨ 'ਤੇ ਵਿਚਾਰ ਕਰਨ ਲਈ, ਉਪ-ਪੈਰਾਗ੍ਰਾਫ਼ਾਂ (C) ਤੋਂ (F) ਵਿੱਚ ਵੇਰਵਿਤ ਪ੍ਰਕਿਰਿਆਵਾਂ ਦੇ ਅਨੁਸਾਰ ਜਨਤਕ ਮੀਟਿੰਗਾਂ ਕਰੇਗਾ। ਇਸ ਤੋਂ ਬਾਅਦ ਹਰ ਚਾਰ ਸਾਲਾਂ ਬਾਅਦ, ਕਾਉਂਟੀ ਚੋਣ ਅਧਿਕਾਰੀ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਲਈ ਯੋਜਨਾ ਨੂੰ ਸੋਧਣ 'ਤੇ ਵਿਚਾਰ ਕਰਨ ਸਮੇਤ ਉਪ-ਧਾਰਾ (C) ਤੋਂ (F) ਵਿੱਚ ਵੇਰਵਿਤ ਪ੍ਰਕਿਰਿਆਵਾਂ ਦੇ ਅਨੁਸਾਰ ਜਨਤਕ ਮੀਟਿੰਗਾਂ ਕਰੇਗਾ।

(H)

(i) ਵਾਜਬ ਜਨਤਕ ਸੂਚਨਾ ਦੇ ਨਾਲ, ਇੱਕ ਕਾਉਂਟੀ ਚੋਣ ਅਧਿਕਾਰੀ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ

ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਲਈ ਇੱਕ ਯੋਜਨਾ ਵਿੱਚ ਸੋਧ ਕਰ ਸਕਦਾ ਹੈ ਜੋ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੀ ਤਾਰੀਖ਼ ਤੋਂ 120 ਦਿਨ ਦੇ ਅੰਦਰ-ਅੰਦਰ ਕੀਤਾ ਜਾਂਦਾ ਹੈ।

(ii) ਵਾਜਬ ਜਨਤਕ ਸੂਚਨਾ ਦੇ ਨਾਲ, ਇੱਕ ਕਾਉਂਟੀ ਚੋਣ ਅਧਿਕਾਰੀ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਲਈ ਇੱਕ ਯੋਜਨਾ ਵਿੱਚ ਸੰਸ਼ੋਧਨ ਕਰ ਸਕਦਾ ਹੈ ਜੋ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੀ ਤਾਰੀਖ਼ ਤੋਂ 120 ਦਿਨਾਂ ਤੋਂ ਜ਼ਿਆਦਾ ਵਿੱਚ ਕਰ ਸਕਦਾ ਹੈ ਜੇਕਰ ਉਹ ਅਧਿਕਾਰੀ ਸੋਧੀ ਹੋਈ ਯੋਜਨਾ 'ਤੇ ਜਨਤਕ ਟਿੱਪਣੀਆਂ ਨੂੰ ਸਵੀਕਾਰ ਕਰਨ ਲਈ ਘੱਟੋ-ਘੱਟ 30 ਦਿਨ ਦਾ ਸਮਾਂ ਪ੍ਰਦਾਨ ਕਰਦਾ ਹੈ।

(I) ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਦੀ ਯੋਜਨਾ ਵਿੱਚ ਹੇਠ ਲਿਖੀਆਂ ਸਾਰੀਆਂ ਚੀਜ਼ਾਂ ਸ਼ਾਮਲ ਹਨ:

(i) ਇੱਕ ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਜੋ ਕਿ ਸੇਕ੍ਰੇਟਰੀ ਔਫ਼ ਸਟੇਟ ਦੁਆਰਾ ਮਨਜ਼ੂਰ ਕੀਤੀ ਗਈ ਹੈ ਅਤੇ ਜਿਸ ਵਿੱਚ ਹੇਠਾਂ ਦਿੱਤੇ ਸਾਰੇ ਸ਼ਾਮਲ ਹਨ:

(I) ਇਸ ਬਾਰੇ ਵੇਰਵਾ ਕਿ ਕਾਉਂਟੀ ਚੋਣ ਅਧਿਕਾਰੀ ਮੀਡੀਆ ਦੀ ਵਰਤੋਂ ਕਿਵੇਂ ਕਰਨਗੇ, ਜਿਸ ਵਿੱਚ ਸੋਸ਼ਲ ਮੀਡੀਆ, ਅਖ਼ਬਾਰ, ਰੇਡੀਓ ਅਤੇ ਟੈਲੀਵਿਜ਼ਨ ਸ਼ਾਮਲ ਹਨ, ਜੋ ਆਉਣ ਵਾਲੀਆਂ ਚੋਣਾਂ ਬਾਰੇ ਵੋਟਰਾਂ ਨੂੰ ਸੂਚਿਤ ਕਰਨ ਅਤੇ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ਾਂ ਲਈ ਭਾਸ਼ਾਈ ਤੌਰ 'ਤੇ ਘੱਟ ਗਿਣਤੀ ਵਾਲੇ ਭਾਈਚਾਰਿਆਂ ਦੀ ਸੇਵਾ ਕਰਦੇ ਹਨ।

(II) ਇਸ ਬਾਰੇ ਵੇਰਵਾ ਕਿ ਕਾਉਂਟੀ ਚੋਣ ਅਧਿਕਾਰੀ ਇੱਕ ਪਹੁੰਚਯੋਗ ਫਾਰਮੈਟ ਵਿੱਚ ਡਾਕ-ਰਾਹੀਂ-ਵੋਟ ਬੈਲਟ ਦੀ ਉਪਲਬਧਤਾ ਅਤੇ ਇਸ ਤਰ੍ਹਾਂ ਦੇ ਬੈਲਟ ਲਈ ਬੇਨਤੀ ਕਰਨ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦੇ ਉਦੇਸ਼ਾਂ ਲਈ ਸੋਸ਼ਲ ਮੀਡੀਆ, ਅਖ਼ਬਾਰ, ਰੇਡੀਓ ਅਤੇ ਟੈਲੀਵਿਜ਼ਨ ਸਮੇਤ ਮੀਡੀਆ ਦੀ ਵਰਤੋਂ ਕਿਵੇਂ ਕਰਨਗੇ।

(III) ਇਸ ਬਾਰੇ ਵੇਰਵਾ ਕਿ ਕਾਉਂਟੀ ਚੋਣ ਅਧਿਕਾਰੀ ਜਨਤਾ ਨੂੰ ਇਸ ਸੈਕਸ਼ਨ ਦੇ ਪ੍ਰਾਵਧਾਨਾਂ ਬਾਰੇ ਸਿੱਖਿਅਤ ਕਰਨ ਲਈ ਭਾਈਚਾਰਕ ਮੌਜੂਦਗੀ ਕਿਵੇਂ ਕਰਵਾਈ ਜਾਏਗੀ।

(IV) ਪਹੁੰਚਯੋਗ ਜਾਣਕਾਰੀ ਦਾ ਵੇਰਵਾ ਜੋ ਕਾਉਂਟੀ ਚੋਣ ਅਧਿਕਾਰੀ ਦੀ ਪਹੁੰਚਯੋਗ ਇੰਟਰਨੈਟ ਵੈੱਬਸਾਈਟ 'ਤੇ ਜਨਤਕ ਤੌਰ 'ਤੇ ਉਪਲਬਧ ਹੋਵੇਗਾ।

(V) ਭਾਸ਼ਾਈ ਤੌਰ 'ਤੇ ਘੱਟ ਗਿਣਤੀ ਵਾਲੇ ਵੋਟਰਾਂ ਦੀ ਪਛਾਣ ਕਰਨ ਲਈ ਕਾਉਂਟੀ ਚੋਣ ਅਧਿਕਾਰੀ ਦੁਆਰਾ ਇਸਤੇਮਾਲ ਕੀਤੇ ਗਏ ਤਰੀਕੇ ਦਾ ਵੇਰਵਾ।

(VI) ਇਸ ਬਾਰੇ ਵੇਰਵਾ ਕਿ ਕਾਉਂਟੀ ਚੋਣ ਅਧਿਕਾਰੀ ਜਨਤਾ ਨੂੰ ਇਸ ਸੈਕਸ਼ਨ ਦੇ ਪ੍ਰਾਵਧਾਨਾਂ ਬਾਰੇ ਕਿਵੇਂ ਸਿੱਖਿਅਤ ਕਰਨਗੇ ਅਤੇ ਜਾਣਕਾਰੀ ਦੇਣਗੇ, ਜਿਸ ਵਿੱਚ ਸ਼ਾਮਲ ਹਨ:

(ia) ਉਹ ਸਮੁਦਾਇ ਜਿਸ ਵਿੱਚ ਕਾਉਂਟੀ ਨੂੰ ਸੈਕਸ਼ਨ 14201 ਦੇ ਉਪ-ਡਿਵੀਜ਼ਨ (a) ਅਤੇ 1965 ਦਾ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਦੇ ਤਹਿਤ

ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਵੋਟ ਪਾਉਣ ਸੰਬੰਧੀ ਸਮੱਗਰੀ ਅਤੇ ਸਹਾਇਤਾ ਪ੍ਰਦਾਨ ਕਰਨ ਦੀ ਲੋੜ ਹੈ। ਕਾਉਂਟੀ ਚੋਣ ਅਧਿਕਾਰੀ ਹਰੇਕ ਉਸ ਭਾਸ਼ਾ ਲਈ ਘੱਟੋ-ਘੱਟ ਇੱਕ ਦੁਭਾਸ਼ੀ ਵੋਟਰ ਸਿੱਖਿਆ ਵਰਕਸ਼ਾਪ ਆਯੋਜਿਤ ਕਰੇਗਾ ਜਿਸ ਵਿੱਚ ਕਾਉਂਟੀ ਨੂੰ ਸੈਕਸ਼ਨ 14201 ਦੇ ਉਪ-ਡਿਵੀਜ਼ਨ (a) ਅਤੇ 1965 ਦਾ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਦੇ ਉਪ-ਡਿਵੀਜ਼ਨ (a) ਦੇ ਤਹਿਤ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਵੋਟ ਪਾਉਣ ਸੰਬੰਧੀ ਸਮੱਗਰੀ ਅਤੇ ਸਹਾਇਤਾ ਪ੍ਰਦਾਨ ਕਰਨ ਦੀ ਲੋੜ ਹੈ।

(ib) ਅਸਮਰਥਤਾ ਵਾਲੇ ਭਾਈਚਾਰੇ, ਉਨ੍ਹਾਂ ਸੰਗਠਨਾਂ ਅਤੇ ਵਿਅਕਤੀਆਂ ਸਮੇਤ ਜੋ ਅਸਮਰਥਤਾ ਵਾਲੇ ਲੋਕਾਂ ਦੀ ਤਰਫ਼ੋਂ ਵਕਾਲਤ ਕਰਦੇ ਹਨ ਜਾਂ ਉਨ੍ਹਾਂ ਨੂੰ ਸੇਵਾਵਾਂ ਮੁਹੱਈਆ ਕਰਦੇ ਹਨ। ਕਾਉਂਟੀ ਚੋਣ ਅਧਿਕਾਰੀ ਅਸਮਰਥਤਾ ਵਾਲੇ ਯੋਗ ਵੋਟਰਾਂ ਦੀ ਪਹੁੰਚਯੋਗਤਾ ਅਤੇ ਭਾਗੀਦਾਰੀ ਵਿੱਚ ਵਾਧਾ ਕਰਨ ਲਈ ਘੱਟੋ-ਘੱਟ ਇੱਕ ਵੋਟਰ ਸਿੱਖਿਆ ਵਰਕਸ਼ਾਪ ਦਾ ਆਯੋਜਨ ਕਰਨਗੇ।

(VII) ਇਹ ਯਕੀਨੀ ਬਣਾਉਣ ਲਈ ਕਿ ਵੋਟਰਾਂ ਨੂੰ ਚੋਣਾਂ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ, ਕਾਉਂਟੀ ਵੋਟਰ ਸਿੱਖਿਆ ਅਤੇ ਪਹੁੰਚ 'ਤੇ ਲੋੜੀਂਦੇ ਸੋਮਿਆਂ ਨੂੰ ਕਿਵੇਂ ਖਰਚ ਕਰੇਗੀ, ਦਾ ਵੇਰਵਾ। ਇਸ ਵੇਰਵੇ ਵਿੱਚ ਕਾਉਂਟੀ ਦੁਆਰਾ ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਦੇ ਤਹਿਤ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ 'ਤੇ ਖਰਚ ਕਰਨ ਦੀ ਯੋਜਨਾ ਦੀ ਰਕਮ ਬਾਰੇ ਜਾਣਕਾਰੀ ਸ਼ਾਮਲ ਹੋਵੇਗੀ, ਅਤੇ ਇਹ ਉਸੇ ਅਧਿਕਾਰ ਖੇਤਰ ਵਿੱਚ ਹਾਲੀਆ ਸਮਾਨ ਚੋਣਾਂ ਵਿੱਚ ਵੋਟਰ ਸਿੱਖਿਆ ਅਤੇ ਪਹੁੰਚ 'ਤੇ ਖਰਚ ਕੀਤੇ ਗਏ ਪੈਸੇ ਦੀ ਰਕਮ ਨਾਲ ਕਿਵੇਂ ਤੁਲਨਾ ਕੀਤੀ ਜਾਂਦੀ ਹੈ ਜੋ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਨਹੀਂ ਕੀਤੀਆਂ ਗਈਆਂ ਸਨ।

(VIII) ਮੀਡੀਆ ਵਿੱਚ ਘੱਟੋ-ਘੱਟ ਇੱਕ ਜਨਤਕ ਸੇਵਾ ਘੋਸ਼ਣਾ, ਜਿਸ ਵਿੱਚ ਅਖ਼ਬਾਰ, ਰੇਡੀਓ ਅਤੇ ਟੈਲੀਵਿਜ਼ਨ ਸ਼ਾਮਲ ਹਨ, ਜੋ ਆਉਣ ਵਾਲੀਆਂ ਚੋਣਾਂ ਬਾਰੇ ਵੋਟਰਾਂ ਨੂੰ ਸੂਚਿਤ ਕਰਨ ਅਤੇ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦਾ ਪ੍ਰਚਾਰ ਕਰਨ ਦੇ ਉਦੇਸ਼ਾਂ ਲਈ ਅੰਗਰੇਜ਼ੀ ਬੋਲਣ ਵਾਲੇ ਨਾਗਰਿਕਾਂ ਦੀ ਸੇਵਾ ਕਰਦੇ ਹਨ। ਇਸ ਉਪ-ਧਾਰਾ ਦੇ ਅਧੀਨ ਕੀਤੀ ਗਈ ਪਹੁੰਚ ਵਿੱਚ ਉਨ੍ਹਾਂ ਵੋਟਰਾਂ ਤੱਕ ਕੀਤੀ ਗਈ ਪਹੁੰਚ ਵੀ ਸ਼ਾਮਲ ਹੋਵੇਗੀ ਜੋ ਬੋਲ਼ੇ ਹਨ ਜਾਂ ਸੁਣਨ ਵਿੱਚ ਅਸਮਰੱਥ ਹਨ ਅਤੇ ਉਹ ਵੋਟਰ ਜੋ ਅੰਨ੍ਹੇ ਜਾਂ ਨੇਤਰਹੀਣ ਹਨ।

(IX) ਮੀਡੀਆ ਵਿੱਚ ਘੱਟੋ-ਘੱਟ ਇੱਕ ਜਨਤਕ ਸੇਵਾ ਘੋਸ਼ਣਾ, ਜਿਸ ਵਿੱਚ ਅਖ਼ਬਾਰ, ਰੇਡੀਓ ਅਤੇ ਟੈਲੀਵਿਜ਼ਨ ਸ਼ਾਮਲ ਹਨ, ਜੋ ਅੰਗਰੇਜ਼ੀ ਨਾ ਬੋਲਣ ਵਾਲੇ ਹਰੇਕ ਭਾਸ਼ਾ ਦੇ ਨਾਗਰਿਕਾਂ ਦੀ ਸੇਵਾ ਕਰਦੇ ਹਨ ਜਿਸ ਵਿੱਚ ਕਾਉਂਟੀ ਨੂੰ ਵੋਟਰਾਂ ਨੂੰ ਆਉਣ ਵਾਲੀਆਂ ਚੋਣਾਂ ਬਾਰੇ ਸੂਚਿਤ ਕਰਨ ਅਤੇ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦਾ ਪ੍ਰਚਾਰ ਕਰਨ ਦੇ ਉਦੇਸ਼ਾਂ ਲਈ ਸੈਕਸ਼ਨ 14201 ਦੇ ਉਪ-ਡਿਵੀਜ਼ਨ (a) ਅਤੇ 1965 ਦਾ ਵੋਟਰਾਂ ਦੇ ਅਧਿਕਾਰ ਸੰਬੰਧੀ ਸੰਘੀ ਅਧਿਨਿਯਮ (52 U.S.C. ਸੈਕਸ਼ਨ 10101 ਅਤੇ ਹੋਰ) ਅਧੀਨ ਵੋਟਿੰਗ ਸਮੱਗਰੀ ਅਤੇ ਸਹਾਇਤਾ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ।

(X) ਆਗਾਮੀ ਚੋਣਾਂ ਬਾਰੇ ਵੋਟਰਾਂ ਨੂੰ ਸੂਚਿਤ ਕਰਨ ਅਤੇ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦਾ ਪ੍ਰਚਾਰ ਕਰਨ ਦੇ ਉਦੇਸ਼ਾਂ ਲਈ ਵੋਟਰਾਂ ਨਾਲ ਘੱਟੋ-ਘੱਟ ਦੋ ਸਿੱਧੇ ਸੰਪਰਕ। ਇਹ ਦੋ ਸਿੱਧੇ ਸੰਪਰਕ ਕਿਸੇ ਵੀ ਹੋਰ ਲੋੜੀਂਦੇ ਸੰਪਰਕਾਂ ਤੋਂ ਇਲਾਵਾ ਹਨ, ਜਿਸ ਵਿੱਚ ਨਮੂਨਾ ਬੈਲਟ ਅਤੇ ਡਾਕ-ਰਾਹੀਂ-ਵੋਟ ਬੈਲਟ ਦੀ ਡਿਲਿਵਰੀ ਕਰਨਾ ਸ਼ਾਮਲ ਹੈ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹੈ।

(ii) ਇਸ ਗੱਲ ਦਾ ਵੇਰਵਾ ਕਿ ਕਿਵੇਂ ਅਸਮਰਥਤਾ ਵਾਲਾ ਕੋਈ ਵੋਟਰ ਇੱਕ ਖਾਲੀ ਡਾਕ-ਰਾਹੀਂ-ਵੋਟ ਬੈਲਟ ਲਈ ਬੇਨਤੀ ਕਰ ਸਕਦਾ ਹੈ ਅਤੇ ਉਸਨੂੰ ਪ੍ਰਾਪਤ ਕਰ ਸਕਦਾ ਹੈ ਅਤੇ, ਜੇਕਰ ਇੱਕ ਬਦਲੀ ਬੈਲਟ ਦੇਣਾ ਜ਼ਰੂਰੀ ਹੈ, ਤਾਂ ਇੱਕ ਖਾਲੀ ਬਦਲੀ ਬੈਲਟ ਜਿਸਨੂੰ ਅਸਮਰਥਤਾ ਵਾਲਾ ਕੋਈ ਵੋਟਰ ਨਿੱਜੀ ਅਤੇ ਸੁਤੰਤਰ ਤੌਰ 'ਤੇ ਚਿੰਨ੍ਹਿਤ ਕਰ ਸਕਦਾ ਹੈ।

(iii) ਕਾਉਂਟੀ ਚੋਣ ਅਧਿਕਾਰੀ ਉਪ-ਡਿਵੀਜ਼ਨ (g) ਦੁਆਰਾ ਲੋੜੀਂਦੀ ਰਿਪੋਰਟ ਵਿੱਚ ਪਛਾਣੇ ਗਏ ਵੋਟਰਾਂ ਦੀ ਪਹੁੰਚਯੋਗਤਾ ਅਤੇ ਭਾਗੀਦਾਰੀ ਵਿੱਚ ਮਹੱਤਵਪੂਰਨ ਅਸਮਾਨਤਾਵਾਂ ਨੂੰ ਕਿਵੇਂ ਹੱਲ ਕਰੇਗਾ, ਇਸਦਾ ਵੇਰਵਾ।

(iv) ਉਨ੍ਹਾਂ ਤਰੀਕਿਆਂ ਅਤੇ ਮਾਪਦੰਡਾਂ ਦਾ ਵੇਰਵਾ ਜੋ ਕਾਉਂਟੀ ਚੋਣ ਅਧਿਕਾਰੀ ਵੋਟ ਕੇਂਦਰਾਂ 'ਤੇ ਕਰਵਾਈ ਗਈ ਵੋਟਿੰਗ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਰਤੇਗਾ।

(v) ਉਸੇ ਅਧਿਕਾਰ ਖੇਤਰ ਵਿੱਚ ਹਾਲ ਹੀ ਵਿੱਚ ਹੋਈਆਂ ਚੋਣਾਂ, ਜੋ ਕਿ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਨਹੀਂ ਕੀਤੀਆਂ ਗਈਆਂ ਸਨ, ਦੇ ਮੁਕਾਬਲੇ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਤੋਂ ਅਨੁਮਾਨਿਤ ਥੋੜ੍ਹੇ ਸਮੇਂ ਅਤੇ ਲੰਬੇ ਸਮੇਂ ਦੇ ਖਰਚਿਆਂ ਅਤੇ ਬੱਚਤਾਂ ਬਾਰੇ ਜਾਣਕਾਰੀ।

(vi) ਪ੍ਰਕਾਸ਼ਨ ਦੇ ਸਮੇਂ ਉਪਲਬਧ ਸੀਮਾ ਤੱਕ, ਹੇਠਾਂ ਲਿਖੀਆਂ ਸਾਰੀਆਂ ਚੀਜ਼ਾਂ ਬਾਰੇ ਜਾਣਕਾਰੀ:

(I) ਸਥਾਪਤ ਕੀਤੇ ਜਾਣ ਵਾਲੇ ਵੋਟ ਕੇਂਦਰਾਂ ਦੀ ਕੁੱਲ ਸੰਖਿਆ।

(II) ਸਥਾਪਤ ਕੀਤੇ ਜਾਣ ਵਾਲੇ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਦੀ ਕੁੱਲ ਸੰਖਿਆ।

(III) ਹਰੇਕ ਵੋਟ ਕੇਂਦਰ ਦੀ ਸਥਿਤੀ।

(IV) ਹਰੇਕ ਬੈਲਟ ਡ੍ਰੌਪ-ਔਫ਼ ਟਿਕਾਣੇ ਦੀ ਸਥਿਤੀ ਅਤੇ ਕੀ ਇਹ ਅੰਦਰ ਸਥਿਤ ਹੈ ਜਾਂ ਬਾਹਰ ਬਣਿਆ ਹੋਇਆ ਹੈ।

(V) ਹਰੇਕ ਵੋਟ ਕੇਂਦਰ ਦੇ ਟਿਕਾਣਿਆਂ ਦਾ ਨਕਸ਼ਾ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ।

(VI) ਹਰੇਕ ਵੋਟ ਕੇਂਦਰ ਦੇ ਕੰਮ ਕਰਨ ਦੇ ਘੰਟੇ।

(VII) ਹਰੇਕ ਬੈਲਟ ਡ੍ਰੌਪ-ਔਫ਼ ਟਿਕਾਣੇ ਦੇ ਕੰਮ ਕਰਨ ਦੇ ਘੰਟੇ।

(VIII) ਉਹ ਸੁਰੱਖਿਆ ਅਤੇ ਸੰਕਟਕਾਲੀਨ ਯੋਜਨਾਵਾਂ ਜੋ ਕਾਉਂਟੀ ਚੋਣ ਅਧਿਕਾਰੀ ਦੁਆਰਾ ਹੇਠਾਂ ਲਿਖੀਆਂ ਦੋਵਾਂ ਨੂੰ ਕਰਨ ਲਈ ਲਾਗੂ ਕੀਤੀਆਂ ਜਾਣਗੀਆਂ:

(ia) ਵੋਟ ਕੇਂਦਰ ਪ੍ਰਕਿਰਿਆ ਵਿੱਚ ਆਉਣ ਵਾਲੀ ਕਿਸੇ ਰੁਕਾਵਟ ਨੂੰ ਰੋਕਣਾ।

(ib) ਇਹ ਯਕੀਨੀ ਬਣਾਉਣਾ ਕਿ ਜੇਕਰ ਕੋਈ ਰੁਕਾਵਟ ਪੈਂਦੀ ਹੈ ਤਾਂ ਚੋਣਾਂ ਸਹੀ ਢੰਗ ਨਾਲ ਆਯੋਜਿਤ ਕੀਤੀਆਂ ਜਾਂਦੀਆਂ ਹਨ।

(IX) ਚੋਣ ਬੋਰਡ ਦੇ ਮੈਂਬਰਾਂ ਦੀ ਗਿਣਤੀ ਅਤੇ ਦੁਭਾਸ਼ੀ ਚੋਣ ਬੋਰਡ ਦੇ ਮੈਂਬਰਾਂ ਦੀ ਗਿਣਤੀ ਅਤੇ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ।

(X) ਅਸਮਰਥਤਾ ਵਾਲੇ ਵੋਟਰਾਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ, ਹਰੇਕ ਵੋਟ ਕੇਂਦਰ 'ਤੇ ਪਹੁੰਚਯੋਗ ਵੋਟਿੰਗ ਮਸ਼ੀਨਾਂ ਦੀ ਕਿਸਮ ਅਤੇ ਸੰਖਿਆ ਅਤੇ ਵਾਜਬ ਸੰਸ਼ੋਧਨਾਂ ਸਮੇਤ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ।

(XI) ਹਰੇਕ ਵੋਟ ਕੇਂਦਰ ਦੇ ਅੰਦਰ ਸਾਜ਼ੋ-ਸਾਮਾਨ ਦਾ ਡਿਜ਼ਾਈਨ, ਖਾਕਾ, ਅਤੇ ਪਲੇਸਮੈਂਟ ਜੋ ਹਰੇਕ ਵੋਟਰ ਦੇ ਨਿੱਜੀ ਅਤੇ ਸੁਤੰਤਰ ਵੋਟ ਪਾਉਣ ਦੇ ਅਧਿਕਾਰ ਦੀ ਰੱਖਿਆ ਕਰਦਾ ਹੈ।

(vii) ਇੱਕ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਜੋ ਉਨ੍ਹਾਂ ਵੋਟਰਾਂ ਲਈ ਪਹੁੰਚਯੋਗ ਹੈ ਜੋ ਬੋਲ਼ੇ ਹਨ ਜਾਂ ਸੁਣਨ ਵਿੱਚ ਅਸਮਰੱਥ ਹਨ, ਅਤੇ ਇਸਦੀ ਦੇਖਭਾਲ ਕਾਉਂਟੀ ਚੋਣ ਅਧਿਕਾਰੀ ਦੁਆਰਾ ਕੀਤੀ ਜਾਂਦੀ ਹੈ ਜੋ ਚੋਣਾਂ ਦੇ ਦਿਨ ਤੋਂ 29 ਦਿਨ ਪਹਿਲਾਂ ਤੋਂ ਲੈਕੇ ਚੋਣਾਂ ਤੋਂ ਅਗਲੇ ਦਿਨ ਸ਼ਾਮ 5 ਵਜੇ ਤੱਕ ਕੰਮ ਕਰਦੀ ਹੈ। ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਵੋਟਰਾਂ ਨੂੰ ਉਨ੍ਹਾਂ ਸਾਰੀਆਂ ਭਾਸ਼ਾਵਾਂ ਵਿੱਚ ਸਹਾਇਤਾ ਪ੍ਰਦਾਨ ਕਰੇਗੀ ਜਿਸ ਵਿੱਚ ਕਾਉਂਟੀ ਸੰਘੀ ਵੋਟਿੰਗ ਅਧਿਕਾਰ ਐਕਟ 1965 (52 U.S.C. ਸੈਕਸ਼ਨ 10101 ਅਤੇ ਹੋਰ) ਦੇ ਸੈਕਸ਼ਨ 14201 ਦੇ ਉਪ-ਡਿਵੀਜ਼ਨ (a) ਦੇ ਅਧੀਨ ਵੋਟ ਪਾਉਣ ਸੰਬੰਧੀ ਸਮੱਗਰੀ ਅਤੇ ਸਹਾਇਤਾ ਪ੍ਰਦਾਨ ਕਰਨਾ ਲੋੜੀਂਦਾ ਹੈ।

(J) ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਪ੍ਰਬੰਧਨ ਦੀ ਯੋਜਨਾ ਇੱਕ ਫਾਰਮੈਟ ਵਿੱਚ ਪੋਸਟ ਕੀਤੀ ਗਈ ਹੈ ਜੋ ਸੇਕ੍ਰੇਟਰੀ ਔਫ਼ ਸਟੇਟ ਦੀ ਇੰਟਰਨੈਟ ਵੈੱਬਸਾਈਟ ਅਤੇ ਕਾਉਂਟੀ ਚੋਣ ਅਧਿਕਾਰੀ ਦੀ ਇੰਟਰਨੈਟ ਵੈੱਬਸਾਈਟਟ 'ਤੇ ਅਸਮਰਥਤਾਵਾਂ ਵਾਲੇ ਲੋਕਾਂ ਲਈ ਪਹੁੰਚਯੋਗ ਹੈ।

**(b)** ਸੈਕਸ਼ਨ 4000 ਜਾਂ ਕਿਸੇ ਹੋਰ ਕਾਨੂੰਨ ਦੇ ਬਾਵਜੂਦ, 1 ਜਨਵਰੀ, 2018 ਨੂੰ ਜਾਂ ਇਸ ਤੋਂ ਬਾਅਦ, ਕਾਉਂਟੀਜ਼ ਔਫ਼ Calaveras, Inyo, Madera, Napa, Nevada, Orange, Sacramento, San Luis Obispo, San Mateo, Santa Clara, Shasta, Sierra, Sutter, ਅਤੇ Tuolumne, ਅਤੇ 1 ਜਨਵਰੀ, 2020 ਨੂੰ ਜਾਂ ਇਸ ਤੋਂ ਬਾਅਦ, ਕੋਈ ਵੀ ਕਾਉਂਟੀ ਇਸ ਸੈਕਸ਼ਨ ਦੇ ਅਧੀਨ ਸਾਰੇ ਡਾਕ-ਰਾਹੀਂ-ਵੋਟ ਬੈਲਟ ਚੋਣ ਦੇ ਤੌਰ 'ਤੇ ਵਿਸ਼ੇਸ਼ ਚੋਣਾਂ ਦਾ ਆਯੋਜਨ ਕਰ ਸਕਦੀ ਹੈ ਜੇਕਰ ਹੇਠਾਂ ਦਿੱਤੇ ਸਾਰੇ ਲਾਗੂ ਹੁੰਦੇ ਹਨ:

(1) ਕਾਉਂਟੀ ਚੋਣ ਅਧਿਕਾਰੀ ਨੇ ਹੇਠਾਂ ਲਿਖਿਆਂ ਵਿੱਚੋਂ ਕੋਈ ਵੀ ਕੀਤਾ ਹੈ:

(A) ਪਹਿਲਾਂ ਕਦੀ ਉਪ-ਡਿਵੀਜ਼ਨ (a) ਦੇ ਅਨੁਸਾਰ ਇੱਕ ਸਾਰੇ ਡਾਕ-ਰਾਹੀਂ-ਵੋਟ ਬੈਲਟ ਦੁਆਰਾ ਕਰਵਾਈ ਜਾਣ ਵਾਲੀਆਂ ਚੋਣਾਂ ਦੇ ਤੌਰ 'ਤੇ ਚੋਣ ਕਰਵਾਈ ਗਈ ਸੀ।

(B) ਉਪ-ਡਿਵੀਜ਼ਨ (a) ਦੇ ਪੈਰਾਗ੍ਰਾਫ਼ (10) ਦੇ ਉਪ-ਪੈਰਾਗ੍ਰਾਫ਼ (E) ਦੇ ਸੈਕਸ਼ਨ (i) ਦੇ ਅਨੁਸਾਰ ਚੋਣਾਂ ਦੇ ਪ੍ਰਬੰਧਨ ਲਈ ਇੱਕ ਫਾਈਨਲ ਯੋਜਨਾ ਅਪਣਾਈ ਗਈ ਸੀ, ਜਿਸ ਸਥਿਤੀ ਵਿੱਚ ਕਾਉਂਟੀ ਚੋਣ ਅਧਿਕਾਰੀ ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਵਿੱਚ ਪ੍ਰਦਾਨ ਕੀਤੀਆਂ ਸਾਰੀਆਂ ਗਤੀਵਿਧੀਆਂ ਨੂੰ ਪੂਰਾ ਕਰੇਗਾ, ਜੋ ਵਿਸ਼ੇਸ਼ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਉਪ-ਡਿਵੀਜ਼ਨ (a) ਦੇ ਪੈਰਾਗ੍ਰਾਫ਼ (10) ਦੇ ਉਪ-ਪੈਰਾਗ੍ਰਾਫ਼ (I) ਦੀ ਧਾਰਾ (i) ਦੁਆਰਾ ਲੋੜੀਂਦਾ ਹੈ।

(2)

(A) ਚੋਣਾਂ ਵਾਲੇ ਦਿਨ ਸਵੇਰੇ 7 ਵਜੇ ਤੋਂ ਸ਼ਾਮ 8 ਵਜੇ ਤੱਕ, ਦੋਵੇਂ ਸਮਿਆਂ ਸਮੇਤ, ਹਰੇਕ 30,000 ਰਜਿਸਟਰਡ ਵੋਟਰਾਂ ਲਈ ਘੱਟੋ-ਘੱਟ ਇੱਕ ਵੋਟ ਕੇਂਦਰ ਮੁਹੱਈਆ ਕਰਵਾਇਆ ਜਾਂਦਾ ਹੈ। ਜੇਕਰ ਅਧਿਕਾਰ ਖੇਤਰ ਕਾਉਂਟੀ ਸੀਮਾ ਦੇ ਅੰਦਰ ਪੂਰੀ ਤਰ੍ਹਾਂ ਸ਼ਾਮਲ ਨਹੀਂ ਹੈ, ਤਾਂ ਕਾਉਂਟੀ ਚੋਣ ਅਧਿਕਾਰੀ ਉਸ ਅਧਿਕਾਰ ਖੇਤਰ ਦੇ ਅੰਦਰ ਇੱਕ ਵੋਟ ਕੇਂਦਰ ਸਥਾਪਤ ਕਰਨ ਲਈ ਉਚਿਤ ਕੋਸ਼ਿਸ਼ ਕਰੇਗਾ ਜਿੱਥੇ ਵਿਸ਼ੇਸ਼ ਚੋਣ ਆਯੋਜਿਤ ਕੀਤਾ ਜਾਂਦਾ ਹੈ।

(B) ਉਪ-ਪੈਰਾਗ੍ਰਾਫ਼ (A) ਦੇ ਬਾਵਜੂਦ, 30,000 ਤੋਂ ਘੱਟ ਰਜਿਸਟਰਡ ਵੋਟਰਾਂ ਵਾਲੇ ਅਧਿਕਾਰ ਖੇਤਰ ਲਈ, ਕਾਉਂਟੀ ਚੋਣ ਅਧਿਕਾਰੀ ਇੱਕ ਵੋਟ ਕੇਂਦਰ ਸਥਾਪਤ ਕਰਨ ਲਈ ਉਚਿਤ ਕੋਸ਼ਿਸ਼ ਕਰਦਾ ਹੈ।

(3)

(A) ਚੋਣਾਂ ਦੇ ਦਿਨ ਤੋਂ 10 ਦਿਨ ਪਹਿਲਾਂ, ਹਰ 60,000 ਰਜਿਸਟਰਡ ਵੋਟਰਾਂ ਲਈ ਘੱਟੋ-ਘੱਟ ਅੱਠ ਘੰਟੇ ਪ੍ਰਤੀ ਦਿਨ ਲਈ, ਘੱਟੋ-ਘੱਟ ਇੱਕ ਵੋਟ ਕੇਂਦਰ ਮੁਹੱਈਆ ਕਰਵਾਇਆ ਜਾਂਦਾ ਹੈ। ਜੇਕਰ ਅਧਿਕਾਰ ਖੇਤਰ ਕਾਉਂਟੀ ਸੀਮਾ ਦੇ ਅੰਦਰ ਪੂਰੀ ਤਰ੍ਹਾਂ ਸ਼ਾਮਲ ਨਹੀਂ ਹੈ, ਤਾਂ ਕਾਉਂਟੀ ਚੋਣ ਅਧਿਕਾਰੀ ਉਸ ਅਧਿਕਾਰ ਖੇਤਰ ਦੇ ਅੰਦਰ ਇੱਕ ਵੋਟ ਕੇਂਦਰ ਸਥਾਪਤ ਕਰਨ ਲਈ ਉਚਿਤ ਕੋਸ਼ਿਸ਼ ਕਰੇਗਾ ਜਿੱਥੇ ਵਿਸ਼ੇਸ਼ ਚੋਣ ਆਯੋਜਿਤ ਕੀਤਾ ਜਾਂਦਾ ਹੈ।

(B) ਉਪ-ਪੈਰਾਗ੍ਰਾਫ਼ (A) ਦੇ ਬਾਵਜੂਦ, 30,000 ਤੋਂ ਘੱਟ ਰਜਿਸਟਰਡ ਵੋਟਰਾਂ ਵਾਲੇ ਅਧਿਕਾਰ ਖੇਤਰ ਲਈ, ਕਾਉਂਟੀ ਚੋਣ ਅਧਿਕਾਰੀ ਇੱਕ ਵੋਟ ਕੇਂਦਰ ਸਥਾਪਤ ਕਰਨ ਲਈ ਉਚਿਤ ਕੋਸ਼ਿਸ਼ ਕਰਦਾ ਹੈ।

(4)

(A) ਹਰ 15,000 ਰਜਿਸਟਰਡ ਵੋਟਰਾਂ ਲਈ, ਘੱਟੋ-ਘੱਟ ਇੱਕ ਬੈਲਟ ਡ੍ਰੌਪ-ਔਫ਼ ਟਿਕਾਣਾ ਪ੍ਰਦਾਨ ਕੀਤਾ ਜਾਂਦਾ ਹੈ। ਘੱਟੋ-ਘੱਟ ਇੱਕ ਬੈਲਟ ਡ੍ਰੌਪ-ਔਫ਼ ਟਿਕਾਣਾ ਉਸ ਅਧਿਕਾਰ ਖੇਤਰ ਦੇ ਅੰਦਰ ਸਥਿਤ ਹੋਵੇਗਾ ਜਿੱਥੇ ਵਿਸ਼ੇਸ਼ ਚੋਣ ਕਰਵਾਈ ਜਾਂਦੀ ਹੈ। ਚੋਣਾਂ ਵਾਲੇ ਦਿਨ ਤੋਂ ਪਹਿਲਾਂ ਘੱਟੋ-ਘੱਟ 28 ਦਿਨਾਂ ਤੋਂ ਸ਼ੁਰੂ ਕਰਦਿਆਂ ਹੋਇਆਂ, ਅਤੇ ਚੋਣਾਂ ਵਾਲੇ ਦਿਨ ਨੂੰ ਮਿਲਾ ਕੇ ਸਾਰੇ ਬੈਲਟ ਡ੍ਰੌਪ-ਔਫ਼ ਟਿਕਾਣੇ ਘੱਟੋ-ਘੱਟ ਨਿਯਮਿਤ ਕਾਰੋਬਾਰੀ ਘੰਟਿਆਂ ਦੌਰਾਨ ਖੁੱਲ੍ਹੇ ਰਹਿਣਗੇ।

(B) ਉਪ-ਪੈਰਾਗ੍ਰਾਫ਼ (A) ਦੇ ਬਾਵਜੂਦ, 15,000 ਤੋਂ ਘੱਟ ਰਜਿਸਟਰਡ ਵੋਟਰਾਂ ਵਾਲੇ ਅਧਿਕਾਰ ਖੇਤਰ ਲਈ, ਘੱਟੋ-ਘੱਟ ਇੱਕ ਬੈਲਟ ਡ੍ਰੌਪ-ਔਫ਼ ਟਿਕਾਣਾ ਪ੍ਰਦਾਨ ਕੀਤਾ ਜਾਵੇਗਾ।

**(c)** ਇਸ ਸੈਕਸ਼ਨ ਵਿੱਚ ਦਿੱਤੇ ਗਏ ਨੂੰ ਛੱਡ ਕੇ, ਚੋਣਾਂ ਵਾਲੇ ਦਿਨ ਦੀਆਂ ਕਾਰਵਾਈਆਂ ਡਿਵੀਜ਼ਨ 14 (ਸੈਕਸ਼ਨ 14000 ਤੋਂ ਸ਼ੁਰੂ ਕਰਦਿਆ ਹੋਇਆਂ) ਦੇ ਅਨੁਸਾਰ ਆਯੋਜਿਤ ਕੀਤੀਆਂ ਜਾਣਗੀਆਂ।

**(d)** ਕਾਉਂਟੀ ਚੋਣ ਅਧਿਕਾਰੀ, ਅਧਿਕਾਰੀ ਦੇ ਵਿਵੇਕ ਅਨੁਸਾਰ, ਇਸ ਸੈਕਸ਼ਨ ਦੇ ਉਦੇਸ਼ਾਂ ਲਈ, ਵਾਧੂ ਬੈਲਟ ਡ੍ਰੌਪ-ਔਫ਼ ਟਿਕਾਣੇ ਅਤੇ ਵੋਟ ਕੇਂਦਰ ਪ੍ਰਦਾਨ ਕਰ ਸਕਦਾ ਹੈ।

**(e)** ਡਾਕ-ਰਾਹੀਂ-ਵੋਟ ਬੈਲਟ 'ਤੇ ਪਾਈਆਂ ਗਈਆਂ ਵੋਟਾਂ ਦੀ ਵਾਪਸੀ ਸੈਕਸ਼ਨ 3017 ਅਤੇ 3020 ਦੇ ਅਧੀਨ ਆਉਂਦੀ ਹੈ।

**(f)** ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੇ ਨਤੀਜਿਆਂ ਦੀ ਰਿਪੋਰਟ ਕਰਨ ਦੇ ਇੱਕਮਾਤਰ ਉਦੇਸ਼ ਲਈ, ਬੈਲਟ ਦੀ ਗਿਣਤੀ ਪੂਰੀ ਹੋਣ 'ਤੇ, ਕਾਉਂਟੀ ਚੋਣ ਅਧਿਕਾਰੀ ਡਿਵੀਜ਼ਨ 12 ਦੇ ਅਧਿਆਇ 3 ਦੇ ਆਰਟੀਕਲ 2 (ਸੈਕਸ਼ਨ 12220 ਤੋਂ ਸ਼ੁਰੂ ਕਰਦਿਆਂ ਹੋਇਆਂ) ਦੇ ਅਨੁਸਾਰ ਅਧਿਕਾਰ ਖੇਤਰ ਨੂੰ ਪ੍ਰਾਂਤਾਂ ਵਿੱਚ ਵੰਡ ਦੇਵੇਗਾ ਅਤੇ ਸੈਕਸ਼ਨ 15373 ਅਤੇ 15374 ਦੇ ਅਨੁਸਾਰ ਚੋਣਾਂ ਦੇ ਨਤੀਜਿਆਂ ਦਾ ਇੱਕ ਬਿਆਨ ਤਿਆਰ ਕਰੇਗਾ।

**(g)**

(1)

(A) ਇਸ ਸੈਕਸ਼ਨ ਜਾਂ ਸੈਕਸ਼ਨ 4007 ਦੇ ਅਨੁਸਾਰ ਆਯੋਜਿਤ ਕੀਤੀ ਗਈ ਹਰੇਕ ਚੋਣ ਦੇ ਛੇ ਮਹੀਨਿਆਂ ਦੇ ਅੰਦਰ-ਅੰਦਰ, ਸੇਕ੍ਰੇਟਰੀ ਔਫ਼ ਸਟੇਟ, ਜਾਤ, ਨਸਲ, ਭਾਸ਼ਾ ਦੀ ਤਰਜੀਹ, ਉਮਰ, ਲਿੰਗ, ਅਪਾਹਜਤਾ ਦੀਆਂ ਸ਼੍ਰੇਣੀਆਂ, ਸਥਾਈ ਡਾਕ-ਰਾਹੀਂ-ਵੋਟ ਦੀ ਸਥਿਤੀ, ਇਤਿਹਾਸਕ ਪੋਲਿੰਗ ਸਥਾਨ ਦੇ ਵੋਟਰ, ਰਾਜਨੀਤਿਕ ਪਾਰਟੀ ਨਾਲ ਸੰਬੰਧਤਾ, ਅਤੇ ਭਾਸ਼ਾ ਦੀ ਘੱਟ ਗਿਣਤੀ ਵਾਲੀਆਂ ਆਬਾਦੀਆਂ ਜਿਵੇਂ ਕਿ ਉਹ ਸੰਘੀ ਵੋਟਿੰਗ ਅਧਿਕਾਰ ਐਕਟ 1965 (52 U.S.C. ਸੈਕਸ਼ਨ 10101 ਅਤੇ ਹੋਰ) ਦੇ ਸੈਕਸ਼ਨ 14201 ਅਤੇ ਸੈਕਸ਼ਨ 203 ਦੇ ਉਪ-ਡਿਵੀਜ਼ਨ (a) ਦੇ ਅਧੀਨ ਲੋੜੀਂਦੀਆਂ ਭਾਸ਼ਾਵਾਂ ਨਾਲ ਸੰਬੰਧਿਤ ਹਨ, ਦੀ ਰਿਪੋਰਟ ਵਿਧਾਨ ਸਭਾ ਨੂੰ ਭੇਜੇਗਾ।

(i) ਆਉਣ ਵਾਲੇ ਵੋਟਰਾਂ ਦੀ ਗਿਣਤੀ।

(ii) ਵੋਟਰ ਰਜਿਸਟ੍ਰੇਸ਼ਨ।

(iii) ਬੈਲਟ ਨੂੰ ਨਾਮਨਜ਼ੂਰ ਕੀਤੇ ਜਾਣ ਦੀ ਦਰ।

(iv) ਬੈਲਟ ਨੂੰ ਨਾਮਨਜ਼ੂਰ ਕੀਤੇ ਜਾਣ ਦੇ ਕਾਰਨ।

(v) ਅਸਥਾਈ ਬੈਲਟ ਦੀ ਵਰਤੋਂ।

(vi) ਪਹੁੰਚਯੋਗ ਡਾਕ-ਰਾਹੀਂ-ਵੋਟ ਬੈਲਟ ਦੀ ਵਰਤੋਂ।

(vii) ਹਰੇਕ ਵੋਟ ਕੇਂਦਰ 'ਤੇ ਵੋਟ ਪਾਉਣ ਵਾਲੇ ਵੋਟਰਾਂ ਦੀ ਸੰਖਿਆ।

(viii) ਬੈਲਟ ਡ੍ਰੌਪ-ਔਫ਼ ਟਿਕਾਣੇ 'ਤੇ ਵਾਪਸ ਕੀਤੇ ਗਏ ਬੈਲਟਾਂ ਦੀ ਸੰਖਿਆ।

(ix) ਡਾਕ ਰਾਹੀਂ ਵਾਪਸ ਕੀਤੇ ਗਏ ਬੈਲਟਾਂ ਦੀ ਸੰਖਿਆ।

(x) ਕਿਸੇ ਵੋਟ ਕੇਂਦਰ 'ਤੇ ਵੋਟ ਪਾਉਣ ਲਈ ਰਜਿਸਟਰ ਹੋਏ ਵਿਅਕਤੀਆਂ ਦੀ ਸੰਖਿਆ।

(xi) ਵੋਟਰਾਂ ਨਾਲ ਧੋਖਾਧੜੀ ਦੀਆਂ ਘਟਨਾਵਾਂ।

(xii) ਕੋਈ ਹੋਰ ਸਮੱਸਿਆਵਾਂ ਜੋ ਕਾਉਂਟੀ ਚੋਣ ਅਧਿਕਾਰੀ ਜਾਂ ਸੇਕ੍ਰੇਟਰੀ ਔਫ਼ ਸਟੇਟ ਨੂੰ ਚੋਣਾਂ ਜਾਂ ਪ੍ਰਚਾਰ ਦੌਰਾਨ ਪਤਾ ਲਗੀਆਂ ਸਨ।

(B) ਉਪ-ਪੈਰਾਗ੍ਰਾਫ਼ (A) ਦੁਆਰਾ ਲੋੜੀਂਦੀ ਰਿਪੋਰਟ ਨੂੰ ਸਰਕਾਰੀ ਕੋਡ ਦੇ ਸੈਕਸ਼ਨ 11135 ਦੇ ਅਨੁਸਾਰ ਅਸਮਰਥਤਾਵਾਂ ਵਾਲੇ ਲੋਕਾਂ ਲਈ ਪਹੁੰਚਯੋਗ ਫਾਰਮੈਟ ਵਿੱਚ ਸੇਕ੍ਰੇਟਰੀ ਔਫ਼ ਸਟੇਟ ਦੀ ਇੰਟਰਨੈਟ ਵੈੱਬਸਾਈਟ 'ਤੇ ਪੋਸਟ ਕੀਤਾ ਜਾਵੇਗਾ।

(C) ਉਪ-ਪੈਰਾਗ੍ਰਾਫ਼ (A) ਦੁਆਰਾ ਲੋੜੀਂਦੀ ਰਿਪੋਰਟ ਸਰਕਾਰੀ ਕੋਡ ਦੇ ਸੈਕਸ਼ਨ 9795 ਦੀ ਅਨੁਪਾਲਣਾ ਵਿੱਚ ਵਿਧਾਨ ਸਭਾ ਨੂੰ ਪੇਸ਼ ਕੀਤੀ ਜਾਵੇਗੀ।

(D) ਜੇਕਰ ਇਸ ਸੈਕਸ਼ਨ ਦੇ ਅਨੁਸਾਰ ਕੋਈ ਚੋਣ ਆਯੋਜਿਤ ਕੀਤੀ ਜਾਂਦੀ ਹੈ, ਤਾਂ ਕਾਉਂਟੀ, ਜਿਸ ਹੱਦ ਤੱਕ ਸੰਭਵ ਹੋ ਸਕੇ, ਸੇਕ੍ਰੇਟਰੀ ਔਫ਼ ਸਟੇਟ ਨੂੰ ਉਪ-ਪੈਰਾਗ੍ਰਾਫ਼ (A) ਦੁਆਰਾ ਲੋੜੀਂਦੀ ਰਿਪੋਰਟ ਤਿਆਰ ਕਰਨ ਲਈ ਲੋੜੀਂਦੀ ਸਾਰੀ ਜਾਣਕਾਰੀ ਪੇਸ਼ ਕਰੇਗੀ।

(E) ਸੇਕ੍ਰੇਟਰੀ ਔਫ਼ ਸਟੇਟ ਉਪ-ਪੈਰਾਗ੍ਰਾਫ਼ (A) ਦੁਆਰਾ ਲੋੜੀਂਦੀ ਰਿਪੋਰਟ ਤਿਆਰ ਕਰਨ ਦੇ ਉਦੇਸ਼ਾਂ ਲਈ ਕਿਸੇ ਵੀ ਯੋਗ ਵਿਅਕਤੀ ਜਾਂ ਸੰਗਠਨ ਨਾਲ ਇਕਰਾਰਨਾਮਾ ਕਰ ਸਕਦੇ ਹਨ।

(2) ਕਾਉਂਟੀ ਚੋਣ ਅਧਿਕਾਰੀ ਉਸ ਅਧਿਕਾਰੀ ਦੀ ਇੰਟਰਨੈੱਟ ਵੈੱਬਸਾਈਟ 'ਤੇ ਇੱਕ ਰਿਪੋਰਟ ਪੋਸਟ ਕਰੇਗਾ ਜੋ ਇਸ ਸੈਕਸ਼ਨ ਦੇ ਅਨੁਸਾਰ ਆਯੋਜਿਤ ਕੀਤੀਆਂ ਗਈਆਂ ਚੋਣਾਂ ਦੀ ਲਾਗਤ ਦੀ ਪਿਛਲੀਆਂ ਚੋਣਾਂ ਦੇ ਖਰਚਿਆਂ ਨਾਲ ਤੁਲਨਾ ਕਰਦਾ ਹੈ। ਰਿਪੋਰਟ ਨੂੰ ਇੱਕ ਅਜਿਹੇ ਫਾਰਮੈਟ ਵਿੱਚ ਪੋਸਟ ਕੀਤਾ ਜਾਵੇਗਾ ਜੋ ਸਰਕਾਰੀ ਕੋਡ ਦੇ ਸੈਕਸ਼ਨ 11135 ਦੇ ਅਨੁਸਾਰ ਅਸਮਰਥਤਾਵਾਂ ਵਾਲੇ ਲੋਕਾਂ ਲਈ ਪਹੁੰਚਯੋਗ ਹੋਵੇ।

**(h)** ਸੇਕ੍ਰੇਟਰੀ ਔਫ਼ ਸਟੇਟ ਸਰਕਾਰੀ ਕੋਡ ਦੇ ਸੈਕਸ਼ਨ 12172.5 ਦੇ ਅਨੁਸਾਰ ਇਸ ਸੈਕਸ਼ਨ ਦੇ ਇੰਤਜ਼ਾਮਾਂ ਨੂੰ ਲਾਗੂ ਕਰੇਗਾ।

**(i)** ਇਸ ਸੈਕਸ਼ਨ ਦੇ ਉਦੇਸ਼ਾਂ ਲਈ, "ਅਪਾਹਜਤਾ" ਦਾ ਉਹੀ ਅਰਥ ਹੈ ਜੋ ਸਰਕਾਰੀ ਕੋਡ ਦੇ ਸੈਕਸ਼ਨ 12926 ਦੇ ਸਬ-ਡਿਵੀਜ਼ਨਾਂ (j), (m), ਅਤੇ (n) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

(ਅੰਕੜੇ 2019, ਅਧਿਆਇ 554, ਸੈਕਸ਼ਨ 1.5 ਦੁਆਰਾ ਸੋਧਿਆ ਗਿਆ। (AB 59) 1 ਜਨਵਰੀ, 2020 ਤੋਂ ਲਾਗੂ ਹੋਵੇਗਾ।)

## ਕੈਲੀਫ਼ੋਰਨੀਆ ਕੋਡ ਦੇ ਨਿਯਮਾਂ ਦਾ ਹਵਾਲਾ

ਟਾਈਟਲ 2. ਪ੍ਰਸ਼ਾਸਨ
ਡਿਵੀਜ਼ਨ 7. ਸੇਕ੍ਰੇਟਰੀ ਔਫ਼ ਸਟੇਟ
ਅਧਿਆਇ 3.6. ਇਲੈਕਟ੍ਰਾਨਿਕ ਪੋਲ ਬੁੱਕ

ਕੈਲੀਫੋਰਨੀਆ ਦੇ ਨਿਯਮਾਂ ਦਾ ਕੋਡ § 20158

2 CCR § 20158. ਸਿਸਟਮ ਦੀਆਂ ਲੋੜਾਂ।

(a) ਇਲੈਕਟ੍ਰਾਨਿਕ ਪੋਲ ਬੁੱਕ ਕਿਸੇ ਵੀ ਵੇਲੇ ਕਿਸੇ ਵੋਟ ਪਾਉਣ ਵਾਲੇ ਸਿਸਟਮ ਨਾਲ ਜੁੜੀ ਨਹੀਂ ਹੋਵੇਗੀ।

(b) ਇਲੈਕਟ੍ਰਾਨਿਕ ਪੋਲ ਬੁੱਕ ਇਹ ਦਰਸਾਵੇਗੀ ਕਿ ਇਹ ਵਿਕਰੇਤਾ ਦੇ ਐਪਲੀਕੇਸ਼ਨ ਪੈਕੇਟ ਵਿੱਚ ਦਰਸਾਈਆਂ ਗਈਆਂ ਸਾਰੀਆਂ ਗਤੀਵਿਧੀਆਂ 'ਤੇ ਸਹੀ ਢੰਗ ਨਾਲ ਕਾਰਵਾਈ ਕਰਦੀ ਹੈ।

(c) ਇਲੈਕਟ੍ਰਾਨਿਕ ਪੋਲ ਬੁੱਕ ਬੈਕਅੱਪ ਪਾਵਰ 'ਤੇ ਘੱਟੋ-ਘੱਟ ਦੋ ਘੰਟਿਆਂ ਦੀ ਮਿਆਦ ਲਈ ਕੰਮ ਕਰਨ ਲਾਇਕ ਹੋਵੇਗੀ, ਜਿਸ ਨਾਲ ਕੋਈ ਵੀ ਡੇਟਾ ਗਾਇਬ ਜਾਂ ਖਰਾਬ ਨਾ ਹੋਵੇ ਅਤੇ ਨਾ ਹੀ ਆਮ ਕੰਮਕਾਜ ਵਿੱਚ ਕੋਈ ਰੁਕਾਵਟ ਪਵੇ। ਜਦੋਂ ਬੈਕਅੱਪ ਪਾਵਰ ਖਤਮ ਹੋ ਜਾਂਦੀ ਹੈ, ਤਾਂ ਇਲੈਕਟ੍ਰਾਨਿਕ ਪੋਲ ਬੁੱਕ ਸਾਰੀ ਮੇਮੋਰੀਜ਼ ਸਮੱਗਰੀ ਨੂੰ ਬਰਕਰਾਰ ਰੱਖੇਗੀ।

(d) ਇਲੈਕਟ੍ਰਾਨਿਕ ਪੋਲ ਬੁੱਕ ਇਨ੍ਹਾਂ ਦੇ ਅਨੁਕੂਲ ਹੋਵੇਗੀ:

(1) ਕੈਲੀਫੋਰਨੀਆ ਰਾਜ ਵਿੱਚ ਵਰਤੇ ਜਾਂਦੇ ਸਾਰੇ ਵੋਟਰ ਰਜਿਸਟ੍ਰੇਸ਼ਨ ਚੋਣ ਪ੍ਰਬੰਧਨ ਸਿਸਟਮ, ਜਿਸ ਵਿੱਚ ਇਸ ਉਪਕਰਨ ਲਈ ਵੋਟਰਾਂ ਦੀ ਸੂਚੀ ਤਿਆਰ ਕਰਨ ਲਈ ਵਰਤਿਆ ਜਾਣ ਵਾਲਾ ਕੋਈ ਵੀ ਸਾਫਟਵੇਅਰ ਸਿਸਟਮ (ਮਿਡਲ ਵੇਅਰ) ਸ਼ਾਮਲ ਹੈ।

(2) ਇਲੈਕਟ੍ਰਾਨਿਕ ਪੋਲ ਬੁੱਕ ਨਾਲ ਜੁੜਿਆ ਕੋਈ ਵੀ ਹਾਰਡਵੇਅਰ (ਜਿਵੇਂ ਕਿ, ਬਾਰ ਕੋਡ ਸਕੈਨਰ, ਦਸਤਖ਼ਤ ਕੈਪਚਰ ਕਰਨ ਵਾਲੇ ਡਿਵਾਈਸ, ਟ੍ਰਾਂਸਪੋਰਟ ਮੀਡੀਆ, ਪ੍ਰਿੰਟਰ, ਵਗੈਰਾ)।

(e) ਇੱਕ ਇਲੈਕਟ੍ਰਾਨਿਕ ਪੋਲ ਬੁੱਕ ਵਿੱਚ ਹੇਠਾਂ ਦਿੱਤੇ ਸਾਰੇ ਵੋਟਰ ਰਜਿਸਟ੍ਰੇਸ਼ਨ ਡੇਟਾ ਸ਼ਾਮਲ ਹੋਣਗੇ:

(1) ਨਾਮ।

(2) ਪਤਾ।

(3) ਜ਼ਿਲ੍ਹਾ/ਪ੍ਰਾਂਤ।

(4) ਪਾਰਟੀ ਪਸੰਦਗੀ।

(5) ਵੋਟਰ ਦੀ ਸਥਿਤੀ।

(6) ਵੋਟਰ ਨੂੰ ਡਾਕ-ਰਾਹੀਂ-ਵੋਟ ਬੈਲਟ ਜਾਰੀ ਕੀਤਾ ਗਿਆ ਹੈ ਜਾਂ ਨਹੀਂ।

(7) ਡਾਕ-ਰਾਹੀਂ-ਵੋਟ ਬੈਲਟ ਚੋਣ ਅਧਿਕਾਰੀ ਦੁਆਰਾ ਸਵੀਕਾਰ ਕੀਤੇ ਗਏ ਦੇ ਤੌਰ ਤੇ ਰਿਕਾਰਡ ਕੀਤਾ ਗਿਆ ਹੈ ਜਾਂ ਨਹੀਂ।

(8) ਵੋਟਰ ਦੀ ਪਛਾਣ ਦੀ ਤਸਦੀਕ ਕਰਨਾ ਲਾਜ਼ਮੀ ਹੈ ਕਿ ਨਹੀਂ।

(f) ਇਲੈਕਟ੍ਰਾਨਿਕ ਪੋਲ ਬੁੱਕ ਘੱਟੋ-ਘੱਟ ਐਡਵਾਂਸਡ ਐਨਕ੍ਰਿਪਸ਼ਨ ਸਟੈਂਡਰਡ (Advanced Encryption Standard, AES) ਦੇ 256-ਬਿੱਟ ਡੇਟਾ ਐਨਕ੍ਰਿਪਸ਼ਨ ਦੀ ਵਰਤੋਂ ਕਰਦੇ ਹੋਏ, ਉਦਯੋਗ ਦੇ ਮਾਨਤਾ ਪ੍ਰਾਪਤ ਮਿਆਰਾਂ ਦੇ ਅਧਾਰ ਤੇ, ਸਾਰੇ ਵੋਟਰ ਰਜਿਸਟ੍ਰੇਸ਼ਨ ਡੇਟਾ ਨੂੰ, ਜੋ ਉੱਥੇ ਮੌਜੂਦ ਹੈ ਅਤੇ ਆਵਾਜਾਈ ਵਿੱਚ ਹੈ, ਐਨਕ੍ਰਿਪਟ ਕਰੇਗੀ।

(g) ਇਲੈਕਟ੍ਰਾਨਿਕ ਪੋਲ ਬੁੱਕ ਵੋਟਰ ਰਜਿਸਟ੍ਰੇਸ਼ਨ ਅਤੇ ਚੋਣ ਜਾਣਕਾਰੀ ਦਾ ਭਰੋਸੇਯੋਗ ਸੰਚਾਰਣ ਪ੍ਰਦਾਨ ਕਰੇਗੀ।

(h) ਇਲੈਕਟ੍ਰਾਨਿਕ ਪੋਲ ਬੁੱਕ ਵਿੱਚ ਬੈਕਅੱਪ ਵਜੋਂ ਸੇਵਾ ਕਰਨ ਲਈ ਰਜਿਸਟਰਡ ਵੋਟਰਾਂ ਦੀ ਇਲੈਕਟ੍ਰਾਨਿਕ ਸੂਚੀ ਦੇ ਸਥਾਨਕ ਸੰਸਕਰਣ ਨੂੰ ਸਟੋਰ ਕਰਨ ਦੀ ਸਮਰੱਥਾ ਹੋਵੇਗੀ।

(i) ਇਲੈਕਟ੍ਰਾਨਿਕ ਪੋਲ ਬੁੱਕ ਆਡਿਟ ਰਿਕਾਰਡਾਂ ਦੀ ਇੱਕ ਸੂਚੀ ਤਿਆਰ ਕਰੇਗੀ ਜੋ ਸਿਸਟਮ ਦੀਆਂ ਸਾਰੀਆਂ ਕਾਰਵਾਈਆਂ ਨੂੰ ਦਰਸਾਉਂਦੀ ਹੈ, ਜਿਸ ਵਿੱਚ ਪ੍ਰਕਿਰਿਆ ਅਧੀਨ ਉਹ ਆਡਿਟ ਰਿਕਾਰਡ ਸ਼ਾਮਲ ਹਨ ਜੋ ਸਾਰੇ ਲੈਣ-ਦੇਣਾਂ ਨੂੰ ਪ੍ਰਦਰਸ਼ਿਤ ਕਰਦੇ ਹਨ। ਅਜਿਹੇ ਆਡਿਟ ਰਿਕਾਰਡ ਗੈਰ-ਮਲਕੀਅਤ, ਮਨੁੱਖੀ ਪੜ੍ਹਨਯੋਗ ਫਾਰਮੈਟ ਵਿੱਚ ਨਿਰਯਾਤ ਕੀਤੇ ਜਾ ਸਕਣਗੇ।

(j) ਇਲੈਕਟ੍ਰਾਨਿਕ ਪੋਲ ਬੁੱਕ ਇਸ ਲਈ ਇੱਕ ਪੋਲ ਕਰਮੀ ਨੂੰ ਸਮਰੱਥ ਬਣਾਏਗੀ ਜੋ ਆਸਾਨੀ ਨਾਲ ਤਸਦੀਕ ਕਰ ਸਕੇ ਕਿ ਇਲੈਕਟ੍ਰਾਨਿਕ ਪੋਲ ਬੁੱਕ:

(1) ਸਹੀ ਤਰੀਕੇ ਨਾਲ ਸੈਟਅੱਪ ਕੀਤਾ ਗਿਆ ਹੈ।

(2) ਸਹੀ ਤਰੀਕੇ ਨਾਲ ਕੰਮ ਕਰ ਰਹੀ ਹੈ ਜਿਸਦਾ ਮਤਲਬ ਹੈ ਕਿ ਵੋਟਰ ਦੀ ਯੋਗਤਾ ਦੀ ਤਸਦੀਕ ਕਰ ਰਹੀ ਹੈ।

(3) ਸਹੀ ਤਰੀਕੇ ਨਾਲ ਰਿਕਾਰਡ ਕਰ ਰਹੀ ਹੈ ਕਿ ਕਿਸੇ ਵੋਟਰ ਨੇ ਵੋਟ ਪਾਈ ਹੈ।

(4) ਸਹੀ ਤਰੀਕੇ ਨਾਲ ਬੰਦ ਹੋ (ਸ਼ੱਟ-ਔਫ਼) ਰਿਹਾ ਹੈ।

(k) ਵੋਟਰ ਨੂੰ ਬੈਲਟ ਦਿੱਤੇ ਜਾਣ ਤੋਂ ਬਾਅਦ, ਇਲੈਕਟ੍ਰਾਨਿਕ ਪੋਲ ਬੁੱਕ ਪੋਲ ਕਰਮੀ ਨੂੰ ਇਹ ਜਾਣਕਾਰੀ ਦਾਖਲ ਕਰਨ ਦਿੰਦੀ ਹੈ ਜੋ ਇਹ ਦਰਸਾਉਂਦੀ ਹੈ ਕਿ ਵੋਟਰ ਨੇ ਚੋਣਾਂ ਵਿੱਚ ਵੋਟ ਪਾ ਦਿੱਤੀ ਹੈ। ਇਲੈਕਟ੍ਰਾਨਿਕ ਪੋਲ ਬੁੱਕ ਵਿੱਚ ਰਜਿਸਟਰਡ ਵੋਟਰਾਂ ਦੀ ਉਸੇ ਸੂਚੀ ਦੀ ਵਰਤੋਂ ਕਰਦੇ ਹੋਏ ਕਾਉਂਟੀ ਵਿੱਚ ਹਰ ਇੱਕ ਇਲੈਕਟ੍ਰਾਨਿਕ ਪੋਲ ਬੁੱਕ ਵਿੱਚ ਇਸ ਜਾਣਕਾਰੀ ਨੂੰ ਸੰਚਾਰਿਤ ਕਰਨ ਦੀ ਸਮਰੱਥਾ ਹੋਵੇਗੀ।

(l) ਇਲੈਕਟ੍ਰਾਨਿਕ ਪੋਲ ਬੁੱਕ ਵੋਟਰ ਦੀ ਗਤੀਵਿਧੀ ਨੂੰ ਕਾਉਂਟੀ ਦੇ ਵੋਟਰ ਰਜਿਸਟ੍ਰੇਸ਼ਨ ਚੋਣ ਪ੍ਰਬੰਧਨ ਸਿਸਟਮ ਵਿੱਚ ਬਿਲਕੁਲ

ਸਟੀਕ ਤਰੀਕੇ ਨਾਲ ਅੱਪਲੋਡ ਕਰਨ ਦੇਵੇਗੀ।

(m)ਇਲੈਕਟ੍ਰਾਨਿਕ ਪੋਲ ਬੁੱਕ ਦੇ ਨੈੱਟਵਰਕ ਨਾਲ ਸੰਪਰਕ ਵਿੱਚ ਰੁਕਾਵਟ ਆਉਣ ਦੇ ਦੌਰਾਨ, ਸਾਰੀਆਂ ਵੋਟਰ ਗਤੀਵਿਧੀਆਂ ਨੂੰ ਕੈਪਚਰ ਕੀਤਾ ਜਾਵੇਗਾ, ਅਤੇ ਇਲੈਕਟ੍ਰਾਨਿਕ ਪੋਲ ਬੁੱਕ ਵਿੱਚ ਕਨੈਕਸ਼ਨ ਦੇ ਮੁੜ ਵਾਪਸ ਠੀਕ ਹੋਣ 'ਤੇ ਉਸ ਵੋਟਰ ਗਤੀਵਿਧੀ ਨੂੰ ਸੰਚਾਰਿਤ ਕਰਨ ਦੀ ਸਮਰੱਥਾ ਹੋਵੇਗੀ।

(n) ਜੇ ਇਲੈਕਟ੍ਰਾਨਿਕ ਪੋਲ ਬੁੱਕ ਇਲੈਕਟ੍ਰਾਨਿਕ ਦਸਤਖ਼ਤ ਕੈਪਚਰ ਕਰਨ ਵਾਲੇ ਉਪਕਰਣ ਦੀ ਵਰਤੋਂ ਕਰਦੀ ਹੈ, ਤਾਂ ਡਿਵਾਈਸ:

(1) ਇਲੈਕਟ੍ਰਾਨਿਕ ਦਸਤਖ਼ਤ ਦਾ ਸਪਸ਼ਟ ਚਿੱਤਰ ਨਿਰਮਿਤ ਕਰੇਗਾ, ਜੋ ਤਸਦੀਕ ਕਰਨ ਦੇ ਯੋਗ ਹੋਵੇ।

(2) ਵੋਟਰ ਦੇ ਦਸਤਖ਼ਤ ਨੂੰ ਬਰਕਰਾਰ ਰੱਖੇਗਾ ਅਤੇ ਪਛਾਣ ਕਰੇਗਾ।

(o) ਇਲੈਕਟ੍ਰਾਨਿਕ ਪੋਲ ਬੁੱਕ ਵਿੱਚ, ਜਿੱਥੇ ਲਾਗੂ ਹੁੰਦਾ ਹੋਵੇ, ਕਾਉਂਟੀ ਦੇ ਵੋਟਰ ਰਜਿਸਟ੍ਰੇਸ਼ਨ ਚੋਣ ਪ੍ਰਬੰਧਨ ਸਿਸਟਮ ਵਿੱਚ ਵੋਟਰ ਜਾਂ ਪੋਲ ਕਰਮੀ ਦੁਆਰਾ ਤਿਆਰ ਕੀਤੀ ਸਾਰੀ ਜਾਣਕਾਰੀ ਨੂੰ ਇੱਕ ਬੈਲਟ ਪ੍ਰਾਪਤ ਕਰਨ ਦੀ ਪ੍ਰਕਿਰਿਆ ਦੇ ਤੌਰ ਤੇ ਸੰਚਾਰਿਤ ਕਰਨ ਦੀ ਸਮਰੱਥਾ ਹੋਵੇਗੀ, ਜਦੋਂ ਕਿ ਵੋਟਰ ਨੇ ਵੋਟ ਪਾਈ, ਅਤੇ ਵੋਟਰ ਦੇ ਇਲੈਕਟ੍ਰਾਨਿਕ ਦਸਤਖ਼ਤ ਕਰਨ ਦਾ ਸਮਾਂ ਅਤੇ ਤਾਰੀਖ਼ ਦੀ ਮੁਹਰ ਸ਼ਾਮਲ ਕੀਤੀ ਜਾਂਦੀ ਹੈ।

(p) ਸੇਕ੍ਰੇਟਰੀ ਔਫ਼ ਸਟੇਟ ਸਿਫ਼ਾਰਿਸ਼ ਕਰਦੇ ਹਨ ਕਿ ਇਲੈਕਟ੍ਰਾਨਿਕ ਪੋਲ ਬੁੱਕ ਵਿੱਚ ਇਲੈਕਟ੍ਰੀਕਲ ਅਤੇ ਇਲੈਕਟ੍ਰਾਨਿਕਸ ਇੰਜੀਨੀਅਰਜ਼ ਦੇ ਇੰਸਟੀਟਿਯੂਟ (Institute of Electrical and Electronics Engineers, IEEE) 802.11 ਵਾਇਰਲੈਸ ਸਥਾਨਕ ਏਰੀਆ ਨੈੱਟਵਰਕ (local area network, LAN) ਮਾਪਦੰਡਾਂ ਵਿੱਚ ਬਿਆਨ ਕੀਤੀ ਕਿਸੇ ਵੀ ਤਕਨਾਲੋਜੀ ਨੂੰ ਸਮਰੱਥ ਜਾਂ ਸਥਾਪਤ ਨਹੀਂ ਕੀਤਾ ਜਾਣਾ ਚਾਹੀਦਾ। ਹਾਲਾਂਕਿ, ਜੇ ਕਿਸੇ ਇਲੈਕਟ੍ਰਾਨਿਕ ਪੋਲ ਬੁੱਕ ਨੂੰ ਵਾਇਰਲੈੱਸ ਟੈਕਨਾਲੋਜੀ ਨਾਲ ਸਮਰੱਥ ਜਾਂ ਸਥਾਪਤ ਕੀਤਾ ਗਿਆ ਹੈ, ਤਾਂ ਹੇਠ ਲਿਖੀਆਂ ਚੀਜ਼ਾਂ ਦੀ ਵਰਤੋਂ ਕੀਤੀ ਜਾਵੇਗੀ:

(1) ਘੱਟੋ-ਘੱਟ 256-ਬਿੱਟ ਡੇਟਾ ਐਨਕ੍ਰਿਪਸ਼ਨ।

(2) ਘੱਟੋ-ਘੱਟ ਵਾਇਰਲੈੱਸ ਸੁਰੱਖਿਅਤ ਐਕਸੈਸ (Wireless Protected Access, WPA) 2 ਵਾਲੀ ਸੁਰੱਖਿਆ ਚਾਲੂ ਕੀਤੀ ਗਈ ਹੈ।

(3) ਭੁਗਤਾਨ ਕਾਰਡ ਲਈ ਉਦਯੋਗ ਦੇ ਡੇਟਾ ਸੁਰੱਖਿਆ ਮਿਆਰਾਂ (Payment Card Industry Data Security Standards, PCI DSS) ਸੰਸਕਰਣ 3.2 ਨਾਲ ਅਨੁਪਾਲਣਾ, ਜੋ ਕਿ ਇੱਥੇ ਹਵਾਲੇ ਦੁਆਰਾ ਸ਼ਾਮਲ ਕੀਤੀ ਗਈ ਹੈ।

(4) ਇੱਕ ਸਮਰਪਿਤ ਵਾਇਰਲੈੱਸ ਐਕਸੈਸ ਪੁਆਇੰਟ (wireless access point, WAP) ਜਾਂ ਕਨੈਕਸ਼ਨ ਜੋ ਸਿਰਫ਼ ਕਾਉਂਟੀ ਦੇ ਕਰਮਚਾਰੀਆਂ ਜਾਂ ਚੋਣ ਅਧਿਕਾਰੀਆਂ ਦੁਆਰਾ ਵਰਤਿਆ ਜਾਂਦਾ ਹੈ, ਜਿਸ ਤੇ ਜਨਤਾ ਜਾਂ ਮਹੋਮਾਨ ਨਹੀਂ ਪਹੁੰਚ ਸਕਦਾ।

(5) ਡਿਵਾਈਸ ਜੋ ਹੇਠਾਂ ਦਿੱਤਿਆਂ 'ਚੋਂ ਕਿਸੇ ਇੱਕ ਜਾਂ ਵਧੇਰੇ ਨਾਲ ਲੈਸ ਹਨ:

i. ਬਾਇਓਮੈਟ੍ਰਿਕ ਪ੍ਰਮਾਣਿਕਤਾ।

ii. ਮਲਟੀ-ਫੈਕਟਰ ਪ੍ਰਮਾਣਿਕਤਾ।

iii. ਮੌਜੂਦਾ PCI DSS ਸੰਸਕਰਣ 3.2 ਦੇ ਪਾਸਵਰਡ ਲੋੜਾਂ ਦੀ ਅਨੁਪਾਲਣਾ, ਜੋ ਕਿ ਇੱਥੇ ਹਵਾਲੇ ਦੁਆਰਾ ਸ਼ਾਮਲ ਕੀਤੀ ਗਈ ਹੈ।

iv. ਅੱਠ ਵਾਰ ਅਸਫਲ ਲੌਗਇਨ ਦੀਆਂ ਕੋਸ਼ਿਸ਼ਾਂ ਕੀਤੇ ਜਾਣ 'ਤੇ ਡਿਵਾਈਸ ਨੂੰ ਆਪਣੇ ਆਪ ਕਲੀਅਰ ਕਰਨ ਵਾਲੀ ਰਿਮੋਟ ਵਾਈਪ ਤਕਨਾਲੋਜੀ ਸਥਾਪਤ ਕੀਤੀ ਗਈ ਹੈ।

(q) ਇਲੈਕਟ੍ਰਾਨਿਕ ਪੋਲ ਬੁੱਕ ਤੋਂ ਇੱਕ ਕੇਂਦ੍ਰੀਕ੍ਰਿਤ ਥਾਂ 'ਤੇ ਵੋਟਰ ਰਜਿਸਟ੍ਰੇਸ਼ਨ ਡੇਟਾ ਦਾ ਸੰਚਾਰ ਕਰਨ ਲਈ ਕਿਸੇ ਵਾਈਡ ਏਰੀਆ ਨੈੱਟਵਰਕ (WAN) ਦੀ ਵਰਤੋਂ ਕਰਨ ਲਈ ਇੱਕ ਅਧਿਕਾਰ ਖੇਤਰ, ਹੇਠਾਂ ਦਿੱਤੀਆਂ 'ਚੋਂ ਕਿਸੇ ਇੱਕ ਦੀ ਵਰਤੋਂ ਕਰੇਗਾ:

(1) ਇੱਕ ਸਮਰਪਿਤ ਲੀਜ਼ ਤੇ ਲਈ ਗਈ ਲਾਈਨ।

(2) ਇੱਕ ਹਾਰਡਵੇਅਰ ਵਰਚੁਅਲ ਪ੍ਰਾਈਵੇਟ ਨੈੱਟਵਰਕ (virtual private network, VPN).

(3) ਇੱਕ ਸਮਰਪਿਤ ਸੈਲੂਲਰ ਕਨੈਕਸ਼ਨ ਜਿਸ ਤੇ ਜਨਤਾ ਜਾਂ ਮਹਿਮਾਨ ਨਹੀਂ ਪਹੁੰਚ ਸਕਦਾ।

(r) ਇਲੈਕਟ੍ਰਾਨਿਕ ਪੋਲ ਬੁੱਕ ਦੀ ਪਹੁੰਚਯੋਗਤਾ ਲਈ ਜਾਂਚ ਕੀਤੀ ਜਾਏਗੀ।

ਧਿਆਨ ਦਿਓ: ਅਥਾਰਟੀ ਦਾ ਹਵਾਲਾ ਦਿੱਤਾ ਗਿਆ: ਸੈਕਸ਼ਨ 12172.5, ਸਰਕਾਰੀ ਕੋਡ; ਅਤੇ ਸੈਕਸ਼ਨ 2550, ਚੋਣ ਕੋਡ। ਹਵਾਲਾ: ਸੈਕਸ਼ਨ 2550, ਚੋਣ ਕੋਡ।

ਇਤਿਹਾਸ

1. ਨਵੇਂ ਸੈਕਸ਼ਨ ਨੂੰ 5-16-2018 ਨੂੰ ਦਾਇਰ ਕੀਤਾ; ਸਰਕਾਰੀ ਕੋਡ ਸੈਕਸ਼ਨ 11343.4(b)(3) (ਰਜਿਸਟਰ 2018, ਨੰ. 20) ਦੇ ਅਨੁਸਾਰ 5-16-2018 ਨੂੰ ਆਪਰੇਟਿਵ।

ਇਹ ਡੇਟਾਬੇਸ 6/16/23 ਤੱਕ ਰਜਿਸਟਰ 2023, ਨੰ. 24 ਵਿੱਚ ਨਵੀਨਤਮ ਹੈ।

ਕੈਲੀਫੋਰਨੀਆ ਪ੍ਰਸ਼ਾਸਨਿਕ ਕੋਡ ਦਾ ਸਿਰਲੇਖ 2, § 20158,